Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.
Chief Editor: Gurjatinder Singh Randhawa
Punjab Mail USA

REALTYONEGROUP
FOR SALE & PURCHASE OF ANY KIND OF PROPERTY



ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
Gurjatinder S. Randhawa
REALTOR CA DRE licence # 01490567
916-320-9444

Vol. 18, Issue- 795, 28 Mar. to 03 Apr., 2024, Ph: 916-320-9444, E-mail: punjabmailusa@yahoo.com, Web: punjabmailusa.com

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਦੂਸਰਾ ਨਗਰ ਕੀਰਤਨ ਕਾਮਯਾਬੀ ਨਾਲ ਸੰਪੰਨ



## ■ ਸੰਗਤਾਂ ਭਾਰੀ ਗਿਣਤੀ ਵਿਚ ਨਗਰ ਕੀਰਤਨ ਵਿਚ ਹੋਈਆਂ ਸ਼ਾਮਲ



**ਸੈਕਰਾਮੈਂਟੋ, (ਪੰਜਾਬ ਮੇਲ)-** ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਦੂਸਰਾ ਸਾਲਾਨਾ ਹੋਲਾ ਮਹੱਲਾ ਨਗਰ ਕੀਰਤਨ ਕਾਮਯਾਬੀ ਨਾਲ ਸੰਪੰਨ ਹੋਇਆ। ਤਿੰਨ ਦਿਨ ਚੱਲੇ ਇਨ੍ਹਾਂ ਸਮਾਗਮਾਂ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਤਿੰਨੇ ਦਿਨ ਦੇਸ਼ਾਂ-ਵਿਦੇਸ਼ਾਂ ਤੋਂ ਆਏ ਕੀਰਤਨੀ ਜੱਥਿਆਂ ਨੇ ਗੁਰਬਾਣੀ ਜੱਸ ਗਾਇਨ ਕਰਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਕਥਾਵਾਚਕ ਅਤੇ ਢਾਡੀ ਜੱਥਿਆਂ ਨੇ ਸਿੱਖ ਇਤਿਹਾਸ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆ। ਇਨ੍ਹਾਂ ਜੱਥਿਆਂ ਵਿਚ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਪਿੰਦਰਪਾਲ ਸਿੰਘ ਜੀ ਕਥਾਵਾਚਕ, ਭਾਈ ਹਰਜੀਤ ਪਾਲ ਸਿੰਘ ਜੀ, ਭਾਈ ਗੁਰਵਿੰਦਰ ਸਿੰਘ ਜੀ ਕਥਾਵਾਚਕ, ਭਾਈ ਮਾਹਲ ਸਿੰਘ ਜੀ ਚੰਡੀਗੜ੍ਹ ਵਾਲੇ, ਭਾਈ ਹਰਪ੍ਰੀਤ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ ਅਤੇ ਭਾਈ ਸੁਖਵਿੰਦਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ ਸ਼ਾਮਲ ਸਨ।

ਪਹਿਲੇ ਦਿਨ ਸ਼ਾਮ ਨੂੰ ਆਤਿਸ਼ਬਾਜ਼ੀ ਕੀਤੀ ਗਈ, ਜਿਸ ਕਰਕੇ ਇਕ ਅਲੌਕਿਕ ਨਜ਼ਾਰਾ ਦੇਖਣ ਨੂੰ ਮਿਲਿਆ। ਦੂਸਰੇ ਦਿਨ ਸਵੇਰੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਕਰਕੇ ਨਵੇਂ ਜਾਮੇ ਪਹਿਨਾਏ ਗਏ। ਇਸ ਦੌਰਾਨ ਅੰਮ੍ਰਿਤ ਸੰਚਾਰ ਹੋਇਆ।

ਤੀਜੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਬਹੁਤ ਸਾਰੇ ਚੁਣੇ ਹੋਏ ਅਮਰੀਕੀ ਆਗੂ ਪਹੁੰਚੇ ਹੋਏ ਸਨ, ਜਿਨ੍ਹਾਂ ਵਿਚ ਕਾਊਂਟੀ ਸੁਪਰਵਾਈਜ਼ਰ ਪੈਟਰਿਕ ਡੈਨਿਸ ਕੈਂਡੀ, ਕਾਊਂਟੀ ਸੁਪਰਵਾਈਜ਼ਰ ਪੈਟ ਹਿਊਮ, ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਐਲਨ, ਕੌਂਸਲਰ ਰਾਡ ਬਰਿਊਅਰ, ਕੌਂਸਲਰ ਡੈਰੇਨ ਸਿਊਨ, ਫੋਲਸਮ ਸਿਟੀ ਦੇ ਕੌਂਸਲਰ ਵਾਈ.ਕੇ. ਚੈਲਮ, ਸੈਕਰਾਮੈਂਟੋ ਦੀ ਵਾਈਸ ਮੇਅਰ ਕੈਟੀ ਮੈਪਲ ਸ਼ਾਮਲ ਸਨ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਆਗੂਆਂ ਦਾ ਪਲੇਕ ਦੇ ਕੇ ਸਨਮਾਨ ਕੀਤਾ ਗਿਆ।

ਇਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਨਗਰ ਕੀਰਤਨ ਨੇ ਚਾਲੇ ਪਾਏ। ਸਿੱਖ ਮੋਟਰਸਾਈਕਲ ਰਾਈਡਰ ਅਤੇ ਘੋੜਸਵਾਰ ਨਗਰ ਕੀਰਤਨ ਦੀ ਸ਼ੋਭਾ ਨੂੰ ਵਧਾ ਰਹੇ ਸਨ। ਬਹੁਤ ਸਾਰੇ ਫਲੋਟ ਇਸ ਨਗਰ ਕੀਰਤਨ ਵਿਚ ਸ਼ਾਮਲ ਸਨ। ਗਤਕਾ ਦਲ ਨੇ ਆਪਣੇ ਵਿਸ਼ੇਸ਼ ਜੌਹਰ ਦਿਖਾਏ।

ਇਸ ਵਾਰ ਸੰਗਤਾਂ ਭਾਰੀ ਗਿਣਤੀ ਵਿਚ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ। ਲਗਭਗ 6 ਮੀਲ ਦੀ ਪਰਿਕਰਮਾ ਕਰਕੇ ਨਗਰ ਕੀਰਤਨ ਸ਼ਾਮ ਨੂੰ ਗੁਰਦੁਆਰਾ ਸਾਹਿਬ ਪਰਤਿਆ। ਇਸ ਮੌਕੇ ਅਰਦਾਸ ਕੀਤੀ ਗਈ। ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਵੱਖ-ਵੱਖ ਜਥੇਬੰਦੀਆਂ ਵੱਲੋਂ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਇਸ ਤੋਂ ਇਲਾਵਾ ਬਾਜ਼ਾਰ ਸਜਾਏ ਗਏ ਸਨ, ਜਿੱਥੋਂ ਲੋਕਾਂ ਨੇ ਕੱਪੜੇ, ਧਾਰਮਿਕ ਸਾਮਾਨ, ਖਿਡੌਣੇ, ਦੇਸੀ ਜੁੱਤੀਆਂ ਦੀ ਖਰੀਦੋ-ਫਰੋਖਤ ਕੀਤੀ। ਇਸ ਵਾਰ ਸੁਰੱਖਿਆ ਦੇ ਖਾਸ ਪ੍ਰਬੰਧ ਕੀਤੇ ਗਏ ਸਨ, ਜਿਸ ਕਰਕੇ ਕੋਈ ਅਣਸੁਖਾਂਵੀ ਘਟਨਾ ਨਹੀਂ ਹੋਈ ਅਤੇ ਸਮੁੱਚਾ ਨਗਰ ਕੀਰਤਨ ਸ਼ਾਂਤੀਪੂਰਵਕ ਅਤੇ ਸੁਚੱਜੇ ਢੰਗ ਨਾਲ ਸੰਪੂਰਨ ਹੋਇਆ।

■ ਬਾਕੀ ਫੋਟੋਆਂ ਸਫਾ 2 'ਤੇ ਦੇਖੋ

# ਅਟਾਰਨੀ ਜਸਪ੍ਰੀਤ ਸਿੰਘ ਨੇ ਕਾਂਗਰਸਮੈਨ ਰੋਅ ਖੰਨਾ ਨਾਲ ਇੰਮੀਗ੍ਰੇਸ਼ਨ ਸੰਬੰਧੀ ਮਸਲੇ ਸਾਂਝੇ ਕੀਤੇ



**ਸੈਕਰਾਮੈਂਟੋ, (ਪੰਜਾਬ ਮੇਲ)-** ਡੈਮੋਕ੍ਰੇਟ ਪਾਰਟੀ ਨਾਲ ਸੰਬੰਧਤ ਡਿਸਟ੍ਰਿਕ-17 ਤੋਂ ਕਾਂਗਰਸਮੈਨ ਰੋਅ ਖੰਨਾ ਉੱਘੇ ਅਟਾਰਨੀ ਜਸਪ੍ਰੀਤ ਸਿੰਘ ਦੇ ਦਫਤਰ ਪਹੁੰਚੇ, ਜਿੱਥੇ ਇਨ੍ਹਾਂ ਆਗੂਆਂ ਨੇ ਵਿਚਾਰ-ਵਟਾਂਦਰੇ ਕੀਤੇ। ਅਟਾਰਨੀ ਜਸਪ੍ਰੀਤ ਸਿੰਘ ਨੇ ਰੋਅ ਖੰਨਾ ਨੂੰ ਇੰਮੀਗ੍ਰੇਸ਼ਨ ਨਾਲ ਸੰਬੰਧਤ ਬਹੁਤ ਸਾਰੀਆਂ ਮੁਸ਼ਕਿਲਾਂ ਬਾਰੇ ਜਾਣੂ ਕਰਵਾਇਆ।

ਉਨ੍ਹਾਂ ਕਿਹਾ ਕਿ ਇਸ ਵਕਤ ਬੈਕਲਾਗ ਕਾਫੀ ਵੱਧ ਗਿਆ ਹੈ, ਜਿਸ ਨੂੰ ਘਟਾਉਣ ਦੀ ਲੋੜ ਹੈ। ਭਾਵੇਂ ਕਿ ਹਰ ਕੈਟਾਗਰੀ ਵਿਚ ਬੈਕਲਾਗ ਚੱਲ ਰਿਹਾ ਹੈ, ਪਰ ਐੱਫ-4 ਕੈਟਾਗਰੀ ਸਭ ਤੋਂ ਪਿੱਛੇ ਚੱਲ ਰਹੀ ਹੈ, ਜਿਸ ਨੂੰ ਤੇਜ਼ ਕਰਨ ਦੀ ਜ਼ਰੂਰਤ ਹੈ। ਅਟਾਰਨੀ ਜਸਪ੍ਰੀਤ ਸਿੰਘ ਨੇ ਐੱਚ-1ਬੀ ਵੀਜ਼ਾ ਸਮੇਤ ਹੋਰ ਵੀ ਬਹੁਤ ਸਾਰੀਆਂ ਮੁਸ਼ਕਿਲਾਂ ਦੇ ਮੁੱਦੇ ਚੁੱਕੇ, ਜਿਸ ਨੂੰ ਰੋਅ ਖੰਨਾ ਨੇ ਬਹੁਤ ਧਿਆਨ ਨਾਲ ਸੁਣਿਆ। ਉਨ੍ਹਾਂ ਕਿਹਾ ਕਿ ਕੋਵਿਡ ਕਰਕੇ ਬੈਕਲਾਗ ਕਾਫੀ ਵੱਧ ਗਿਆ ਸੀ, ਜਿਸ ਤੋਂ ਹੁਣ ਕੁੱਝ ਰਾਹਤ ਮਿਲੀ ਹੈ ਅਤੇ ਇਹ ਸਮੱਸਿਆ ਜਲਦ ਸੁਧਰ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਜਤਿੰਦਰ ਸਿੰਘ ਰੰਧਾਵਾ, ਨਿੱਕ ਵੜੈਚ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਲੋਕ ਸਭਾ ਚੋਣਾਂ: ਸੀਟਾਂ ਦੀ ਵੰਡ ਬਣੀ ਅਕਾਲੀ-ਭਾਜਪਾ ਗਠਜੋੜ 'ਚ ਅੜਿੱਕਾ!

## ■ ਅਕਾਲੀ ਦਲ ਵੱਲੋਂ ਪੰਥਕ ਮੁੱਦਿਆਂ 'ਤੇ ਭਾਜਪਾ ਅੱਗੇ ਸ਼ਰਤਾਂ ਰੱਖਣ ਨੂੰ ਭਾਜਪਾ ਲੀਡਰਸ਼ਿਪ ਨੇ ਪਸੰਦ ਨਹੀਂ ਕੀਤਾ

**ਜਲੰਧਰ, (ਪੰਜਾਬ ਮੇਲ)-** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਜਨਤਕ ਤੌਰ 'ਤੇ ਪੰਜਾਬ 'ਚ ਇਕੱਲਿਆਂ ਚੋਣਾਂ ਲੜਨ ਦੇ ਐਲਾਨ ਨਾਲ ਸਿਆਸਤ ਭਖ ਗਈ ਹੈ ਅਤੇ ਅਜਿਹਾ ਪਹਿਲਾਂ ਹੀ ਕਿਹਾ ਜਾ ਰਿਹਾ ਸੀ ਕਿ ਅਕਾਲੀ ਦਲ ਵੱਲੋਂ ਪੰਥਕ ਮੁੱਦਿਆਂ 'ਤੇ ਭਾਜਪਾ ਦੇ ਅੱਗੇ ਸ਼ਰਤਾਂ ਰੱਖਣ ਨੂੰ ਭਾਜਪਾ ਲੀਡਰਸ਼ਿਪ ਨੇ ਪਸੰਦ ਨਹੀਂ ਕੀਤਾ ਸੀ। ਭਾਜਪਾ ਦੇ ਕੇਂਦਰੀ ਆਗੂਆਂ ਦਾ ਮੰਨਣਾ ਹੈ ਕਿ ਅਕਾਲੀ ਦਲ ਦੀਆਂ ਕੁਝ ਗੱਲਾਂ ਨੂੰ ਭਾਜਪਾ ਨੇ ਪਸੰਦ ਨਹੀਂ ਕੀਤਾ ਸੀ। ਇਨ੍ਹਾਂ 'ਚ ਜਿੱਥੇ ਅਕਾਲੀ ਦਲ ਵੱਲੋਂ ਭਾਜਪਾ ਉਪਰ ਪੰਥਕ ਮੁੱਦਿਆਂ ਨੂੰ ਲੈ ਕੇ ਦਬਾਅ ਬਣਾਉਣ ਦੀ ਗੱਲ ਸੀ ਜਾਂ ਫਿਰ ਸੀਟਾਂ ਦੇ ਤਾਲਮੇਲ ਨੂੰ ਲੈ ਕੇ ਅੜਿੱਕਾ ਪੈਦਾ ਹੋ ਰਿਹਾ ਸੀ।

ਅਕਾਲੀ ਦਲ ਪੰਜਾਬ 'ਚ ਅਜੇ ਵੀ ਆਪਣੇ-ਆਪ ਨੂੰ ਵੱਡੇ ਭਰਾ ਦੀ ਭੂਮਿਕਾ 'ਚ ਪੇਸ਼ ਕਰਨਾ ਚਾਹੁੰਦਾ ਸੀ ਅਤੇ ਖੁਦ ਵੱਧ ਸੀਟਾਂ ਲੜਨ ਦੇ ਪੱਖ 'ਚ ਸੀ। ਉਹ ਭਾਜਪਾ ਨੂੰ 4 ਜਾਂ 5 ਤੋਂ ਵੱਧ ਸੀਟਾਂ ਦੇਣ ਲਈ ਤਿਆਰ ਨਹੀਂ ਸੀ। ਇਸ ਦੇ ਉਲਟ ਭਾਜਪਾ ਪਹਿਲਾਂ ਪੰਜਾਬ ਤੇ ਚੰਡੀਗੜ੍ਹ ਦੀਆਂ 14 ਸੀਟਾਂ 'ਚੋਂ 7-7 ਸੀਟਾਂ 'ਤੇ ਚੋਣ ਲੜਨ ਦੇ ਪੱਖ 'ਚ ਸੀ, ਜਦਕਿ ਅਕਾਲੀ ਦਲ ਇਸ ਲਈ ਬਿਲਕੁਲ ਤਿਆਰ ਨਹੀਂ ਸੀ।

ਇਸ ਤੋਂ ਬਾਅਦ ਭਾਜਪਾ ਨੇ ਆਪਣਾ ਰੁਖ਼ ਥੋੜ੍ਹਾ ਜਿਹਾ ਨਰਮ ਕਰਦੇ ਹੋਏ ਅਕਾਲੀ ਦਲ ਨੂੰ ਸੰਦੇਸ਼ ਭਿਜਵਾਇਆ ਸੀ ਕਿ ਅਕਾਲੀ ਦਲ ਸੂਬੇ ਦੀਆਂ 13 ਸੀਟਾਂ 'ਚੋਂ 7 'ਤੇ ਚੋਣ ਲੜ ਲਵੇ ਅਤੇ ਭਾਜਪਾ ਲਈ 6 ਸੀਟਾਂ ਛੱਡ ਦਿੱਤੀਆਂ ਜਾਣ।

ਇਨ੍ਹਾਂ 'ਚ ਭਾਜਪਾ ਨੇ ਆਪਣੀਆਂ ਰਵਾਇਤੀ 3 ਸੀਟਾਂ ਅੰਮ੍ਰਿਤਸਰ, ਗੁਰਦਾਸਪੁਰ ਤੇ ਹੁਸ਼ਿਆਰਪੁਰ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ, ਪਟਿਆਲਾ ਅਤੇ ਲੁਧਿਆਣਾ ਮੰਗੀਆਂ ਸੀ। ਅਕਾਲੀ ਦਲ ਇਸ ਲਈ ਤਿਆਰ ਵੀ ਨਹੀਂ ਹੋਇਆ। ਜਦੋਂ ਅਕਾਲੀ ਦਲ ਕਿਸੇ ਵੀ ਗੱਲ 'ਤੇ ਤਿਆਰ ਨਹੀਂ ਹੋ ਰਿਹਾ ਸੀ ਤਾਂ ਅਖੀਰ ਭਾਜਪਾ ਨੇ ਖੁਦ ਆਪਣੇ ਦਮ 'ਤੇ ਚੋਣ ਲੜਨ ਦਾ ਫੈਸਲਾ ਕੀਤਾ। ਭਾਜਪਾ ਆਗੂਆਂ ਦਾ ਇਹ ਵੀ

■ ਬਾਕੀ ਖਬਰ ਸਫਾ 16 'ਤੇ

# ਲੋਕ ਸਭਾ ਚੋਣਾਂ ਤੋਂ ਪਹਿਲਾਂ ਦਲ ਬਦਲੀ ਦਾ ਜ਼ੋਰ!



**ਲੁਧਿਆਣਾ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਤੋਂ ਪਹਿਲਾਂ ਮੌਜੂਦਾ ਅਤੇ ਸਾਬਕਾ ਐੱਮ.ਪੀ., ਮੰਤਰੀਆਂ, ਵਿਧਾਇਕਾਂ ਜਾਂ ਹੋਰ ਵੱਡੇ ਨੇਤਾਵਾਂ ਵੱਲੋਂ ਪਾਰਟੀਆਂ ਬਦਲਣ ਦੀ ਮੁਹਿੰਮ ਪੂਰੇ ਜ਼ੋਰਾਂ 'ਤੇ ਹੈ। ਇਸ ਲਿਸਟ 'ਚ ਲਗਾਤਾਰ 3 ਵਾਰ ਕਾਂਗਰਸ ਦੇ ਐੱਮ.ਵੀ ਰਹੇ ਰਵਨੀਤ ਬਿੱਟੂ ਦਾ ਨਾਂ ਵੀ ਸ਼ਾਮਲ ਹੋ ਗਿਆ ਹੈ।

ਇਸ ਤੋਂ ਪਹਿਲਾਂ 14 ਮਾਰਚ ਨੂੰ ਪੰਜਾਬ ਦੀ ਇਕ ਹੋਰ ਕਾਂਗਰਸ ਐੱਮ.ਪੀ. ਪਰਨੀਤ ਕੌਰ ਨੇ ਵੀ ਭਾਜਪਾ ਦੀ ਮੈਂਬਰੀ ਲੈ ਲਈ ਸੀ। ਹਾਲਾਂਕਿ ਕੈਪਟਨ ਅਮਰਿੰਦਰ ਸਿੰਘ ਦੇ ਕਾਂਗਰਸ ਛੱਡਣ ਤੋਂ ਬਾਅਦ ਇਹ ਇੰਤਜ਼ਾਰ ਕੀਤਾ ਜਾ

■ ਬਾਕੀ ਖਬਰ ਸਫਾ 16 'ਤੇ

# ਬਾਲਟੀਮੋਰ 'ਚ ਭਿਆਨਕ ਹਾਦਸਾ, ਕਾਰਗੋ ਜਹਾਜ਼ ਦੇ ਟਕਰਾਉਣ ਕਾਰਨ ਨਦੀ 'ਚ ਡਿੱਗਿਆ ਪੁਲ

## ■ 12 ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ



**ਬਾਲਟੀਮੋਰ, (ਪੰਜਾਬ ਮੇਲ)-** ਅਮਰੀਕਾ ਦੇ ਬਾਹਰੀ ਬਾਲਟੀਮੋਰ ਹਾਰਬਰ ਖੇਤਰ 'ਚ ਇੱਕ ਭਿਆਨਕ ਹਾਦਸਾ ਵਾਪਰਿਆ। ਦਰਅਸਲ ਇੱਥੇ ਇਕ ਕਾਰਗੋ ਜਹਾਜ਼ ਬਾਲਟੀਮੋਰ ਬੰਦਰਗਾਹ ਨੂੰ ਪਾਰ ਕਰਦੇ ਪੁਲ ਨਾਲ ਟਕਰਾ ਗਿਆ। ਇਸ ਹਾਦਸੇ ਤੋਂ ਬਾਅਦ ਪੁਲ ਢਹਿ ਗਿਆ ਅਤੇ ਇਸ ਘਟਨਾ 'ਚ 12 ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਬਾਲਟੀਮੋਰ ਫਾਇਰ ਵਿਭਾਗ ਨੇ ਵੀ ਪੁਲ ਦੇ ਡਿੱਗਣ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਬਾਅਦ ਮੈਰੀਲੈਂਡ ਟਰਾਂਸਪੋਰਟੇਸ਼ਨ ਅਥਾਰਟੀ ਨੇ ਪੁਲ 'ਤੇ ਆਵਾਜਾਈ ਬੰਦ ਕਰ ਦਿੱਤੀ ਹੈ।

ਇਹ ਵੀ ਦੱਸਿਆ ਜਾ ਰਿਹਾ ਹੈ

■ ਬਾਕੀ ਖਬਰ ਸਫਾ 16 'ਤੇ

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਦੂਸਰਾ ਨਗਰ ਕੀਰਤਨ ਕਾਮਯਾਬੀ ਨਾਲ ਸੰਪੰਨ












# ਸਾਬਕਾ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਵਧ ਸਕਦੀਆਂ ਨੇ ਮੁਸ਼ਕਿਲਾਂ

ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- 'ਹਸ਼' ਮਨੀ ਵਿਚ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸਟੋਰਮੀ ਡੇਨੀਅਲਸ ਨੂੰ ਚੁੱਪ ਕਰਾਉਣ ਲਈ ਪੈਸੇ ਦੇਣ ਦੇ ਮਾਮਲੇ ਵਿਚ ਮੁਸ਼ਕਲਾਂ ਟਰੰਪ ਵਧ ਸਕਦੀਆਂ ਹਨ। ਮੀਡੀਆ ਰਿਪੋਰਟਾਂ ਮੁਤਾਬਕ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਰਿਪਬਲਿਕਨ ਉਮੀਦਵਾਰ ਟਰੰਪ ਦੇ ਖਿਲਾਫ ਮਾਮਲੇ 'ਚ ਸੁਣਵਾਈ ਦੀ ਤਰੀਕ ਤੈਅ ਕੀਤੀ ਗਈ ਹੈ। ਨਿਊਯਾਰਕ ਦੇ ਜੱਜ ਨੇ ਇਸ ਕੇਸ ਦੀ ਸੁਣਵਾਈ 15 ਅਪ੍ਰੈਲ ਨੂੰ ਤੈਅ ਕਰ ਦਿੱਤੀ ਹੈ। ਟਰੰਪ ਖਿਲਾਫ ਇਹ ਪਹਿਲਾ ਅਪਰਾਧਿਕ ਮਾਮਲਾ ਹੋਵੇਗਾ ਅਤੇ ਟਰੰਪ ਨੇ ਜੱਜ ਨੂੰ ਸੁਣਵਾਈ ਮੁਲਤਵੀ ਕਰਨ ਲਈ ਕਿਹਾ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸੋਮਵਾਰ ਨੂੰ ਸੁਣਵਾਈ ਦੌਰਾਨ

**■ ਜੱਜ ਵੱਲੋਂ 'ਹਸ਼ ਮਨੀ' ਦੇ ਮਾਮਲੇ 'ਚ ਸੁਣਵਾਈ ਦੀ ਤਰੀਕ ਤੈਅ**



ਟਰੰਪ ਨੇ ਜੱਜ ਨੂੰ ਸੁਣਵਾਈ ਮੁਲਤਵੀ ਕਰਨ ਦੀ ਬੇਨਤੀ ਕੀਤੀ ਸੀ। ਹਾਲਾਂਕਿ, ਜੱਜ ਜੁਆਨ ਮਰਚਨ ਨੇ ਟਰੰਪ ਦੀਆਂ ਸਾਰੀਆਂ ਬੇਨਤੀਆਂ ਨੂੰ ਠੁਕਰਾ ਦਿੱਤਾ ਅਤੇ ਮੁਕੱਦਮੇ ਦੀ ਸੁਣਵਾਈ 15 ਅਪ੍ਰੈਲ ਤੋਂ ਸ਼ੁਰੂ ਕਰਨ ਦਾ ਆਦੇਸ਼ ਦਿੱਤਾ। ਰਿਪੋਰਟ ਮੁਤਾਬਕ ਟਰੰਪ ਦੇ ਖਿਲਾਫ ਮੁਕੱਦਮਾ ਸੋਮਵਾਰ ਨੂੰ ਸ਼ੁਰੂ ਹੋਣਾ ਸੀ, ਪਰ ਆਖਰੀ ਸਮੇਂ 'ਤੇ ਮੈਨਹਟਨ ਜ਼ਿਲ੍ਹਾ ਅਟਾਰਨੀ ਐਲਵਿਨ ਬ੍ਰੈਗ ਦਾ ਦਫਤਰ ਮੁਕੱਦਮੇ 'ਚ ਦੇਰੀ ਕਰਨ ਲਈ ਤਿਆਰ ਹੋ ਗਿਆ।

ਸਾਬਕਾ ਰਾਸ਼ਟਰਪਤੀ ਟਰੰਪ 'ਤੇ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਆਪਣੇ ਕਥਿਤ ਸਬੰਧਾਂ ਬਾਰੇ ਚੁੱਪ ਰਹਿਣ ਲਈ ਬਾਲਗ ਫਿਲਮ ਸਟਾਰ ਸਟੋਰਮੀ ਡੈਨੀਅਲ ਨੂੰ 130,000 ਅਮਰੀਕੀ ਡਾਲਰ ਦਾ ਭੁਗਤਾਨ ਕਰਨ ਦਾ ਦੋਸ਼ ਹੈ। ਟਰੰਪ ਨੇ ਇਹ ਰਕਮ ਆਪਣੇ ਤਤਕਾਲੀ ਮੈਨੇਜਰ ਮਾਈਕਲ ਕੋਹੇਨ ਰਾਹੀਂ ਅਦਾ ਕੀਤੀ ਸੀ। ਇਸ ਤੋਂ ਇਲਾਵਾ ਉਸ 'ਤੇ ਕਾਰੋਬਾਰੀ ਰਿਕਾਰਡ 'ਚ ਹੇਰਾਫੇਰੀ ਕਰਨ ਦਾ ਵੀ ਦੋਸ਼ ਹੈ। ਹਾਲਾਂਕਿ, ਟਰੰਪ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਅਤੇ ਆਪਣੇ ਆਪ ਨੂੰ ਦੋਸ਼ੀ ਨਹੀਂ ਮੰਨਿਆ ਹੈ।

# ਟੈਕਸਾਸ 'ਚ ਤਿੰਨ ਬੱਚਿਆਂ ਨੇ ਬੈਂਕ ਲੁੱਟਣ ਦੀ ਵਾਰਦਾਤ ਨੂੰ ਦਿੱਤਾ ਅੰਜਾਮ

ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਅਸੀਂ ਸਾਰੇ ਹੀ ਜਾਣਦੇ ਹਾਂ ਕਿ ਬੱਚੇ ਖੇਡਾਂ ਨੂੰ ਪਸੰਦ ਕਰਦੇ ਹਨ। ਕੁਝ ਬੱਚੇ ਇਨਡੋਰ ਖੇਡਾਂ ਨੂੰ ਤਰਜੀਹ ਦਿੰਦੇ ਹਨ। ਕੁਝ ਬੱਚੇ ਬਾਹਰ ਖੇਡਦੇ ਰਹੇ ਹਨ। ਪਰ ਕੁਝ ਅਜਿਹੇ ਵੀ ਬੱਚੇ ਹਨ ਜੋ ਟਾਈਮ ਪਾਸ ਕਰਨ ਲਈ ਬੈਂਕ ਲੁੱਟਦੇ ਹਨ। ਹੁਣ ਆਓ ਜਾਣਦੇ ਹਾਂ ਕਿ ਇਹ ਦਿਲਚਸਪ ਘਟਨਾ ਕਦੋਂ ਅਤੇ ਕਿੱਥੇ ਵਾਪਰੀ। ਨਕਲੀ ਪਿਸਤੌਲਾਂ ਨਾਲ ਚੋਰ ਅਤੇ ਪੁਲਿਸ ਦੇ ਖੇਡਣ ਵਾਲੀ ਉਮਰ ਦੇ ਤਿੰਨ ਬੱਚਿਆਂ ਨੇ ਬੈਂਕ ਲੁੱਟਣ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਨ੍ਹਾਂ ਬੱਚਿਆਂ ਦੀ ਉਮਰ ਸਿਰਫ਼ 11, 12, ਅਤੇ 16 ਸਾਲ ਹੈ। ਇਹ ਅਜੀਬ ਮਾਮਲਾ ਅਮਰੀਕਾ ਦੇ ਟੈਕਸਾਸ ਸੂਬੇ 'ਚ



ਸਾਹਮਣੇ ਆਇਆ ਹੈ। ਜਿਨ੍ਹਾਂ ਵਿਚ ਤਿੰਨ ਲੜਕਿਆਂ ਨੇ ਮਿਲ ਕੇ ਹਿਊਸਟਨ, ਟੈਕਸਾਸ ਵਿਚ ਇੱਕ ਸਥਾਨਕ ਬੈਂਕ ਨੂੰ ਲੁੱਟਿਆ। ਪੁਲਿਸ ਨੇ ਦੱਸਿਆ ਕਿ ਬੀਤੀ 14 ਮਾਰਚ ਨੂੰ ਉਹ ਗ੍ਰੀਨ ਪੁਆਇੰਟ ਖੇਤਰ ਵਿਚ ਇੱਕ ਵੈਲਜ਼ ਫਾਰਗੋ ਨਾਂ ਦੀ ਬੈਂਕ ਵਿਚ ਗਏ ਅਤੇ ਟੈਲਰ ਨੂੰ ਇੱਕ ਧਮਕੀ ਭਰਿਆ ਨੋਟ ਸੌਂਪਿਆ। ਬਾਅਦ ਵਿਚ ਉਹ ਬੈਂਕ ਵਿਚੋਂ ਪੈਸੇ ਲੁੱਟ ਕੇ ਉਥੋਂ ਫਰਾਰ ਹੋ ਗਏ। ਜਦੋਂ ਪੁਲਿਸ ਨੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਕੀਤੀ ਤਾਂ ਉਹ ਇਹ ਜਾਣ ਕੇ ਹੈਰਾਨ ਰਹਿ ਗਏ ਕਿ ਬੱਚਿਆਂ ਨੇ ਬੈਂਕ ਡਕੈਤੀ ਕੀਤੀ ਹੈ। ਰਿਟਾਇਰਡ ਜੁਵੇਨਾਈਲ ਡਿਸਟ੍ਰਿਕਟ ਕੋਰਟ ਦੇ ਜੱਜ ਮਾਈਕ ਸ਼ਨਾਈਡਰ ਨੇ ਮੀਡੀਆ ਨੂੰ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਉਨ੍ਹਾਂ ਨੇ ਇਸ ਤਰ੍ਹਾਂ ਦਾ ਮਾਮਲਾ ਦੇਖਿਆ ਹੈ। ਹੈਰਿਸ ਕਾਉਂਟੀ ਸ਼ੈਰਿਫ ਦੇ ਦਫਤਰ ਦੇ ਅਨੁਸਾਰ, ਲੜਕਿਆਂ ਨੇ ਲੁੱਟ ਦੇ ਦੌਰਾਨ ਕੈਸ਼ੀਅਰ ਨੂੰ ਬੰਦੂਕ ਨਹੀਂ ਦਿਖਾਈ। ਪਰ ਉਨ੍ਹਾਂ ਨੇ ਬੈਂਕ ਦੇ ਕੈਸ਼ੀਅਰ ਨੂੰ ਇਕ ਧਮਕੀ ਭਰਿਆ ਨੋਟ ਦਿੱਤਾ ਕਿ ਉਨ੍ਹਾਂ ਕੋਲ ਹਥਿਆਰ

# ਭਾਰਤ ਸਰਕਾਰ ਮਨੁੱਖੀ ਹੱਕਾਂ ਸਬੰਧੀ ਸਹੀ ਕਦਮ ਚੁੱਕੇ: ਅਮਰੀਕੀ ਸੰਸਦ ਮੈਂਬਰ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਇੱਕ ਪ੍ਰਭਾਵਸ਼ਾਲੀ ਸੰਸਦ ਮੈਂਬਰ ਨੇ ਇੱਥੇ ਕਿਹਾ ਕਿ ਅਮਰੀਕੀ ਕਾਂਗਰਸ ਨੂੰ ਭਾਰਤ ਸਰਕਾਰ ਨੂੰ ਅੱਤਵਾਦ ਵਿਰੋਧੀ ਕਾਨੂੰਨਾਂ ਸਣੇ ਉਨ੍ਹਾਂ ਨੀਤੀਆਂ ਅਤੇ ਕਾਨੂੰਨਾਂ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕਰਨੀ ਚਾਹੀਦੀ ਹੈ, ਜੋ ਪ੍ਰਮੁੱਖ ਮਨੁੱਖੀ ਅਧਿਕਾਰ ਸੰਧੀਆਂ ਨੂੰ ਮਨਜ਼ੂਰੀ ਦੇ ਚੱਲਦਿਆਂ ਜ਼ਿੰਮੇਵਾਰੀਆਂ ਤੋਂ 'ਵੱਖ' ਹਨ।



ਕਾਂਗਰਸ ਸੰਸਦ ਮੈਂਬਰ ਜੇਮਜ਼ ਮੈਕਗਵਰਨ ਨੇ ਭਾਰਤ ਵਿਚ ਮਨੁੱਖੀ ਅਧਿਕਾਰਾਂ 'ਤੇ ਸੰਸਦ ਵਿਚ ਸੁਣਵਾਈ ਦੌਰਾਨ ਕਿਹਾ ਕਿ ਭਾਰਤ ਵਿਚ ਅਗਲੇ ਪੰਜ ਸਾਲ ਲਈ ਦੇਸ਼ ਦੀ ਰਾਜਨੀਤਿਕ ਦਿਸ਼ਾ ਤੈਅ ਕਰਨ ਲਈ 19 ਅਪ੍ਰੈਲ ਤੋਂ ਲੋਕ ਸਭਾ ਚੋਣਾਂ ਸ਼ੁਰੂ ਹੋ ਜਾਣਗੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੀਜਾ ਕਾਰਜਕਾਲ ਹਾਸਲ ਕਰਨ ਦੀ ਕੋਸ਼ਿਸ਼ ਵਿਚ ਹਨ। ਉਨ੍ਹਾਂ ਕਿਹਾ, "ਮੈਂ ਉਨ੍ਹਾਂ ਲੋਕਾਂ ਵਿਚੋਂ ਹਾਂ, ਜੋ ਸੋਚਦੇ ਹਨ ਕਿ ਦੋਸਤਾਂ ਨੂੰ ਇੱਕ-ਦੂਜੇ ਨੂੰ ਕੌੜਾ ਸੱਚ ਦੱਸਣਾ ਚਾਹੀਦਾ ਹੈ। ਭਾਰਤ ਇੱਕ ਦੋਸਤ ਹੈ ਅਤੇ ਅਮਰੀਕਾ ਲਈ ਇਹ ਸੱਚਮੁੱਚ ਮਹੱਤਵਪੂਰਨ ਹੈ ਕਿ ਭਾਰਤ ਖੁਸ਼ਹਾਲ ਹੋਵੇ। ਫਿਰ ਵੀ ਇੱਕ ਅਸਲ ਖ਼ਤਰਾ ਹੈ ਕਿ ਜੇਕਰ ਮਨੁੱਖੀ ਅਧਿਕਾਰਾਂ ਦੇ ਘਾਣ ਵੱਲ ਧਿਆਨ ਨਾ ਦਿੱਤਾ ਗਿਆ, ਤਾਂ ਵੱਖ-ਵੱਖ ਸਮਾਜਾਂ ਵਿਚ ਮੌਜੂਦਾ ਤਣਾਅ ਖਤਰਨਾਕ ਸੰਘਰਸ਼ ਵੱਲ ਵਧ ਸਕਦਾ ਹੈ ਅਤੇ ਭਾਰਤ ਦੇ ਉੱਜਵਲ ਭਵਿੱਖ ਨੂੰ ਕਮਜ਼ੋਰ ਕਰ ਸਕਦਾ ਹੈ।" ਮੈਕਗਵਰਨ ਨੇ ਕਿਹਾ, "ਮਨੀਪੁਰ ਸੂਬੇ ਵਿਚ ਫਿਰਕੂ ਦੰਗੇ ਮਹਿਜ ਇੱਕ ਉਦਾਹਰਨ ਹਨ। ਕਾਂਗਰਸ ਨੂੰ ਭਾਰਤ ਸਰਕਾਰ ਤੋਂ ਸਹੀ ਦਿਸ਼ਾ ਵਿਚ ਕਦਮ ਚੁੱਕਣ ਅਤੇ ਅੱਤਵਾਦ ਵਿਰੋਧੀ ਕਾਨੂੰਨਾਂ ਸਣੇ ਉਨ੍ਹਾਂ ਨੀਤੀਆਂ ਤੇ ਕਾਨੂੰਨਾਂ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕਰਨੀ ਚਾਹੀਦੀ ਹੈ, ਜੋ ਪ੍ਰਮੁੱਖ ਮਨੁੱਖੀ ਅਧਿਕਾਰ ਸੰਧੀਆਂ ਦੀ ਮਨਜ਼ੂਰੀ ਦੇ ਚੱਲਦਿਆਂ ਪ੍ਰਾਪਤ ਉਨ੍ਹਾਂ ਦੇ ਫਰਜ਼ਾਂ ਤੋਂ 'ਵੱਖ' ਹਨ। 'ਅਮੈਰੀਕਨ ਬਾਰ ਐਸੋਸੀਏਸ਼ਨ ਸੈਂਟਰ ਫਾਰ ਹਿਊਮਨ ਰਾਈਟਸ' ਦੇ ਕਾਨੂੰਨੀ ਸਲਾਹਕਾਰ ਵਾਰਿਸ ਹੁਸੈਨ ਨੇ ਦੱਸਿਆ ਕਿ ਕਾਂਗਰਸ ਨੂੰ ਇਨ੍ਹਾਂ ਚਿੰਤਾਵਾਂ ਬਾਰੇ ਅਮਰੀਕੀ ਰਾਸ਼ਟਰਪਤੀ ਨੂੰ ਸਿੱਧਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕਰਨ ਲਈ ਉਨ੍ਹਾਂ 'ਤੇ ਹੋਰ ਮਜ਼ਬੂਤੀ ਨਾਲ ਦਬਾਅ ਪਾਉਣ ਦੀ ਲੋੜ ਹੈ।

# ਪੰਨੂ ਹੱਤਿਆ ਸਾਜ਼ਿਸ਼ ਮਾਮਲੇ 'ਚ ਭਾਰਤ ਨਾਲ ਮਿਲ ਕੇ ਕੰਮ ਕਰ ਰਹੇ ਹਾਂ : ਬਾਇਡਨ ਪ੍ਰਸ਼ਾਸਨ

ਵਾਸ਼ਿੰਗਟਨ, (ਪੰਜਾਬ ਮੇਲ)-ਅਮਰੀਕਾ ਖਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਵਾਲਿਆਂ ਨੂੰ ਜਵਾਬਦੇਹ ਠਹਿਰਾਉਣ ਲਈ ਭਾਰਤ ਸਰਕਾਰ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਬਾਇਡਨ ਪ੍ਰਸ਼ਾਸਨ ਨੇ ਇਹ ਜਾਣਕਾਰੀ ਦਿੱਤੀ। ਪਿਛਲੇ ਸਾਲ ਨਵੰਬਰ ਵਿਚ ਸੰਘੀ ਵਕੀਲਾਂ ਨੇ ਭਾਰਤੀ ਨਾਗਰਿਕ ਨਿਖਿਲ ਗੁਪਤਾ 'ਤੇ ਪੰਨੂ ਦੀ ਹੱਤਿਆ ਦੀ ਨਾਕਾਮ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਸੀ। ਪੰਨੂ ਕੋਲ ਅਮਰੀਕਾ ਅਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਹੈ। ਅਮਰੀਕੀ ਸੰਘੀ ਵਕੀਲਾਂ ਨੇ ਦੋਸ਼ ਲਾਇਆ ਸੀ ਕਿ ਗੁਪਤਾ ਭਾਰਤ ਸਰਕਾਰ ਦੇ ਅਧਿਕਾਰੀ ਨਾਲ ਕੰਮ ਕਰ ਰਿਹਾ ਸੀ ਅਤੇ ਨਿਊਯਾਰਕ ਸਿਟੀ ਵਿਚ ਰਹਿਣ ਵਾਲੇ ਪੰਨੂ ਨੂੰ ਮਾਰਨ ਲਈ ਹਿੱਟਮੈਨ ਨੂੰ 100,000 ਡਾਲਰ ਦੇਣ ਲਈ ਸਹਿਮਤ ਹੋਇਆ ਸੀ। ਭਾਰਤ ਨੇ ਦੋਸ਼ਾਂ ਦੀ ਜਾਂਚ ਲਈ ਪਹਿਲਾਂ ਹੀ ਕਮੇਟੀ ਕਾਇਮ ਕਰ ਦਿੱਤੀ ਹੈ।




Global Allianz

ਕਾਨੂੰਨੀ ਸਲਾਹਾਂ

LAW FIRM LLP

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਸ਼ਰਾਬ ਪੀ ਕੇ ਘਰੇਲੂ ਉਡਾਣ ’ਚ ਵੱਡਾ ਹੰਗਾਮਾ ਕਰਨ ਵਾਲੇ ਭਾਰਤੀ ਸਾਹਿਲ ਪਟੇਲ ਗ੍ਰਿਫ਼ਤਾਰ

**ਫਿਲਾਡੇਲਫੀਆ, (ਰਾਜ ਗੋਗਨਾ/ ਪੰਜਾਬ ਮੇਲ)-** ਬੀਤੇ ਦਿਨੀਂ ਫਲੋਰੀਡਾ ਦੇ ਟੈਂਪਾ ਤੋਂ ਫਿਲਾਡੈਲਫੀਆ (ਪੈਨਸਿਲਵੇਨੀਆ) ਜਾ ਰਹੀ ਅਮਰੀਕਨ ਏਅਰਲਾਈਨਜ਼ ਦੀ ਫਲਾਈਟ ’ਚ ਇਕ ਗੁਜਰਾਤੀ ਭਾਰਤੀ ਨੌਜਵਾਨ ਸਾਹਿਲ ਪਟੇਲ ਵੱਲੋਂ ਸ਼ਰਾਬੀ ਹਾਲਤ ਵਿਚ ਜਹਾਜ਼ ਵਿਚ ਸਫ਼ਰ ਕਰ ਰਹੇ ਲੋਕਾਂ ਨਾਲ ਹੰਗਾਮਾ ਅਤੇ ਕੁੱਟਮਾਰ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਬੀਤੇ ਹਫਤੇ ਮੰਗਲਵਾਰ ਨੂੰ ਸਾਹਿਲ ਪਟੇਲ, ਅਮਰੀਕਨ ਏਅਰਲਾਈਨਜ਼ ਦੀ ਫਲਾਈਟ ’ਚ ਆਪਣੇ ਜੱਦੀ ਸ਼ਹਿਰ ਟੈਂਪਾ ਤੋਂ ਫਿਲਾਡੇਲਫੀਆ ਜਾ ਰਿਹਾ ਸੀ। ਸ਼ਰਾਬੀ ਹਾਲਤ ’ਚ ਸਾਹਿਲ ਪਟੇਲ ਨੇ ਸੀਟ ’ਤੇ ਬੈਠਦੇ ਹੀ ਦੂਜੇ ਯਾਤਰੀਆਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, ਨਸਲੀ ਟਿੱਪਣੀਆਂ ਕੀਤੀਆਂ ਅਤੇ ਜਹਾਜ਼ ਨੂੰ ਕਰੈਸ਼ ਕਰਨ ਦੀ ਧਮਕੀ ਦਿੱਤੀ। ਸਾਹਿਲ ਪਟੇਲ ਨੂੰ ਮਨਾਉਣ ਦੀਆਂ ਕਈ ਕੋਸ਼ਿਸ਼ਾਂ ਤੋਂ ਬਾਅਦ ਵੀ ਉਸ ਨੇ ਲੜਾਈ ਬੰਦ ਨਹੀਂ ਕੀਤੀ ਅਤੇ ਆਖਰਕਾਰ ਉਸ ਨੂੰ ਜ਼ਬਰਦਸਤੀ ਜਹਾਜ਼ ਤੋਂ ਉਤਾਰ ਦਿੱਤਾ ਗਿਆ। ਘਟਨਾ ਸਮੇਂ ਸਾਹਿਲ ਦੇ ਨਾਲ ਇੱਕ ਪਰਿਵਾਰਕ ਮੈਂਬਰ ਵੀ ਉਸੇ ਫਲਾਈਟ ਵਿਚ ਸੀ।



29 ਸਾਲਾ ਸਾਹਿਲ ਪਟੇਲ ਨੂੰ ਹਿਲਸਬਰੋ ਕਾਉਂਟੀ ਸ਼ੈਰਿਫ ਦੇ ਦਫਤਰ ਨੇ ਜਹਾਜ਼ ਤੋਂ ਕਿੱਕ ਆਫ ਕੀਤੇ ਜਾਣ ਤੋਂ ਬਾਅਦ ਗ੍ਰਿਫਤਾਰ ਕੀਤਾ ਸੀ। ਸਾਹਿਲ ’ਤੇ ਦੋਸ਼ ਆਇਦ ਕੀਤੇ ਗਏ ਹਨ। ਦੋਸ਼ੀ ਸਾਬਤ ਹੋਣ ’ਤੇ ਉਸ ਨੂੰ ਇਕ ਸਾਲ ਦੀ ਕੈਦ ਅਤੇ 1,000 ਡਾਲਰ ਦਾ ਜੁਰਮਾਨਾ ਹੋ ਸਕਦਾ ਹੈ। ਸ਼ੈਰਿਫ ਦਫਤਰ ਵੱਲੋਂ ਉਸ ਖਿਲਾਫ ਦਾਇਰ ਕੀਤੇ ਗਏ ਹਲਫਨਾਮੇ ਮੁਤਾਬਕ ਸਾਹਿਲ ਨਸ਼ੇ ਦੀ ਹਾਲਤ ’ਚ ਸੀ, ਜਿਵੇਂ ਹੀ ਉਹ ਜਹਾਜ਼ ’ਚ ਦਾਖਲ ਹੋਇਆ ਅਤੇ ਯਾਤਰੀਆਂ ’ਤੇ ਰੌਲਾ ਪਾਉਣ ਲੱਗਾ।

ਜਦੋਂ ਇਹ ਘਟਨਾ ਵਾਪਰੀ, ਤਾਂ ਅਮਰੀਕਨ ਏਅਰਲਾਈਨਜ਼ ਦੀ ਫਲਾਈਟ ਜਿਸ ਵਿਚ ਸਾਹਿਲ ਪਟੇਲ ਸਵਾਰ ਸੀ, ਟੈਂਪਾ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਖੜ੍ਹਾ ਸੀ ਅਤੇ ਇੱਕ ਵਿਅਕਤੀ ਨੇ ਇਸ ਸਾਰੀ ਘਟਨਾ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ’ਤੇ ਸ਼ੇਅਰ ਕਰ ਦਿੱਤੀ। ਇਸ ਵੀਡੀਓ ’ਚ ਸਾਹਿਲ ਪਟੇਲ ਦੀ ਫਲਾਈਟ ਅਟੈਂਡੈਂਟ ਅਤੇ ਹੋਰ ਯਾਤਰੀਆਂ ’ਤੇ ਸ਼ਰਾਬੀ ਹੰਗਾਮਾ ਕਰਦੇ ਹੋਏ ਸਾਫ ਸੁਣਿਆ ਜਾ ਸਕਦਾ ਹੈ ਕਿ ਕਿਵੇਂ ਉਸ ਨੇ ਉਨ੍ਹਾਂ ਨਾਲ ਬਦਸਲੂਕੀ ਕੀਤੀ।

ਸਾਹਿਲ ਪਟੇਲ ਦੀਆਂ ਹਰਕਤਾਂ ਕਾਰਨ ਫਲਾਈਟ ’ਚ ਵੱਡਾ ਹੰਗਾਮਾ ਹੋਣ ਤੋਂ ਬਾਅਦ ਸਥਿਤੀ ’ਤੇ ਕਾਬੂ ਪਾਉਣ ਲਈ ਸਥਾਨਕ ਪੁਲਿਸ ਨੂੰ ਬੁਲਾਇਆ ਗਿਆ, ਜਿਸ ਨੇ ਸਾਹਿਲ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ’ਤੇ ਦੋ ਦੋਸ਼ ਲਗਾਏ। ਹੰਗਾਮੇ ਕਾਰਨ ਟੈਂਪਾ ਤੋਂ ਫਿਲਾਡੇਲਫੀਆ ਜਾਣ ਵਾਲੀ ਫਲਾਈਟ ਅੱਧਾ ਘੰਟਾ ਲੇਟ ਵੀ ਹੋ ਗਈ। ਸ਼ੁੱਕਰਵਾਰ ਤੱਕ, ਸਾਹਿਲ ਪਟੇਲ ਨੂੰ ਹਿਲਸਬਰੋ ਕਾਉਂਟੀ ਜੇਲ੍ਹ ਵਿਚ ਰੱਖਿਆ ਗਿਆ ਸੀ, ਅਤੇ ਉਸਦੀ ਰਿਹਾਈ ਲਈ 2,150 ਡਾਲਰ ਦਾ ਬਾਂਡ ਪੋਸਟ ਕੀਤਾ ਗਿਆ ਹੈ। ਪਬਲਿਕ ਡਿਫੈਂਡਰ ਦਾ ਦਫਤਰ ਸਾਹਿਲ ਦੀ ਤਰਫੋਂ ਕੇਸ ਲੜ ਰਿਹਾ ਹੈ, ਜਿਸ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

## ਅਮਰੀਕਾ ’ਚ ਭਾਰਤੀ ਲੜਕੀ ਦੀ ਕਾਰ ਸੜਕ ਹਾਦਸੇ ’ਚ ਮੌਤ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕੀ-ਭਾਰਤੀ ਭਾਈਚਾਰੇ ਲਈ ਇੱਕ ਹੋਰ ਦੁਖਦਾਈ ਘਟਨਾ ਵਾਪਰੀ ਹੈ। ਬੀਤੇ ਦਿਨੀਂ ਅਮਰੀਕਾ ’ਚ ਗ੍ਰੈਜੂਏਸ਼ਨ ਕਰ ਰਹੀ 24 ਸਾਲਾ ਭਾਰਤੀ ਲੜਕੀ ਅਰਸ਼ੀਆ ਜੋਸ਼ੀ ਦੀ ਇੱਕ ਕਾਰ ਸੜਕ ਹਾਦਸੇ ’ਚ ਮੌਤ ਹੋ ਗਈ। ਹੁਣ ਉਸ ਦੀ ਲਾਸ਼ ਨੂੰ ਭਾਰਤ ਲਿਆਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ। ਭਾਰਤੀ ਮਿਸ਼ਨ ਵੀ ਇਸ ਕੰਮ ਵਿਚ ਜੁੱਟ ਗਿਆ ਹੈ। ਇਹ ਘਟਨਾ ਅਮਰੀਕਾ ਦੇ ਪੈਨਸਿਲਵੇਨੀਆ ਸੂਬੇ ਦੀ ਹੈ। ਅਰਸ਼ੀਆ ਜੋਸ਼ੀ ਉੱਚ ਪੜ੍ਹਾਈ ਲਈ ਅਮਰੀਕਾ ਆਈ ਸੀ। ਅਰਸ਼ੀਆ ਜੋਸ਼ੀ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਲਈ ਸੰਗਠਨ ਕੰਮ ਕਰ ਰਹੇ ਹਨ। ਨਿਊਯਾਰਕ ਸਥਿਤ ਭਾਰਤੀ ਵਣਜ ਦੂਤਘਰ ਨੇ ਕਿਹਾ ਕਿ ਅਰਸ਼ੀਆ ਜੋਸ਼ੀ ਦੀ ਲਾਸ਼ ਨੂੰ ਭਾਰਤ ਲਿਆਉਣ ਲਈ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਨਿਊਯਾਰਕ ਵਿਚ ਭਾਰਤੀ ਕੌਂਸਲੇਟ ਜਨਰਲ ਨੇ ਇੱਕ ਟਵੀਟ ਵਿਚ ਕਿਹਾ ਕਿ ਨੌਜਵਾਨ ਪੇਸ਼ੇਵਰ ਅਰਸ਼ੀਆ ਜੋਸ਼ੀ ਦੇ ਪਰਿਵਾਰ ਨਾਲ ਸਾਡੀ ਸੰਵੇਦਨਾ ਹੈ ਅਤੇ ਇਹ ਮੰਦਭਾਗੀ ਘਟਨਾ ਹੈ। 21 ਮਾਰਚ ਨੂੰ ਪੈਨਸਿਲਵੇਨੀਆ ਵਿਚ ਇੱਕ ਦਰਦਨਾਕ ਕਾਰ ਹਾਦਸੇ ਵਿਚ ਉਸ ਦੀ ਜਾਨ ਚਲੀ ਗਈ। ਅਮਰੀਕਾ ’ਚ ਸਥਿਤ ਭਾਰਤੀ ਮਿਸ਼ਨ ਨੇ ਕਿਹਾ ਕਿ ਉਹ ਅਰਸ਼ੀਆ ਜੋਸ਼ੀ ਦੇ ਪਰਿਵਾਰ ਅਤੇ ਸਥਾਨਕ ਭਾਈਚਾਰੇ ਦੇ ਨੇਤਾਵਾਂ ਦੇ ਸੰਪਰਕ ਵਿਚ ਹੈ। ਉਨ੍ਹਾਂ ਟਵਿੱਟਰ ਤੇ ਲਿਖਿਆ ਕਿ ਬੱਚੀ ਦੀ ਮ੍ਰਿਤਕ ਦੇਹ ਨੂੰ ਜਲਦੀ ਤੋਂ ਜਲਦੀ ਭਾਰਤ ਲਿਆਉਣ ਲਈ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ।

# ਅਮਰੀਕਾ ’ਚ ਨਾਬਾਲਿਗ ਨਾਲ ਮੋਟਲ ’ਚ ਗਏ ਗੁਜਰਾਤੀ ਡਾ. ਦੀਪਕ ਪਟੇਲ ਬਾਂਡ ’ਤੇ ਰਿਹਾਅ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** 11 ਮਾਰਚ ਨੂੰ ਗ੍ਰਿਫਤਾਰ ਕੀਤੇ ਗਏ ਭਾਰਤੀ ਗੁਜਰਾਤੀ ਡਾ. ਦੀਪਕ ਪਟੇਲ ਨੂੰ 18 ਮਾਰਚ ਨੂੰ 5,000 ਹਜ਼ਾਰ ਡਾਲਰ ਦੇ ਬਾਂਡ ’ਤੇ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਸੀ, ਪਰ ਡਾਕਟਰ ਦੀ ਨੌਕਰੀ ਵੀ ਚਲੀ ਗਈ ਹੈ। ਵਰਜੀਨੀਆ ਸੂਬੇ ਵਿਚ ਪ੍ਰੈਕਟਿਸ ਕਰ ਰਹੇ ਗੁਜਰਾਤੀ ਡਾ. ਦੀਪਕ ਪਟੇਲ ਨੂੰ ਗੰਭੀਰ ਦੋਸ਼ਾਂ ’ਚ ਗ੍ਰਿਫਤਾਰ ਕਰਨ ਤੋਂ ਬਾਅਦ ਅਦਾਲਤ ਨੇ ਬਾਂਡ ’ਤੇ ਰਿਹਾਅ ਕਰ ਦਿੱਤਾ ਹੈ। ਗੁਜਰਾਤੀ ਮੂਲ ਦਾ ਡਾਕਟਰ ਦੀਪਕ ਪਟੇਲ, ਇੱਕ ਨਾਬਾਲਿਗ ਨੂੰ ਇੱਕ ਮੋਟਲ ਵਿਚ ਲਿਜਾਣ ਦੇ ਮਾਮਲੇ ਵਿਚ ਜੇਲ੍ਹ ਵਿਚ ਬੰਦ ਸੀ ਅਤੇ ਪੇਸ਼ੇ ਤੋਂ ਬਾਲ ਰੋਗਾਂ ਦਾ ਡਾਕਟਰ ਸੀ। ਡਾ. ਦੀਪਕ ਪਟੇਲ ਨੂੰ ਵਰਜੀਨੀਆ ਰਾਜ ਦੀ ਕਲਿਪਰ ਪੁਲਿਸ ਨੇ 11 ਮਾਰਚ ਨੂੰ ਗ੍ਰਿਫਤਾਰ ਕੀਤਾ ਸੀ, ਅਤੇ ਇਸ ਸਮੇਂ ਉਸਨੂੰ ਬਾਲ ਅਤੇ ਘਰੇਲੂ ਸਬੰਧਤ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਅਮਰੀਕੀ ਮੀਡੀਆ ਰਿਪੋਰਟਾਂ ਮੁਤਾਬਕ ਡਾ. ਦੀਪਕ ਪਟੇਲ ਨੂੰ 18 ਮਾਰਚ ਨੂੰ 5,000 ਡਾਲਰ ਦੇ ਬਾਂਡ ’ਤੇ ਰਿਹਾਅ ਕੀਤਾ ਗਿਆ, ਜਿਸ ਦੀ ਅਗਲੀ ਸੁਣਵਾਈ ਹੁਣ 9 ਅਪ੍ਰੈਲ ਨੂੰ ਹੋਣੀ ਹੈ। ਡਾ. ਪਟੇਲ ਦਾ ਕੋਈ ਅਪਰਾਧਿਕ ਇਤਿਹਾਸ ਨਹੀਂ ਸੀ।



ਪਰ ਉਸ ’ਤੇ ਤਿੰਨ ਵੱਖ-ਵੱਖ ਦੋਸ਼ ਲਗਾਏ ਗਏ ਹਨ, ਜੋ ਗੰਭੀਰ ਸ਼੍ਰੇਣੀ ਦੇ ਅਧੀਨ ਆਉਂਦੇ ਹਨ। ਪਹਿਲਾਂ ਇਹ ਜਾਣਿਆ ਜਾਂਦਾ ਸੀ ਕਿ ਡਾ. ਦੀਪਕ ਪਟੇਲ ਇਕ ਲੜਕੀ ਨਾਲ ਮੋਟਲ ’ਤੇ ਗਿਆ ਸੀ ਪਰ ਅਦਾਲਤ ’ਚ ਪੇਸ਼ ਦਸਤਾਵੇਜ਼ਾਂ ਦੇ ਮੁਤਾਬਕ ਇਸ ਮਾਮਲੇ ’ਚ ਪੀੜਤ 16 ਸਾਲਾ ਦਾ ਲੜਕਾ ਹੈ, ਜਿਸ ਨਾਲ ਡਾ. ਪਟੇਲ ਨਾਲ ਪਹਿਲੀ ਵਾਰ ਲੰਘੇ ਸਾਲ ਅਕਤੂਬਰ 2023 ਵਿਚ ਸੰਪਰਕ ਕੀਤਾ ਗਿਆ ਸੀ। ਅਤੇ ਇੱਕ ਦੂਜੇ ਨੂੰ ਵਿਅਕਤੀਗਤ ਰੂਪ ਵਿਚ ਮਿਲਣ ਤੋਂ ਪਹਿਲਾਂ, ਡਾ. ਪਟੇਲ ਅਤੇ ਪੀੜਤ ਵਟਸਅਪ ਰਾਹੀਂ ਸੰਪਰਕ ਵਿਚ ਰਹੇ ਅਤੇ ਦਸੰਬਰ 2023 ਵਿਚ ਪਹਿਲੀ ਵਾਰ ਮਿਲੇ। ਡਾ: ਪਟੇਲ ਨੂੰ ਹੁਣ ਸ਼ਰਤਾਂ ਅਧੀਨ ਬਾਂਡ ’ਤੇ ਰਿਹਾਅ ਕੀਤਾ ਗਿਆ ਹੈ, ਜਿਸ ਅਨੁਸਾਰ ਉਸ ਨੂੰ ਪੀੜਤ ਤੋਂ 300 ਫੁੱਟ ਦੀ ਦੂਰੀ ’ਤੇ ਰਹਿਣਾ, ਕੋਈ ਹਥਿਆਰ ਨਹੀਂ ਰੱਖਣਾ, ਸ਼ਰਾਬ ਅਤੇ ਨਸ਼ੇ ਤੋਂ ਦੂਰ ਰਹਿਣਾ ਹੈ। ਇੰਨਾ ਹੀ ਨਹੀਂ, ਅਦਾਲਤ ਨੇ ਹੁਕਮ ਸੁਣਾਇਆ ਕਿ ਡਾ. ਪਟੇਲ 21 ਸਾਲ ਤੋਂ ਵੱਧ ਦੀ ਉਮਰ ਦੇ ਵਿਅਕਤੀ ਦੀ ਨਿਗਰਾਨੀ ਹੇਠ ਹੀ ਮੋਬਾਈਲ ਫ਼ੋਨ ਅਤੇ ਕੰਪਿਊਟਰ ਦੀ ਵਰਤੋਂ ਕਰ ਸਕਣਗੇ। ਹਾਲਾਂਕਿ ਇਹ ਸ਼ਰਤ ਉਦੋਂ ਲਾਗੂ ਨਹੀਂ ਹੋਵੇਗੀ, ਜਦੋਂ ਉਹ ਆਪਣੇ ਵਕੀਲ ਨਾਲ ਫੋਨ ’ਤੇ ਗੱਲ ਕਰ ਰਿਹਾ ਹੋਵੇਗਾ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

## ਕੈਨੇਡਾ ਸਰਕਾਰ ਵੱਲੋਂ ਟੈਂਪਰੇਟੀ ਰੈਜ਼ੀਡੈਂਟਸ ਦੀ ਗਿਣਤੀ ਘਟਾਉਣ ਦਾ ਐਲਾਨ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਇਤਿਹਾਸ ਵਿਚ ਪਹਿਲੀ ਵਾਰ ਅਜਿਹਾ ਹੋਇਆ ਹੈ, ਜਦੋਂ ਟੈਂਪਰੇਰੀ ਰੈਜ਼ੀਡੈਂਟਸ ਦੀ ਗਿਣਤੀ ਘਟਾਉਣ ਦਾ ਕਦਮ ਚੁੱਕਿਆ ਗਿਆ ਹੈ। ਕੈਨੇਡਾ ਪਹਿਲੀ ਵਾਰ ਆਪਣੇ ਅਸਥਾਈ ਨਿਵਾਸੀਆਂ ਦੀ ਗਿਣਤੀ ਘਟਾਉਣ ਅਤੇ ਅਸਥਾਈ ਇਮੀਗ੍ਰੇਸ਼ਨ ’ਤੇ ਸੀਮਾ ਨਿਰਧਾਰਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਵੀਰਵਾਰ ਨੂੰ ਕਿਹਾ ਕਿ ਸਰਕਾਰ ਰਿਹਾਇਸ਼ ਦੀ ਘਾਟ ਨੂੰ ਪੂਰਾ ਕਰਨ ਅਤੇ ਜ਼ਰੂਰੀ ਸੇਵਾਵਾਂ ਦਾ ਵਿਸਥਾਰ ਕਰਨ ਲਈ ਕੰਮ ਕਰ ਰਹੀ ਹੈ। ਟਰੂਡੋ ਸਰਕਾਰ ਦੇ ਇਸ ਫ਼ੈਸਲੇ ਨਾਲ ਪੰਜਾਬ ਦੇ ਲੋਕ ਹੁਣ ਕੈਨੇਡਾ ਦੇ ਵਿਜ਼ਟਰ ਵੀਜ਼ੇ ਨੂੰ ਵੀ ਤਰਸਣਗੇ। ਕੈਨੇਡਾ ਸਰਕਾਰ ਵਿਜ਼ਟਰ ਵੀਜ਼ਿਆਂ ’ਚ ਵੱਡੀ ਕਟੌਤੀ ਕਰਨ ਜਾ ਰਹੀ ਹੈ।

# ਟਰੰਪ ਵੱਲੋਂ ਇਜ਼ਰਾਈਲ ਨੂੰ ਗਾਜ਼ਾ ’ਚ ਜੰਗ ਖਤਮ ਕਰਨ ਦੀ ਅਪੀਲ

**ਨਿਊਯਾਰਕ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਵੀ ਹਮਾਸ ਵੱਲੋਂ 7 ਅਕਤੂਬਰ ਨੂੰ ਕੀਤੇ ਗਏ ਹਮਲੇ ਤੋਂ ਬਾਅਦ ਇਜ਼ਰਾਈਲ ਵਾਂਗ ਪ੍ਰਤੀਕਿਰਿਆ ਕਰਦੇ, ਪਰ ਉਨ੍ਹਾਂ ਨੇ ਗਾਜ਼ਾ ਵਿਚ ਆਪਣੇ ਚੱਲ ਰਹੇ ਹਮਲਿਆਂ ਨੂੰ ‘ਖ਼ਤਮ’ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਉਹ (ਇਜ਼ਰਾਈਲ) ਅੰਤਰਰਾਸ਼ਟਰੀ ਸਮਰਥਨ ਗੁਆ ਰਿਹਾ ਹੈ। ਟਰੰਪ ਨੇ ਇਜ਼ਰਾਇਲੀ ਅਖ਼ਬਾਰ ਨੂੰ ਦਿੱਤੇ ਇੰਟਰਵਿਊ ’ਚ ਕਿਹਾ, “ਤੁਹਾਨੂੰ (ਇਜ਼ਰਾਈਲ) ਆਪਣੀ ਜੰਗ ਖ਼ਤਮ ਕਰਨੀ ਪਵੇਗੀ।

ਉਨ੍ਹਾਂ ਕਿਹਾ, “ਸਾਨੂੰ ਸ਼ਾਂਤੀ ਲਿਆਉਣੀ ਪਵੇਗੀ। ਤੁਸੀਂ ਇਸ ਨੂੰ ਜਾਰੀ ਨਹੀਂ ਰੱਖ ਸਕਦੇ ਅਤੇ ਮੈਂ ਇਜ਼ਰਾਈਲ ਨੂੰ ਬਹੁਤ ਸਾਵਧਾਨ ਰਹਿਣ ਲਈ ਕਹਾਂਗਾ, ਕਿਉਂਕਿ ਤੁਸੀਂ ਦੁਨੀਆਂ ਦਾ ਸਮਰਥਨ ਗੁਆ ਰਹੇ ਹੋ। ਇਹ ਲਗਭਗ ਤੈਅ ਹੈ ਕਿ ਟਰੰਪ ਇਸ ਮਹੀਨੇ ਦੇ ਸ਼ੁਰੂ ਵਿਚ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਬਣ ਜਾਣਗੇ। ਉਸਨੇ ਇਜ਼ਰਾਈਲ ਦੇ ਹਮਲੇ ਨੂੰ ਲੈ ਕੇ ਵਿਸ਼ਵਵਿਆਪੀ ਆਲੋਚਨਾ ’ਤੇ ਗੱਲ ਕੀਤੀ। ਉਸ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਵਿਵਾਦ ਨਾਲ ਨਜਿੱਠਣ ਲਈ ਵਰਤੇ ਤਰੀਕੇ ਨੂੰ ਕਈ ਵਾਰ ਨਿਸ਼ਾਨਾ ਬਣਾਇਆ ਹੈ। ਇੰਟਰਵਿਊ ਅਨੁਸਾਰ ਟਰੰਪ ਨੇ ਕਿਹਾ ਕਿ ਇਜ਼ਰਾਈਲ ਨੇ ਗਾਜ਼ਾ ਵਿਚ ਆਪਣੇ ਹਮਲੇ ਦੀਆਂ ਫੋਟੋਆਂ ਅਤੇ ਵੀਡੀਓਜ਼ ਨੂੰ ਸਾਂਝਾ ਕਰਕੇ ਇੱਕ “ਵੱਡੀ ਗ਼ਲਤੀ” ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਜ਼ਰਾਈਲ ਦੀ ਜਨਤਕ ਅਕਸ ਨੂੰ ਢਾਹ ਲੱਗੀ ਹੈ। ਹਾਲਾਂਕਿ ਇਹ ਟਿੱਪਣੀਆਂ ਇੰਟਰਵਿਊ ਦੇ ਸ਼ੇਅਰ ਕੀਤੇ ਵੀਡੀਓ ਵਿਚ ਨਹੀਂ ਹਨ।

# 3 ਮਹੀਨੇ ਪਹਿਲਾਂ ਕੈਨੇਡਾ ਗਏ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ’ਚ ਮੌਤ

**ਬਰੈਂਪਟਨ/ਤਰਨਤਾਰਨ, (ਪੰਜਾਬ ਮੇਲ)-** ਕੈਨੇਡਾ ਦੇ ਬਰੈਂਪਟਨ ’ਚ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ ਹੋਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੀ ਪਛਾਣ 21 ਸਾਲਾ ਸਰਤਾਜ ਸਿੰਘ ਵਜੋਂ ਹੋਈ ਹੈ, ਜੋ ਕਿ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਦੇਊ ਬਾਠ ਦਾ ਰਹਿਣ ਵਾਲਾ ਸੀ।

ਸਰਤਾਜ ਸਿੰਘ ਦੀ ਸੜਕ ਹਾਦਸੇ ਦੀ ਖਬਰ ਸੁਣਦਿਆਂ ਹੀ ਪਰਿਵਾਰਕ ਮੈਂਬਰਾਂ ਰੋ-ਰੋ ਬੁਰਾ ਹਾਲ ਹੈ। ਪਰਿਵਾਰਕ ਮੈਂਬਰਾਂ ਵੱਲੋਂ ਮ੍ਰਿਤਕ ਦੀ ਦੇਹ ਨੂੰ ਭਾਰਤ ਜਲਦ ਮੰਗਵਾਉਣ ਸਬੰਧੀ ਅਪੀਲ ਕੀਤੀ ਜਾ ਰਹੀ ਹੈ। ਇਸ ਖ਼ਬਰ ਤੋਂ ਬਾਅਦ ਪਿੰਡ ’ਚ ਸੋਗ ਦੀ ਲਹਿਰ ਦੌੜ ਪਈ।

ਰੋਂਦੇ ਹੋਏ ਮ੍ਰਿਤਕ ਸਰਤਾਜ ਸਿੰਘ ਦੀ ਮਾਂ ਬਲਵਿੰਦਰ ਕੌਰ ਨੇ ਦੱਸਿਆ ਕਿ ਘਰ ਦੇ ਹਾਲਾਤ ਠੀਕ ਨਾ ਹੋਣ ਦੇ ਚੱਲਦਿਆਂ ਉਸ ਦਾ ਪੁੱਤਰ ਲਗਭਗ 3 ਮਹੀਨੇ ਪਹਿਲਾਂ ਬਰੈਂਪਟਨ ਗਿਆ ਸੀ।



ਉਨ੍ਹਾਂ ਨੂੰ ਮੋਬਾਇਲ ਫ਼ੋਨ ’ਤੇ ਆਈ ਕਾਲ ਦੌਰਾਨ ਜਾਣਕਾਰੀ ਮਿਲੀ ਕਿ ਸਰਤਾਜ ਸਿੰਘ ਢਿੱਲੋਂ ਜਦੋਂ ਕਾਲਜ ਪੜ੍ਹਾਈ ਕਰਨ ਉਪਰੰਤ ਘਰ ਆ ਕੇ ਦੋਸਤਾਂ ਨਾਲ ਘੁੰਮਣ ਲਈ ਰਵਾਨਾ ਹੋਇਆ, ਤਾਂ ਉਸ ਦੀ ਕਾਰ ਚੱਕਰਵਾਤੀ ਤੂਫ਼ਾਨ ’ਚ ਫੱਸ ਗਈ ਤੇ ਸੜਕ ਦੇ ਦੂਜੇ ਪਾਸੇ ਚਲੀ ਗਈ।

ਇਸ ਦੌਰਾਨ ਕਾਰ ਸਾਹਮਣਿਓਂ ਆ ਰਹੀ ਤੇਜ਼ ਰਫ਼ਤਾਰ ਵਾਹਨ ਨਾਲ ਟਕਰਾ ਗਈ। ਹਾਦਸੇ ’ਚ ਗੰਭੀਰ ਜ਼ਖ਼ਮੀ ਸਰਤਾਜ ਦੀ ਮੌਤ ਹੋ ਗਈ। ਇਸ ਮੌਕੇ ਪਰਿਵਾਰਕ ਮੈਂਬਰਾਂ ਨੇ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਮ੍ਰਿਤਕ ਦੇਹ ਨੂੰ ਜਲਦ ਤੋਂ ਜਲਦ ਭਾਰਤ ਭੇਜਿਆ ਜਾਵੇ।

## ਫਲੋਰੀਡਾ ’ਚ ਨਾਬਾਲਗਾਂ ਲਈ ਸੋਸ਼ਲ ਮੀਡੀਆ ’ਤੇ ਲੱਗੀ ਪਾਬੰਦੀ!

**ਟਾਲਾਹਾਸੀ, (ਪੰਜਾਬ ਮੇਲ)-** ਫਲੋਰੀਡਾ ਵਿਚ ਪਾਸ ਕੀਤੇ ਗਏ ਇੱਕ ਬਿੱਲ ਦੇ ਤਹਿਤ ਨਾਬਾਲਗਾਂ ਉੱਤੇ ਸੋਸ਼ਲ ਮੀਡੀਆ ਸਬੰਧੀ ਪਾਬੰਦੀ ਹੋਵੇਗੀ, ਜਿਸ ਉੱਤੇ ਗਵਰਨਰ ਰੌਨ ਡੀਸੈਂਟਿਸ ਨੇ ਸੋਮਵਾਰ ਨੂੰ ਦਸਤਖਤ ਕੀਤੇ। ਜੇਕਰ ਇਹ ਬਿੱਲ ਕਾਨੂੰਨੀ ਚੁਣੌਤੀਆਂ ਵਿਚ ਨਹੀਂ ਉਲਝਦਾ, ਤਾਂ ਇਹ ਅਮਰੀਕਾ ਦੇ ਸਭ ਤੋਂ ਵੱਧ ਪਾਬੰਦੀਸ਼ੁਦਾ ਸੋਸ਼ਲ ਮੀਡੀਆ ਕਾਰਵਾਈ ਵਿਚੋਂ ਇੱਕ ਹੋਵੇਗਾ। ਇਸ ਬਿੱਲ ਦੇ ਤਹਿਤ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਖਾਤਿਆਂ ’ਤੇ ਪਾਬੰਦੀ ਲਗਾਈ ਜਾਵੇਗੀ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਲਈ ਮਾਪਿਆਂ ਦੀ ਇਜਾਜ਼ਤ ਦੀ ਲੋੜ ਹੋਵੇਗੀ। ਹਾਲਾਂਕਿ, ਡੀਸੈਂਟਿਸ ਵੱਲੋਂ ਇਸ ਮਹੀਨੇ ਦੀ ਸ਼ੁਰੂਆਤ ਵਿਚ ਮਨਜ਼ੂਰ ਪ੍ਰਸਤਾਵ ਦੀ ਤੁਲਨਾ ਵਿਚ ਬਿੱਲ ਵਿਚ ਕੁੱਝ ਉਦਾਰਤਾ ਵਰਤੀ ਗਈ ਹੈ। ਨਵਾਂ ਕਾਨੂੰਨ ਰਿਪਬਲਿਕਨ ਸਪੀਕਰ ਪਾਲ ਰੇਨਰ ਦੀਆਂ ਪ੍ਰਮੁੱਖ ਤਰਜੀਹਾਂ ਵਿਚੋਂ ਇੱਕ ਹੈ ਅਤੇ 1 ਜਨਵਰੀ ਤੋਂ ਲਾਗੂ ਹੋਵੇਗਾ।


For Sale & Purchase of Any Kind of Property
Agriculture land, Commercial Land, Home

1. 783.3 Acres of well taken care good producing Almonds and all drip system, under $25000.00 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system, with two sources of water and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.




ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold



1948 High St, Suite #106
Selma, Ca 93662
Cell# 559-288-2780



E-Mail: gurneknagra@yahoo.com
Web Page: gurneknagra.com

# ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਜਾਇਦਾਦ ਜ਼ਬਤ ਕਰਨ ਦੀ ਕਾਰਵਾਈ ਸ਼ੁਰੂ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਨਿਊਯਾਰਕ ਦੇ ਅਟਾਰਨੀ ਜਨਰਲ ਨੇ ਟਰੰਪ ਦੀ ਜਾਇਦਾਦ ਜ਼ਬਤ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਨਿਊਯਾਰਕ ਦੀ ਇੱਕ ਅਦਾਲਤ ਨੇ ਉਸਨੂੰ, ਉਸਦੇ ਪੁੱਤਰਾਂ ਜੂਨੀਅਰ ਟਰੰਪ, ਐਰਿਕ ਟਰੰਪ ਅਤੇ ਟਰੰਪ ਆਰਗੇਨਾਈਜੇਸ਼ਨ ਨੂੰ ਧੋਖਾਧੜੀ ਦੇ ਮਾਮਲੇ ਵਿਚ 355 ਮਿਲੀਅਨ ਡਾਲਰ ਤੋਂ ਇਲਾਵਾ ਵਿਆਜ ਅਦਾ ਕਰਨ ਦਾ ਹੁਕਮ ਦਿੱਤਾ ਹੈ। ਇਹ ਰਕਮ 454 ਮਿਲੀਅਨ ਡਾਲਰ ਤੱਕ ਪਹੁੰਚ ਗਈ ਹੈ। ਕਿਉਂਕਿ ਟਰੰਪ ਨੇ ਅਦਾਇਗੀਆਂ ਦੇ ਮਾਮਲੇ ਵਿਚ ਕੋਈ ਉਪਰਾਲਾ ਨਹੀਂ ਕੀਤਾ ਹੈ, ਅਟਾਰਨੀ ਜਨਰਲ ਨੇ ਇਸ ਹੱਦ ਤੱਕ ਕਾਰਵਾਈ ਕੀਤੀ ਹੈ। ਅਜਿਹੀਆਂ ਰਿਪੋਰਟਾਂ ਹਨ ਕਿ ਉੱਤਰੀ ਮੈਨਹਟਨ ਵਿਚ ਇੱਕ ਗੋਲਫ ਕੋਰਸ, ਸੈਵਨ ਸਪ੍ਰਿੰਗਜ਼, ਉਸਦੀ ਨਿੱਜੀ ਜਾਇਦਾਦ ਨੂੰ ਆਪਣੇ ਕਬਜ਼ੇ ਵਿਚ ਲੈਣ ਦੀ ਸੰਭਾਵਨਾ ਹੈ।

ਨਿਊਯਾਰਕ ਦੀ ਅਦਾਲਤ ਨੇ ਕਿਹਾ ਕਿ ਉਸ ਨੇ ਜਾਇਦਾਦਾਂ ਦੀ ਕੀਮਤ ਬਾਰੇ ਝੂਠ ਬੋਲ ਕੇ ਬੈਂਕਾਂ ਅਤੇ ਬੀਮਾ ਕੰਪਨੀਆਂ ਨਾਲ ਧੋਖਾ ਕੀਤਾ ਹੈ। ਇਹ ਖੁਲਾਸਾ ਹੋਇਆ ਹੈ ਕਿ ਜੇਕਰ ਇਹ ਕੇਸ ਹਾਰ ਜਾਂਦਾ ਹੈ, ਤਾਂ ਬਕਾਇਆ ਫੀਸ ਦਾ ਭੁਗਤਾਨ ਕਰਨ ਲਈ ਗਾਰੰਟੀ ਰਕਮ ਦਿੱਤੀ ਜਾਣੀ ਚਾਹੀਦੀ ਹੈ। ਇਸ ਦੌਰਾਨ ਟਰੰਪ ਨੇ ਟਿੱਪਣੀ ਕੀਤੀ ਕਿ ਇਹ ਗੈਰ-ਸੰਵਿਧਾਨਕ ਹੈ। ਸੈਵਨ ਸਪ੍ਰਿੰਗਜ਼ ਅਸਟੇਟ ਲਗਭਗ 230 ਏਕੜ ਦੇ ਖੇਤਰ ਵਿਚ ਫੈਲੀ ਹੋਈ ਹੈ। ਇਹ 1919 ਵਿਚ ਬਣਾਇਆ ਗਿਆ ਸੀ। ਟਰੰਪ ਆਰਗੇਨਾਈਜ਼ੇਸ਼ਨ ਨੇ ਇਸਨੂੰ 1996 ਵਿਚ 7.5 ਮਿਲੀਅਨ ਡਾਲਰ ਵਿਚ ਖਰੀਦਿਆ ਸੀ। ਟਰੰਪ ਨੇ ਇਸ ਨੂੰ ਬੁਨਿਆਦੀ ਤੌਰ 'ਤੇ ਬਦਲਣ ਬਾਰੇ ਸੋਚਿਆ, ਪਰ ਉਸ ਯੋਜਨਾ ਨੂੰ ਲਾਗੂ ਨਹੀਂ ਕੀਤਾ ਗਿਆ। ਉਸਦਾ ਪਰਿਵਾਰ ਅਕਸਰ ਇਸ ਅਸਟੇਟ ਨੂੰ ਮਿਲਣ ਆਉਂਦਾ ਹੈ। ਉਸਦੇ ਗੋਲਫ ਕੋਰਸ ਵਿਚ 75,000 ਵਰਗ ਫੁੱਟ ਦਾ ਕਲੱਬ ਹਾਊਸ ਹੈ। ਇਹ 1922 ਵਿਚ ਸਥਾਪਿਤ ਕੀਤਾ ਗਿਆ ਸੀ। ਟਰੰਪ 'ਤੇ ਪਹਿਲਾਂ ਵੀ ਕਈ ਮਾਮਲਿਆਂ 'ਚ ਦੋਸ਼ ਲੱਗ ਚੁੱਕੇ ਹਨ। ਮੈਨਹਟਨ ਨਿਊਯਾਰਕ ਦੀ ਇੱਕ ਸੰਘੀ ਅਦਾਲਤ ਨੇ ਹਾਲ ਹੀ ਵਿਚ ਸਾਬਕਾ ਅਮਰੀਕੀ ਕਾਲਮਨਵੀਸ ਜੀਨ ਕੈਰੋਲ ਨੂੰ ਜਿਨਸੀ ਸ਼ੋਸ਼ਣ ਦੇ ਮਾਣਹਾਨੀ ਕੇਸ ਵਿਚ 83.3 ਮਿਲੀਅਨ ਡਾਲਰ ਦਾ ਵਾਧੂ ਭੁਗਤਾਨ ਕਰਨ ਦਾ ਹੁਕਮ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਇਸੇ ਮਾਮਲੇ 'ਚ ਉਸ 'ਤੇ 5 ਮਿਲੀਅਨ ਡਾਲਰ ਦਾ ਜੁਰਮਾਨਾ ਲਗਾਇਆ ਗਿਆ ਸੀ। ਫਿਲਹਾਲ ਟਰੰਪ ਇਕ ਵਾਰ ਫਿਰ ਰਾਸ਼ਟਰਪਤੀ ਦੀ ਚੋਣ ਲੜ ਰਹੇ ਹਨ।

# ਰਾਸ਼ਟਰਪਤੀ ਬਾਇਡਨ ਵਿਰੁੱਧ ਅੱਧ ਵਿਚਾਲੇ ਰੁਕੀ ਮਹਾਂਦੋਸ਼ ਦੀ ਜਾਂਚ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਰਾਸ਼ਟਰਪਤੀ ਜੋਅ ਬਾਇਡਨ ਖ਼ਿਲਾਫ਼ ਸਦਨ ਦੀ ਮਹਾਂਦੋਸ਼ ਦੀ ਜਾਂਚ ਰਿਪਬਲਿਕਨ ਪਾਰਟੀ ਵਿਚ ਹੀ ਸਿਆਸੀ ਇੱਛਾ ਸ਼ਕਤੀ ਦੀ ਘਾਟ ਕਾਰਨ ਅੱਧ ਵਿਚਾਲੇ ਫਸ ਗਈ ਹੈ। ਰਿਪਬਲਿਕਨ ਅਤੇ ਹਾਊਸ ਓਵਰਸਾਈਟ ਕਮੇਟੀ ਦੇ ਮੁਖੀ ਜੇਮਸ ਕਾਮਰ ਨੇ ਕਿਸੇ ਹੋਰ ਦਿਸ਼ਾ ਵੱਲ ਵਧਣ ਦਾ ਸੰਕੇਤ ਦਿੱਤਾ ਹੈ। ਉਹ ਰਾਸ਼ਟਰਪਤੀ ਦੇ ਵਿਰੁੱਧ ਮਹਾਂਦੋਸ਼ ਦੇ ਲੇਖਾਂ ਦਾ ਖਰੜਾ ਤਿਆਰ ਕਰਨ ਤੋਂ ਪਰਹੇਜ਼ ਕਰ ਰਿਹਾ ਹੈ, ਪਰ ਮੁਕੱਦਮਾ ਚਲਾਉਣ ਲਈ ਬਾਇਡਨ ਪਰਿਵਾਰ ਦੁਆਰਾ ਕੀਤੇ ਗਏ ਗ਼ਲਤ ਕੰਮਾਂ ਦੇ ਅਪਰਾਧਿਕ ਹਵਾਲਿਆਂ ਨੂੰ ਨਿਆਂ ਵਿਭਾਗ ਨੂੰ ਭੇਜਣ 'ਤੇ ਉਸ ਦੀ ਨਜ਼ਰ ਹੈ।

ਕਮੇਟੀ ਦੇ ਮੁੱਖ ਗਵਾਹ, ਬਾਇਡਨ ਦੇ ਪੁੱਤਰ ਹੰਟਰ ਬਾਇਡਨ ਦੇ ਜਨਤਕ ਸੁਣਵਾਈ 'ਚ ਪੇਸ਼ ਹੋਣ ਦੀ ਸੰਭਾਵਨਾ ਨਹੀਂ ਹੈ। ਉਸ ਨੇ ਪਿਛਲੇ ਮਹੀਨੇ ਗਵਾਹੀ ਦਿੱਤੀ ਸੀ। ਇਸ 'ਤੇ ਕਾਮਰ ਨੇ ਵੀਕੈਂਡ 'ਤੇ ਦੱਸਿਆ ਕਿ ਜੇਕਰ ਉਹ ਨਹੀਂ ਆਏ ਤਾਂ ਇਹ ਬਾਇਡਨ ਪਰਿਵਾਰ ਲਈ ਚੰਗਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਕਈ ਅਪਰਾਧਿਕ ਮਾਮਲੇ ਸਾਹਮਣੇ ਆਉਣ ਵਾਲੇ ਹਨ। ਹੰਟਰ ਬਾਇਡਨ ਹਥਿਆਰ ਰੱਖਣ ਅਤੇ ਟੈਕਸ ਚੋਰੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਇਹ ਇੱਕ ਲੰਮੀ ਰਿਪਬਲਿਕਨ ਦੀ ਅਗਵਾਈ ਵਾਲੀ ਜਾਂਚ ਦੇ ਅੰਤ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ, ਜੋ ਜਨਵਰੀ ਵਿਚ ਸਦਨ ਨੂੰ ਸੰਭਾਲਣ ਤੋਂ ਬਾਅਦ ਸ਼ੁਰੂ ਹੋਇਆ ਸੀ। ਵ੍ਹਾਈਟ ਹਾਊਸ ਨੇ ਜਾਂਚ ਨੂੰ "ਡਰਾਮਾ" ਕਿਹਾ ਹੈ ਅਤੇ ਰਿਪਬਲਿਕਨਾਂ ਨੂੰ "ਅੱਗੇ ਵਧਣ" ਲਈ ਕਿਹਾ ਹੈ। ਸਦਨ ਕਮੇਟੀ ਦੇ ਬੁਲਾਰੇ ਨੇ ਕਿਹਾ ਕਿ ਮਹਾਂਦੋਸ਼ ਦੀ ਜਾਂਚ ਬਿਨਾਂ ਕਿਸੇ ਪੂਰਵ-ਨਿਰਧਾਰਤ ਨਤੀਜੇ ਦੇ ਜਾਰੀ ਹੈ ਅਤੇ ਜਾਂਚ ਪੂਰੀ ਹੋਣ 'ਤੇ ਕਮੇਟੀ ਆਪਣੀਆਂ ਸਿਫ਼ਾਰਸ਼ਾਂ ਦੇ ਨਾਲ ਅੰਤਿਮ ਰਿਪੋਰਟ ਜਾਰੀ ਕਰੇਗੀ।


ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com


# 6 ਸਾਬਕਾ ਗੋਰੇ ਪੁਲਿਸ ਅਫਸਰਾਂ ਨੂੰ 10 ਤੋਂ 40 ਸਾਲ ਤੱਕ ਕੈਦ ਦੀ ਸਜ਼ਾ

## 2 ਕਾਲੇ ਵਿਅਕਤੀਆਂ ਉਪਰ ਤਸ਼ੱਦਦ ਦਾ ਮਾਮਲਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਜੈਕਸਨ (ਮਿਸੀਸਿੱਪੀ) ਵਿਖੇ ਜਨਵਰੀ 2023 ਵਿਚ 2 ਕਾਲੇ ਵਿਅਕਤੀਆਂ ਉਪਰ ਤਸ਼ੱਦਦ ਕਰਨ ਦੇ ਮਾਮਲੇ ਵਿਚ ਦੋਸ਼ੀ ਪਾਏ ਗਏ 6 ਮਿਸੀਸਿਪੀ ਲਾਅ ਇਨਫੋਰਸਮੈਂਟ ਦੇ 6 ਸਾਬਕਾ ਗੋਰੇ ਅਫਸਰਾਂ ਨੂੰ ਲੰਬਾ ਸਮਾਂ ਸੰਘੀ ਜੇਲ੍ਹ ਵਿਚ ਬਿਤਾਉਣਾ ਪਵੇਗਾ। ਇਨ੍ਹਾਂ ਸਾਰੇ ਸਾਬਕਾ ਡਿਪਟੀਆਂ ਨੇ ਆਪਣਾ ਗੁਨਾਹ ਮੰਨ ਲਿਆ ਸੀ। ਸੰਘੀ ਅਦਾਲਤ 'ਚ ਪਿਛਲੇ 3 ਦਿਨ ਸਜ਼ਾ ਸੁਣਾਉਣ ਲਈ ਹੋਈ ਸੁਣਵਾਈ ਦੌਰਾਨ ਆਖਰੀ ਸਾਬਕਾ ਪੁਲਿਸ ਅਫਸਰ ਜੋਸ਼ੂਆ ਹਾਰਟਫੀਲਡ ਨੂੰ ਜੱਜ ਨੇ 10 ਸਾਲ ਕੈਦ ਦੀ ਸਜ਼ਾ ਸੁਣਾਈ। ਇਸ ਤੋਂ ਪਹਿਲਾਂ ਬਰੈਟ ਮੈਕਅਲਪਿਨ ਨੂੰ 27 ਸਾਲ ਤੋਂ ਵਧ ਕੈਦ ਦੀ ਸਜ਼ਾ ਸੁਣਾਈ। ਇਸ ਮਾਮਲੇ ਵਿਚ ਸਭ ਤੋਂ ਵਧ ਸਜ਼ਾ ਸਾਬਕਾ ਰੈਨਕਿਨ ਕਾਊਂਟੀ ਸ਼ੈਰਿਫ ਦੇ ਡਿਪਟੀ ਕ੍ਰਿਸਟੀਅਨ ਡੈਡਮੋਨ ਨੂੰ ਸੁਣਾਈ ਗਈ ਹੈ। ਜੱਜ ਨੇ ਉਸ ਨੂੰ 40 ਸਾਲ ਜੇਲ੍ਹ ਦੀ ਸਜ਼ਾ ਸੁਣਾਉਂਦਿਆਂ ਕਿਹਾ ਕਿ ਉਸ ਨੇ ਇਸ ਘਟਨਾ ਵਿਚ ਬਹੁਤ ਘਿਣਾਉਣੀ ਭੂਮਿਕਾ ਨਿਭਾਈ ਹੈ। ਸਾਬਕਾ ਡਿਪਟੀ ਡੈਨੀਅਲ ਓਪਡੀਇਕ ਨੂੰ 17 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਤੋਂ ਪਹਿਲਾਂ ਰੈਨਕਿਨ ਕਾਊਂਟੀ ਦੇ ਸਾਬਕਾ ਡਿਪਟੀ ਹੰਟਰ ਐਲਵਾਰਡ ਨੂੰ 20 ਸਾਲ ਤੇ ਜੈਫਰੀ ਮਿਡਲਟਨ ਨੂੰ ਸਾਢੇ 17 ਸਾਲ ਜੇਲ੍ਹ ਦੀ ਸਜ਼ਾ ਸੁਣਾਈ। ਇਥੇ ਜ਼ਿਕਰਯੋਗ ਹੈ ਕਿ ਜਨਵਰੀ 2023 'ਚ ਜੈਕਸਨ ਨੇੜੇ ਬਰੈਕਸਟਨ ਵਿਖੇ ਵਾਪਰੀ ਇਸ ਘਟਨਾ ਵਿਚ ਉਕਤ ਸਾਬਕਾ ਪੁਲਿਸ ਅਫਸਰ ਦੋ ਕਾਲੇ ਵਿਅਕਤੀਆਂ ਦੇ ਘਰ ਵਿਚ ਬਿਨਾਂ ਵਾਰੰਟ ਜ਼ਬਰਦਸਤੀ ਦਾਖਲ ਹੋਏ ਸਨ। ਹੱਥਕੜੀਆਂ ਵਿਚ ਜਕੜ ਕੇ ਮਾਈਕਲ ਜੈਨਕਿਨਸ ਤੇ ਐਡੀ ਪਾਰਕਰ ਨਾਮੀ ਕਾਲੇ ਵਿਅਕਤੀਆਂ ਉਪਰ ਅੰਨਾਂ ਤਸ਼ੱਦਦ ਕੀਤਾ ਸੀ। ਇਨ੍ਹਾਂ ਵਿਚੋਂ ਇਕ ਦੇ ਮੂੰਹ ਵਿਚ ਗੋਲੀ ਵੀ ਮਾਰੀ ਗਈ ਸੀ। ਐੱਫ.ਬੀ.ਆਈ. ਡਾਇਰੈਕਟਰ ਕ੍ਰਿਸਟੋਫਰ ਵਰੇਅ ਅਨੁਸਾਰ ਗਵਾਂਢ ਵਿਚ ਰਹਿੰਦੇ ਇਕ ਵਿਅਕਤੀ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਇਕ ਗੋਰੀ ਦੇ ਘਰ ਰਹਿੰਦੇ ਅਨੇਕਾਂ ਕਾਲੇ ਵਿਅਕਤੀਆਂ ਦਾ ਵਿਵਹਾਰ ਸ਼ੱਕੀ ਹੈ। ਇਸ ਉਪਰੰਤ ਸਾਬਕਾ ਪੁਲਿਸ ਅਫਸਰਾਂ ਨੇ ਕਾਲੇ ਵਿਅਕਤੀਆਂ ਉਪਰ 2 ਘੰਟੇ ਤੱਕ ਤਸ਼ੱਦਦ ਕੀਤਾ ਸੀ। ਸੁਣਵਾਈ ਦੌਰਾਨ ਦੋਸ਼ੀ 6 ਸਾਬਕਾ ਪੁਲਿਸ ਅਫਸਰਾਂ ਨੇ ਪੀੜਤ ਪਰਿਵਾਰ ਕੋਲੋਂ ਮੁਆਫੀ ਵੀ ਮੰਗੀ ਪਰੰਤੂ ਜੱਜ ਨੇ ਮੁਆਫੀ ਨੂੰ ਮੂਲੋਂ ਹੀ ਰੱਦ ਕਰ ਦਿੱਤਾ। ਇਸ ਤੋਂ ਇਲਾਵਾ ਇਨ੍ਹਾਂ ਸਾਬਕਾ ਪੁਲਿਸ ਅਫਸਰਾਂ ਨੇ ਪਿਛਲੇ ਸਾਲ ਸਟੇਟ ਵੱਲੋਂ ਲਾਏ ਇਸੇ ਹੀ ਮਾਮਲੇ ਵਿਚ ਤਸ਼ੱਦਦ ਦੇ ਦਸ਼ਾਂ ਨੂੰ ਮੰਨ ਲਿਆ ਸੀ, ਜਿਸ ਬਾਰੇ ਸਜ਼ਾ ਅਜੇ ਸੁਣਾਈ ਜਾਣੀ ਹੈ।


ਸੱਦਾ ਪੱਤਰ

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)
ਵੱਲੋਂ
20ਵੀਂ ਸਲਾਨਾ ਕਾਨਫਰੰਸ
19 ਮਈ, 2024, ਸਵੇਰੇ 10 ਵਜੇ ਤੋਂ 6 ਵਜੇ ਤੱਕ
ਸਥਾਨ : Pooja Restaurant, 1232 Merkely Ave. West Sacramento, 95691

ਪ੍ਰੋਗਰਾਮ
- ਉਦਘਾਟਨ : 10.00 ਵਜੇ ਸਵੇਰੇ
- ਕਵੀ ਸੰਮੇਲਨ : 11.00 ਵਜੇ
- ਦੁਪਹਿਰ ਦਾ ਖਾਣਾ : 1.30 ਵਜੇ
- ਪੰਜਾਬੀ ਸਾਹਿਤ ਵਿਚਾਰ ਵਟਾਂਦਰਾ : 2.00 ਵਜੇ
- ਗੀਤ ਸੰਗੀਤ : 5.00 ਵਜੇ ਸ਼ਾਮ

ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 23ਵੀਂ ਸਾਲਾਨਾ ਕਾਨਫਰੰਸ ਮਿਤੀ 19 ਮਈ, 2024 ਨੂੰ ਹੋ ਰਹੀ ਹੈ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਹੋਵੇਗਾ। ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉ।

ਉਡੀਕਵਾਨ : ਸਮੁੱਚੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ

ਦਲਵੀਰ 'ਦਿਲ' ਨਿੱਜਰ
ਪ੍ਰਧਾਨ
916-628-2210

ਗੁਰਜਤਿੰਦਰ ਸਿੰਘ ਰੰਧਾਵਾ
ਜਨਰਲ ਸਕੱਤਰ
916-320-9444

# ਟਰੰਪ ਵੱਲੋਂ ਲਗਭਗ 15 ਹਫ਼ਤਿਆਂ ਦੇ ਗਰਭਪਾਤ 'ਤੇ ਰਾਸ਼ਟਰੀ ਪਾਬੰਦੀ ਦਾ ਸਮਰਥਨ

ਨਿਊਯਾਰਕ, (ਪੰਜਾਬ ਮੇਲ)- ਡੋਨਾਲਡ ਟਰੰਪ ਨੇ ਕਿਹਾ ਕਿ ਉਹ ਗਰਭ ਅਵਸਥਾ ਦੇ 15 ਹਫਤਿਆਂ ਦੇ ਆਸ-ਪਾਸ ਗਰਭਪਾਤ 'ਤੇ ਰਾਸ਼ਟਰੀ ਪਾਬੰਦੀ ਦਾ ਸਮਰਥਨ ਕਰਦੇ ਹਨ। ਉਸ ਨੇ ਪਹਿਲੀ ਵਾਰ ਇਸ ਪ੍ਰਕਿਰਿਆ 'ਤੇ ਇਕ ਵਿਸ਼ੇਸ਼ ਸੀਮਾ ਲਈ ਸਮਰਥਨ ਪ੍ਰਗਟ ਕੀਤਾ ਹੈ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਆਪਣੇ ਕਾਰਜਕਾਲ ਦੌਰਾਨ ਅਮਰੀਕੀ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੀ ਨਿਯੁਕਤੀ ਕਰਕੇ ਗਰਭਪਾਤ ਦੇ ਸੰਘੀ ਅਧਿਕਾਰ ਨੂੰ ਖ਼ਤਮ ਕਰਨ ਦਾ ਸਿਹਰਾ ਜਾਂਦਾ ਹੈ। ਟਰੰਪ ਨੇ ਕਿਹਾ ਹੈ ਕਿ ਉਹ ਗਰਭਪਾਤ 'ਤੇ ਇਕ ਨੀਤੀ ਬਣਾਉਣ ਬਾਰੇ ਗੱਲ ਕਰੇਗਾ, ਜਿਸ ਵਿਚ ਬਲਾਤਕਾਰ, ਅਨੈਤਿਕਤਾ ਦੇ ਮਾਮਲੇ ਬਤੌਰ ਅਪਵਾਦ ਹੋਣਗੇ ਅਤੇ ਮਾਂ ਦੀ ਜ਼ਿੰਦਗੀ ਦੀ ਸੁਰੱਖਿਆ ਦਾ ਮੁੱਦਾ ਸ਼ਾਮਲ ਹੋਵੇਗਾ।

ਇੱਕ ਰੇਡੀਓ ਇੰਟਰਵਿਊ ਵਿਚ ਟਰੰਪ ਨੇ ਪਾਬੰਦੀ ਦਾ ਸਮਰਥਨ ਨਾ ਕਰਨ ਲਈ ਡੈਮੋਕਰੇਟਿਕ ਸੰਸਦ ਮੈਂਬਰਾਂ ਦੀ ਆਲੋਚਨਾ ਕੀਤੀ, ਜੋ ਉਨ੍ਹਾਂ ਰਾਜਾਂ ਵਿਚ ਗਰਭਪਾਤ ਨੂੰ ਸੀਮਤ ਕਰੇਗਾ, ਜੋ ਅਜੇ ਵੀ ਪ੍ਰਕਿਰਿਆ ਦੀ ਆਗਿਆ ਦਿੰਦੇ ਹਨ। ਟਰੰਪ ਨੇ ਕਿਹਾ, "ਹੁਣ ਲੋਕ 15 ਹਫ਼ਤਿਆਂ 'ਤੇ ਸਹਿਮਤ ਹੋ ਰਹੇ ਹਨ ਅਤੇ ਮੈਂ ਉਨ੍ਹਾਂ ਲੀਹਾਂ 'ਤੇ ਸੋਚ ਰਿਹਾ ਹਾਂ। ਇਹ ਕੁਝ ਅਜਿਹਾ ਹੋਵੇਗਾ, ਜੋ ਬਹੁਤ ਵਾਜਬ ਹੋਵੇਗਾ। ਲੋਕ ਅਸਲ ਵਿਚ ਇੱਥੋਂ ਤੱਕ ਕਿ ਕੱਟੜਪੰਥੀ ਵੀ ਸਹਿਮਤ ਹਨ। ਅਜਿਹਾ ਲੱਗਦਾ ਹੈ ਕਿ "15 ਹਫ਼ਤੇ ਇੱਕ ਅਜਿਹਾ ਸੰਖਿਆ ਹੈ, ਜਿਸ 'ਤੇ ਲੋਕ ਸਹਿਮਤ ਹਨ।"

# ਅਮਰੀਕਾ 'ਚ ਭਾਰਤੀ ਵਿਦਿਆਰਥੀ ਚੌਕਸ ਰਹਿਣ ਤੇ ਕਾਨੂੰਨਾਂ ਦਾ ਪਾਲਣ ਕਰਨ: ਇੰਦਰਾ ਨੂਈ

■ ਭਾਰਤੀ ਵਿਦਿਆਰਥੀਆਂ ਨਾਲ ਅਮਰੀਕਾ 'ਚ ਵਾਪਰ ਰਹੀਆਂ ਮੰਦਭਾਗੀਆਂ ਘਟਨਾਵਾਂ ਦਰਮਿਆਨ ਦਿੱਤੀ ਸਲਾਹ



ਨਿਊਯਾਰਕ, (ਪੰਜਾਬ ਮੇਲ)- ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਨਾਲ ਵਾਪਰ ਰਹੀਆਂ ਮੰਦਭਾਗੀਆਂ ਘਟਨਾਵਾਂ ਦਰਮਿਆਨ ਪੈਪਸੀਕੋ ਦੀ ਸਾਬਕਾ ਸੀ.ਈ.ਓ. ਇੰਦਰਾ ਨੂਈ (68) ਨੇ ਨੌਜਵਾਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਚੌਕਸ ਰਹਿਣ ਅਤੇ ਸਥਾਨਕ ਕਾਨੂੰਨਾਂ ਦਾ ਪਾਲਣ ਕਰਨ। ਉਨ੍ਹਾਂ ਭਾਰਤੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਵੀ ਦੂਰ ਰਹਿਣ ਲਈ ਕਿਹਾ ਹੈ। ਨੂਈ ਨੇ 10 ਮਿੰਟ ਦਾ ਵੀਡੀਓ ਜਾਰੀ ਕਰਕੇ ਅਮਰੀਕਾ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਸੁਰੱਖਿਅਤ ਤੇ ਚੌਕਸ ਰਹਿਣ ਅਤੇ ਅਜਿਹੀਆਂ ਸਰਗਰਮੀਆਂ ਤੋਂ ਦੂਰ ਰਹਿਣ, ਜਿਨ੍ਹਾਂ ਕਾਰਨ ਉਨ੍ਹਾਂ ਨੂੰ ਮੁਸ਼ਕਲ ਪੈਦਾ ਹੋ ਸਕਦੀ ਹੈ। ਇਸ ਵੀਡੀਓ ਨੂੰ ਨਿਊਯਾਰਕ 'ਚ ਭਾਰਤੀ ਕੌਂਸਲੇਟ ਜਨਰਲ ਵੱਲੋਂ 'ਐਕਸ' 'ਤੇ ਪੋਸਟ ਕੀਤਾ ਗਿਆ ਹੈ। ਨੂਈ ਨੇ ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਨੂੰ ਕਿਹਾ ਹੈ ਕਿ ਉਹ ਯੂਨੀਵਰਸਿਟੀ ਅਤੇ ਕੋਰਸ ਦੀ ਚੋਣ ਸੋਚ-ਸਮਝ ਕੇ ਕਰਨ।

## ਸ਼ੋਕ ਸਮਾਚਾਰ

# ਵਰਿੰਦਰ ਕੌਰ ਤੂਰ ਦੇ ਅਕਾਲ ਚਲਾਣੇ 'ਤੇ ਤੂਰ ਅਤੇ ਚੀਮਾ ਪਰਿਵਾਰ ਨੂੰ ਸਦਮਾ

ਫਰਿਜ਼ਨੋ, (ਧਾਲੀਆਂ/ਮਾਛੀਕੇ/ਪੰਜਾਬ ਮੇਲ)- ਬੀਤੇ ਦਿਨੀਂ ਕੈਲੀਫੋਰਨੀਆ ਦੇ ਸ਼ਹਿਰ ਟਲੈਰੀ ਨਿਵਾਸੀ ਬੀਬੀ ਵਰਿੰਦਰ ਕੌਰ ਤੂਰ ਅਕਾਲ ਚਲਾਣਾ ਕਰ ਗਏ। ਉਹ 'ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ' ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾ ਦੀ ਪਤਨੀ ਦੇ ਭਰਾ ਸ. ਸੁਰਿੰਦਰਪਾਲ ਸਿੰਘ ਤੂਰ (ਸੈਮ, ਤੂਰ ਟਰੱਕਿੰਗ ਵਾਲੇ) ਦੇ ਪਤਨੀ ਸਨ, ਜੋ 1992 ਤੋਂ ਕੈਲੀਫੋਰਨੀਆ ਆਪਣੇ ਪਰਿਵਾਰ ਸਮੇਤ ਰਹਿ ਰਹੇ ਸਨ। ਪੰਜਾਬ ਤੋਂ ਉਨ੍ਹਾਂ ਦਾ ਪਿਛਲਾ ਨਕੋਦਰ ਨਜ਼ਦੀਕੀ ਪਿੰਡ ਬੜਾ ਇਸਲਾਮ ਹੈ। ਉਹ ਆਪਣੇ ਪਿੱਛੇ ਪਤੀ ਤੋਂ ਇਲਾਵਾ ਇਕ ਧੀ ਅਤੇ ਦੋ ਪੁੱਤਰਾਂ ਦੀ ਫੁਲਬਾੜੀ ਨੂੰ ਛੱਡ ਗਏ।



ਸਵ. ਵਰਿੰਦਰ ਕੌਰ ਤੂਰ


ਉਨ੍ਹਾਂ ਦਾ ਅੰਤਿਮ ਸੰਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ 30 ਮਾਰਚ, 2024, ਦਿਨ ਸ਼ਨੀਵਾਰ ਨੂੰ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ, **4800 E. Clayton Avenue, Fowler CA 93625** ਵਿਖੇ ਸਵੇਰ 11 ਵਜੇ ਤੋਂ 1 ਵਜੇ ਤੱਕ ਹੋਵੇਗੀ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ, **4250 E Lincoln Ave, Fresno, CA 93725** ਵਿਖੇ ਹੋਵੇਗੀ।

ਪਰਿਵਾਰ ਨਾਲ ਦੁੱਖ ਦੀ ਘੜੀ ਵਿਚ ਸ਼ਾਮਲ ਹੋਣ ਜਾਂ ਹੋਰ ਵਧੇਰੇ ਜਾਣਕਾਰੀ ਲਈ ਉਨ੍ਹਾਂ ਦੇ ਪਤੀ ਸ. ਸੁਰਿੰਦਰਪਾਲ ਸਿੰਘ ਸੈਮ ਤੂਰ ਨਾਲ 559-300-4899 ਜਾਂ ਸ. ਸੁਖਦੇਵ ਸਿੰਘ ਚੀਮਾ 559-300-0711 (ਬ੍ਰਦਰ-ਇਨ-ਲਾਅ) ਜਾਂ ਹਰਦੀਪ ਸਿੰਘ ਧੋਨਾ (ਸਨ-ਇਨ-ਲਾਅ) ਨਾਲ 331-900-0001 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰੀਕਾ 'ਚ ਗਰਭਪਾਤ ਨੂੰ ਕਾਨੂੰਨੀ ਮਾਨਤਾ ਦੇਣ ਦੀ ਵਕਾਲਤ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਆਉਂਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਗਰਭਪਾਤ ਦਾ ਹੱਕ ਸਭ ਤੋਂ ਵੱਡੇ ਮੁੱਦੇ ਵਜੋਂ ਉਭਰ ਸਕਦਾ ਹੈ। ਨਵੇਂ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਏਸ਼ਿਆਈ ਅਮਰੀਕੀ, ਹਵਾਈ ਦੇ ਮੂਲ ਨਿਵਾਸੀ ਅਤੇ ਪੈਸੀਫਿਕ ਆਈਲੈਂਡਰ (ਏ.ਏ.ਪੀ.ਆਈ.) ਗਰਭਪਾਤ ਨੂੰ ਕਾਨੂੰਨੀ ਮਾਨਤਾ ਦੇਣ ਦੇ ਪੱਖ 'ਚ ਹਨ। ਏ.ਏ.ਪੀ.ਆਈ. ਡੇਟਾ ਅਤੇ ਏ.ਪੀ.-ਐੱਨ.ਓ.ਆਰ.ਸੀ. ਸੈਂਟਰ ਫਾਰ ਪਬਲਿਕ ਅਫੇਅਰਜ਼ ਰਿਸਰਚ 'ਚ ਕਿਹਾ ਗਿਆ ਹੈ ਕਿ 10 'ਚੋਂ 8 ਵਿਅਕਤੀ ਚਾਹੁੰਦੇ ਹਨ ਕਿ ਗਰਭਪਾਤ ਨੂੰ ਕਾਨੂੰਨੀ ਮਾਨਤਾ ਮਿਲੇ। ਤਿੰਨ ਤਿਹਾਈ ਏ.ਏ.ਪੀ.ਆਈ. ਬਾਲਗਾਂ ਨੇ ਕਿਹਾ ਕਿ ਸੰਸਦ ਨੂੰ ਇਸ ਸਬੰਧੀ ਕਾਨੂੰਨ ਪਾਸ ਕਰਨਾ ਚਾਹੀਦਾ ਹੈ। ਪਿਛਲੇ ਸਾਲ ਜੂਨ 'ਚ ਕਰਵਾਏ ਗਏ ਸਰਵੇਖਣ 'ਚ 64 ਫ਼ੀਸਦੀ ਅਮਰੀਕੀ ਬਾਲਗਾਂ ਦਾ ਮੰਨਣਾ ਹੈ ਕਿ ਗਰਭਪਾਤ ਨੂੰ ਜ਼ਿਆਦਾਤਰ ਮਾਮਲਿਆਂ 'ਚ ਕਾਨੂੰਨੀ ਮਾਨਤਾ ਮਿਲਣੀ ਚਾਹੀਦੀ ਹੈ। ਡੈਮੋਕਰੈਟਿਕ ਅਤੇ ਰਿਪਬਲਿਕਨ ਪਾਰਟੀਆਂ ਨਾਲ ਜੁੜੇ ਏ.ਏ.ਪੀ.ਆਈ. ਆਗੂ ਵੀ ਗਰਭਪਾਤ ਨੂੰ ਕਾਨੂੰਨੀ ਮਾਨਤਾ ਦੇਣ ਦੇ ਪੱਖ 'ਚ ਹਨ। ਏ.ਏ.ਪੀ.ਆਈ. ਵੋਟਰਾਂ ਦੀ ਗਿਣਤੀ ਕੈਲੀਫੋਰਨੀਆ, ਟੈਕਸਸ ਅਤੇ ਨਿਊਯਾਰਕ 'ਚ ਕਿਤੇ ਵੱਧ ਹੈ ਅਤੇ ਦੋਵੇਂ ਪਾਰਟੀਆਂ ਉਨ੍ਹਾਂ ਨੂੰ ਆਪਣੇ ਪੱਖ 'ਚ ਕਰਨ ਲਈ ਹੰਭਲੇ ਮਾਰ ਰਹੀਆਂ ਹਨ ਪਰ ਮੰਨਿਆ ਜਾ ਰਿਹਾ ਹੈ ਕਿ ਡੈਮੋਕਰੈਟਿਕ ਪਾਰਟੀ ਨੂੰ ਇਸ ਦਾ ਲਾਹਾ ਮਿਲ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
**ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**



# ਕੈਨੇਡਾ 'ਚ ਭਾਰਤੀ ਵਿਅਕਤੀ ਨੇ 1 ਮਿਲੀਅਨ ਡਾਲਰ ਦੀ ਜਿੱਤੀ ਲਾਟਰੀ

## ਰਾਤੋ-ਰਾਤ ਬਦਲ ਗਈ ਕਿਸਮਤ

ਟੋਰਾਂਟੋ, (ਰਾਜ ਗੋਗਨਾ/ਪੰਜਾਬ ਮੇਲ)- ਕੈਨੇਡਾ ਵਿਚ ਰਹਿਣ ਵਾਲੇ ਇਕ ਗੁਜਰਾਤੀ ਮੂਲ ਦੇ ਸੰਦੀਪ ਪਟੇਲ ਨੇ ਲਾਟਰੀ ਵਿਚ 10 ਲੱਖ ਕੈਨੇਡੀਅਨ ਡਾਲਰ ਯਾਨੀ 1 ਮਿਲੀਅਨ ਡਾਲਰ ਦਾ ਇਨਾਮ ਜਿੱਤਿਆ ਹੈ। ਜੇਕਰ ਇਸ ਰਕਮ ਨੂੰ ਰੁਪਏ ਵਿਚ ਬਦਲਿਆ ਜਾਵੇ, ਤਾਂ ਇਹ 6.13 ਕਰੋੜ ਰੁਪਏ ਤੋਂ ਵੱਧ ਦੀ ਰਕਮ ਬਣਦੀ ਹੈ। ਕੈਨੇਡਾ 'ਚ ਰਹਿੰਦੇ ਲਾਟਰੀ ਵਿਜੇਤਾ ਸੰਦੀਪ ਪਟੇਲ ਓਨਟਾਰੀਓ ਖੇਤਰ ਦੇ ਅਰਨਪ੍ਰਿਅਰ ਨਾਂ ਦੇ ਕਸਬੇ ਵਿਚ ਰਹਿੰਦਾ ਹੈ ਅਤੇ ਆਪਣਾ ਕਾਰੋਬਾਰ ਵੀ ਚਲਾਉਂਦਾ ਹੈ। ਸੰਦੀਪ ਪਟੇਲ ਪਹਿਲਾਂ ਤੋਂ ਹੀ ਲਾਟਰੀ ਖੇਡਣ ਦਾ ਸ਼ੌਕੀਨ ਹੈ ਅਤੇ ਹਫ਼ਤੇ ਵਿਚ ਦੋ ਤੋਂ ਤਿੰਨ ਵਾਰ ਲਾਟਰੀ ਦੀਆਂ ਟਿਕਟਾਂ ਖਰੀਦਦਾ ਰਹਿੰਦਾ ਹੈ। ਪਰ ਕੁਝ ਦਿਨ ਪਹਿਲਾਂ ਹੀ ਆਪਣੀ ਕਾਰ ਦੀ ਸਫਾਈ ਕਰਦੇ ਸਮੇਂ ਮਿਲੀ ਇੱਕ ਪੁਰਾਣੀ ਖਰੀਦੀ ਲਾਟਰੀ ਟਿਕਟ ਨੇ ਉਸ ਦੀ ਕਿਸਮਤ ਬਦਲ ਦਿੱਤੀ। ਸੰਦੀਪ ਪਟੇਲ ਨੂੰ ਬੀਤੀ 19 ਮਾਰਚ, 2024 ਨੂੰ 1 ਮਿਲੀਅਨ ਡਾਲਰ ਦਾ ਚੈੱਕ ਮਿਲਿਆ ਹੈ। ਜਦੋਂ ਸੰਦੀਪ ਪਟੇਲ ਨੇ ਲਾਟਰੀ ਟਿਕਟ ਸਕੈਨ ਕੀਤੀ, ਤਾਂ ਉਸ ਨੂੰ ਪਤਾ ਲੱਗਾ ਕਿ ਉਸ ਨੇ 1 ਮਿਲੀਅਨ ਡਾਲਰ ਦੀ ਰਕਮ ਜਿੱਤ ਲਈ ਹੈ। ਸੰਦੀਪ ਪਟੇਲ ਨੇ 2023 ਵਿਚ ਇੱਕ ਲਾਟਰੀ ਟਿਕਟ ਖਰੀਦੀ ਸੀ ਅਤੇ ਡਰਾਅ 29 ਜੁਲਾਈ,




2023 ਨੂੰ ਹੋਇਆ ਸੀ। ਜਦੋਂ ਉਸ ਨੇ ਕੁਝ ਦਿਨ ਪਹਿਲਾਂ ਆਪਣੀ ਟਿਕਟ ਸਕੈਨ ਕੀਤੀ, ਤਾਂ ਉਸ ਦੇ ਸੱਤ ਨੰਬਰ ਲੱਕੀ ਡਰਾਅ ਨਾਲ ਮੇਲ ਖਾਂਦਿਆਂ ਉਹ ਖ਼ੁਸ਼ੀ ਨਾਲ ਝੂਮ ਉੱਠਿਆ ਅਤੇ ਸੰਦੀਪ ਪਟੇਲ ਆਪਣੀ ਟਿਕਟ ਲੈ ਕੇ ਟੋਰਾਂਟੋ ਪਹੁੰਚਿਆ, ਜਿੱਥੇ ਉਨ੍ਹਾਂ ਨੂੰ 1 ਮਿਲੀਅਨ ਡਾਲਰ ਦਾ ਚੈੱਕ ਭੇਟ ਕੀਤਾ ਗਿਆ। ਹਾਲਾਂਕਿ, ਗੁਜਰਾਤੀ ਮੂਲ ਦੇ ਸੰਦੀਪ ਪਟੇਲ ਨੂੰ ਰਾਤੋ-ਰਾਤ ਮੌਜ-ਮਸਤੀ ਲਈ ਮਿਲੇ 1 ਮਿਲੀਅਨ ਡਾਲਰ ਉਹ ਸਮਾਜ ਭਲਾਈ ਦੇ ਕੰਮਾਂ ਵਿਚ ਖਰਚ ਨਹੀਂ ਕਰਨ ਜਾ ਰਹੇ ਹਨ। ਉਸ ਦਾ ਕਹਿਣਾ ਹੈ ਕਿ ਉਹ ਆਪਣੇ ਹੋਮ ਲੋਨ ਦਾ ਭੁਗਤਾਨ ਕਰਨ ਅਤੇ ਆਪਣੇ ਨਿਵੇਸ਼ ਦੇ ਕੁਝ ਟੀਚਿਆਂ ਨੂੰ ਪੂਰਾ ਕਰਨ ਲਈ ਪ੍ਰਾਪਤ ਹੋਣ ਵਾਲੀ ਰਕਮ ਦੀ ਵਰਤੋਂ ਕਰੇਗਾ, ਜਦੋਂਕਿ ਉਹ ਬਾਕੀ ਬਚੀ ਰਕਮ ਦੀ ਬਚਤ ਕਰੇਗਾ। ਉਸ ਨੂੰ ਹੁਣ 1 ਮਿਲੀਅਨ ਡਾਲਰ ਦਾ ਚੈੱਕ ਮਿਲ ਗਿਆ ਹੈ, ਪਰ ਸੰਦੀਪ ਪਟੇਲ ਅਜੇ ਵੀ ਵਿਸ਼ਵਾਸ ਨਹੀਂ ਕਰ ਰਿਹਾ ਹੈ ਕਿ ਉਸ ਨੇ ਅਸਲ ਵਿਚ ਲਾਟਰੀ ਜਿੱਤੀ ਹੈ। ਸੰਦੀਪ ਪਟੇਲ ਨੇ ਮੰਨਿਆ ਕਿ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਇਕ ਦਿਨ ਉਹ ਲਾਟਰੀ ਜਿੱਤ ਜਾਵੇਗਾ, ਪਰ ਉਸ ਦੀ ਪਤਨੀ ਨੂੰ ਵਿਸ਼ਵਾਸ ਸੀ ਕਿ ਉਹ ਦਿਨ ਜ਼ਰੂਰ ਆਵੇਗਾ। ਇਸ ਤਰ੍ਹਾਂ ਜ਼ਿਆਦਾਤਰ ਦੇਸ਼ਾਂ ਵਿਚ ਲਾਟਰੀ ਜਿੱਤਣ ਵਾਲੇ ਵਿਅਕਤੀ ਨੂੰ ਭਾਰੀ ਟੈਕਸ ਅਦਾ ਕਰਨਾ ਪੈਂਦਾ ਹੈ, ਪਰ ਕੈਨੇਡਾ ਵਿਚ, ਲਾਟਰੀ ਵਿਚ ਜਿੱਤਣ 'ਤੇ ਕੋਈ ਟੈਕਸ ਨਹੀਂ ਅਦਾ ਕੀਤਾ ਜਾਂਦਾ ਹੈ। ਕੈਨੇਡਾ ਵਿਚ ਲਾਟਰੀ ਦੇ ਕਾਰੋਬਾਰ ਦਾ ਸਾਲਾਨਾ ਸਾਢੇ ਅੱਠ ਅਰਬ ਡਾਲਰ ਦਾ ਕਾਰੋਬਾਰ ਹੈ। ਗੈਰ-ਕੈਨੇਡੀਅਨ ਵੀ ਕੈਨੇਡਾ ਆਉਣ ਜਾਂ ਉੱਥੇ ਅਸਥਾਈ ਸਥਿਤੀ 'ਤੇ ਰਹਿੰਦਿਆਂ ਲਾਟਰੀ ਦੀਆਂ ਟਿਕਟਾਂ ਖਰੀਦ ਸਕਦੇ ਹਨ ਅਤੇ ਕੈਨੇਡੀਅਨ ਨਾਗਰਿਕਾਂ ਵਾਂਗ, ਉਨ੍ਹਾਂ ਨੂੰ ਆਪਣੀ ਜਿੱਤ 'ਤੇ ਵੀ ਕੋਈ ਟੈਕਸ ਨਹੀਂ ਦੇਣਾ ਪੈਂਦਾ। ਕੈਨੇਡਾ ਵਿਚ ਲਾਟਰੀ ਕਾਰੋਬਾਰ ਦੁਆਰਾ ਪੈਦਾ ਹੋਣ ਵਾਲੀ ਕੋਈ ਵੀ ਆਮਦਨੀ ਸਰਕਾਰ ਦੁਆਰਾ ਲੋਕ ਭਲਾਈ ਸਕੀਮਾਂ ਨੂੰ ਫੰਡ ਦੇਣ ਲਈ ਵਰਤੀ ਜਾਂਦੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਮੂਸੇਵਾਲੇ ਦੇ ਪਿਤਾ ਅਤੇ ਨਵਜੰਮੇ ਸ਼ੁਭਦੀਪ ਦੀਆਂ ਤਸਵੀਰਾਂ ਟਾਈਮਜ਼ ਸਕੁਏਅਰ ਨਿਊਯਾਰਕ 'ਬਿਲਬੋਰਡ' 'ਤੇ ਪ੍ਰਦਰਸ਼ਿਤ

ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਬੀਤੇ ਦਿਨੀਂ ਟਾਈਮਜ਼ ਸਕੁਏਅਰ ਨਿਊਯਾਰਕ ਵਿਖੇ ਨਵਜੰਮੇ ਸ਼ੁਭਦੀਪ ਦੀਆਂ ਤਸਵੀਰਾਂ ਟਾਈਮਜ਼ ਸਕੁਏਅਰ ਨਿਊਯਾਰਕ 'ਚ ਬਿਲਬੋਰਡ ਤੇ ਸਾਹਮਣੇ ਆਈਆਂ, ਜਿਸ ਵਿਚ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਅਤੇ ਨਵਜੰਮੇ ਸ਼ੁੱਭਦੀਪ ਦੀਆਂ ਤਸਵੀਰਾਂ ਟਾਈਮਜ਼ ਸਕੁਏਅਰ ਨਿਊਯਾਰਕ ਵਿਚ ਇਕ ਬਿਲਬੋਰਡ ਉੱਤੇ ਪ੍ਰਦਰਸ਼ਿਤ ਕੀਤੀਆਂ ਗਈਆਂ ਸਨ। ਇਕ ਪ੍ਰਸ਼ੰਸਕ ਨੇ ਇਸ ਘਟਨਾ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਹੈ। ਇਸ ਵੀਡੀਓ ਵਿਚ ਬਲਕੌਰ ਸਿੰਘ ਨਵਜੰਮੇ ਮਰਹੂਮ ਰੈਪਰ ਸਿੱਧੂ ਮੂਸੇਵਾਲੇ ਦੇ ਭਰਾ ਨੂੰ ਫੜੀ ਬੈਠਾ ਹੈ। ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ 58 ਸਾਲ ਦੀ ਉਮਰ ਵਿਚ ਇਨ ਵਿਟਰੋ ਫਰਟੀਲਾਈਜ਼ੇਸ਼ਨ (ਆਈ.ਵੀ.ਐੱਫ.) ਰਾਹੀਂ ਇੱਕ ਬੱਚੇ ਨੂੰ ਜਨਮ ਦਿੱਤਾ ਹੈ ਅਤੇ ਪਰਿਵਾਰ ਨੇ ਨਵਜੰਮੇ ਬੱਚੇ ਦਾ ਨਾਮ ਸਿੱਧੂ ਮੂਸੇਵਾਲਾ ਦੇ ਅਸਲੀ ਨਾਮ ਉੱਤੇ ਸ਼ੁਭਦੀਪ ਰੱਖਿਆ ਹੈ। ਇਹ ਘਟਨਾ ਇੰਨੀ ਜ਼ਿਆਦਾ ਹੋ ਗਈ ਹੈ ਕਿ ਅਮਰੀਕਾ ਵਿਚ ਵੀ ਇਸ ਦਾ ਅਸਰ ਦੇਖਣ ਨੂੰ ਮਿਲਿਆ ਹੈ। ਪਿਤਾ ਬਲਕੌਰ ਸਿੰਘ ਅਤੇ ਨਵਜੰਮੇ ਬੱਚੇ ਸ਼ੁਭਦੀਪ ਦੀਆਂ ਤਸਵੀਰਾਂ ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿਚ ਇੱਕ ਬਿਲਬੋਰਡ 'ਤੇ ਪ੍ਰਦਰਸ਼ਿਤ ਕੀਤੀਆਂ ਗਈਆਂ ਸਨ ਅਤੇ ਇਸ ਨੇ ਪ੍ਰਸ਼ੰਸਕਾਂ ਵਿਚ ਹਲਚਲ ਮਚਾ ਦਿੱਤੀ ਹੈ। ਇਕ ਪ੍ਰਸ਼ੰਸਕ ਵੱਲੋਂ ਸੋਸ਼ਲ ਮੀਡੀਆ 'ਤੇ ਪੋਸਟ ਪਾਈ ਗਈ ਹੈ। ਵੀਡੀਓ ਵਿਚ ਬਲਕੌਰ ਸਿੰਘ ਨੇ ਨਵਜੰਮੇ ਸ਼ੁਭਦੀਪ ਨੂੰ ਫੜਿਆ ਹੋਇਆ ਹੈ ਅਤੇ ਫਿਰ 1993 ਵਿਚ ਜਨਮੇ ਸ਼ੁਭਦੀਪ ਅਤੇ ਹੁਣ ਜਨਮੇ ਸ਼ੁਭਦੀਪ ਦੀਆਂ ਤਸਵੀਰਾਂ ਹਨ। ਇੱਕ ਤਸਵੀਰ ਵਿਚ ਸ਼ੁਭਦੀਪ ਆਪਣੇ ਪਿਤਾ ਨਾਲ ਹੈ। ਇਸ ਵੀਡੀਓ ਨੂੰ ਦੇਖਣ ਤੋਂ ਬਾਅਦ ਪ੍ਰਸ਼ੰਸਕਾਂ ਨੇ ਵੀ ਜ਼ਬਰਦਸਤ ਪ੍ਰਤੀਕਿਰਿਆ ਦਿੱਤੀ ਹੈ ਅਤੇ ਸ਼ੁਭਦੀਪ ਨੂੰ ਜਨਮ ਦਾ ਸਟਾਰ ਅਤੇ ਪੰਜਾਬ ਦਾ ਮਾਣ ਵੀ ਦੱਸਿਆ ਹੈ। ਇੱਕ ਪ੍ਰਸ਼ੰਸਕ ਨੇ ਲਿਖਿਆ ਕਿ ਦੰਤਕਥਾ ਵਾਪਸ ਆ ਗਈ ਹੈ। ਹਾਲਾਂਕਿ, ਵਿਦੇਸ਼ੀ ਧਰਤੀ 'ਤੇ ਸਿੱਧੂ ਨੂੰ ਪਿਆਰ ਕਰਨ ਵਾਲੇ ਕਈਆਂ ਲੋਕਾਂ ਨੇ ਪੁੱਛਿਆ ਹੈ ਕਿ ਟਾਈਮਜ਼ ਸਕੁਏਅਰ ਨਿਊਯਾਰਕ ਵਿਚ ਸਿੱਧੂ ਮੂਸੇਵਾਲਾ ਨੂੰ ਸ਼ਰਧਾਂਜਲੀ ਦੇਣ ਲਈ ਕਿੰਨਾ ਖਰਚਾ ਆਵੇਗਾ?






# ਅਮਰੀਕਾ 'ਚ ਗੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲੇ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ ਦੀ ਯੋਜਨਾ 'ਤੇ ਲੱਗੀ ਰੋਕ

ਮੈਕਐਲਨ (ਅਮਰੀਕਾ), (ਪੰਜਾਬ ਮੇਲ)- ਅਮਰੀਕਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਣ ਦੇ ਸ਼ੱਕ ਵਿਚ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਟੈਕਸਾਸ ਦੀ ਯੋਜਨਾ ਇਕ ਵਾਰ ਫਿਰ ਰੋਕ ਦਿੱਤੀ ਗਈ। ਇਹ ਕਦਮ ਇਸ ਸਬੰਧ 'ਚ ਕਾਨੂੰਨ ਲਾਗੂ ਹੋਣ ਤੋਂ ਕੁੱਝ ਸਮੇਂ ਬਾਅਦ ਸਰਹੱਦ 'ਤੇ ਬਣੀ ਅਨਿਸ਼ਚਿਤਤਾ ਅਤੇ ਮੈਕਸੀਕੋ ਵੱਲੋਂ ਪ੍ਰਗਟਾਈ ਗਈ ਨਾਰਾਜ਼ਗੀ ਦੇ ਚੱਲਦਿਆਂ ਚੁੱਕਿਆ ਗਿਆ ਹੈ। ਪੰਜਵੀਂ ਅਮਰੀਕੀ ਸਰਕਟ ਅਪੀਲੀ ਕੋਰਟ ਦੇ ਪੈਨਲ ਨੇ ਜਾਰੀ ਕੀਤੇ ਇੱਕ ਆਦੇਸ਼ ਵਿਚ ਇੱਕ ਵਾਰ ਫਿਰ ਕਾਨੂੰਨ 'ਤੇ ਰੋਕ ਲਗਾ ਦਿੱਤੀ। ਇਸ ਤੋਂ ਪਹਿਲਾਂ, ਸੁਪਰੀਮ ਕੋਰਟ ਨੇ ਇੱਕ ਫੈਸਲੇ ਵਿਚ ਟੈਕਸਾਸ ਰਾਜ ਨੂੰ ਸਖਤ ਇਮੀਗ੍ਰੇਸ਼ਨ ਕਾਨੂੰਨ ਲਾਗੂ ਕਰਨ ਦੀ ਇਜਾਜ਼ਤ ਦਿੱਤੀ ਸੀ, ਜਿਸ ਵਿਚ ਪੁਲਿਸ ਨੂੰ ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਦੇ ਦੋਸ਼ੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਦੇ ਵਿਆਪਕ ਅਧਿਕਾਰ ਦਿੱਤੇ ਗਏ ਸਨ ਪਰ ਬਾਅਦ ਵਿਚ 2:1 ਦੇ ਅਨੁਪਾਤ ਵਿਚ ਦਿੱਤੇ ਗਏ ਆਦੇਸ਼ ਵਿਚ ਇੱਕ ਅਪੀਲੀ ਅਦਾਲਤ ਦੇ ਪੈਨਲ ਨੇ ਦੁਆਰਾ ਇਸ 'ਤੇ ਰੋਕ ਲਗਾ ਦਿੱਤੀ।






# ਦਿੱਲੀ ਹਾਈਕੋਰਟ 'ਚ ਕੇਜਰੀਵਾਲ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਸਬੰਧੀ ਜਨਹਿੱਤ ਪਟੀਸ਼ਨ ਦਾਇਰ

**ਨਵੀਂ ਦਿੱਲੀ, (ਪੰਜਾਬ ਮੇਲ)**- ਆਬਕਾਰੀ ਨੀਤੀ ਨਾਲ ਸਬੰਧਿਤ ਮਨੀ ਲਾਂਡਰਿੰਗ ਦੇ ਦੋਸ਼ ਹੇਠ ਗ੍ਰਿਫ਼ਤਾਰ ਅਰਵਿੰਦ ਕੇਜਰੀਵਾਲ ਨੂੰ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਵਾਲੀ ਇਕ ਜਨਹਿੱਤ ਪਟੀਸ਼ਨ (ਪੀ.ਆਈ.ਐੱਲ.) ਦਿੱਲੀ ਹਾਈ ਕੋਰਟ ਵਿਚ ਦਾਇਰ ਕੀਤੀ ਗਈ। ਪਟੀਸ਼ਨ ਵਿਚ ਕਿਹਾ ਗਿਆ ਕਿ ਕੇਜਰੀਵਾਲ ਦੀ ਗ੍ਰਿਫ਼ਤਾਰੀ ਮਗਰੋਂ ਦਿੱਲੀ ਦੀ ਮੰਤਰੀ ਆਤਿਸ਼ੀ ਨੇ ਵੱਖ-ਵੱਖ ਚੈਨਲਾਂ ਨੂੰ ਦਿੱਤੇ ਇੰਟਰਵਿਊ ਵਿਚ ਕਿਹਾ ਕਿ ਕੇਜਰੀਵਾਲ ਆਪਣੇ ਅਹੁਦੇ ਤੋਂ ਅਸਤੀਫ਼ਾ ਨਹੀਂ ਦੇਣਗੇ ਅਤੇ ਜੇਕਰ ਲੋੜ ਪਈ ਤਾਂ ਜੇਲ੍ਹ ਵਿਚੋਂ ਸਰਕਾਰ ਚਲਾਉਣਗੇ। ਸੁਰਜੀਤ ਸਿੰਘ ਯਾਦਵ ਨੇ ਵਕੀਲ ਸ਼ਸ਼ੀ ਰੰਜਨ ਕੁਮਾਰ ਸਿੰਘ ਰਾਹੀਂ ਦਾਇਰ ਪਟੀਸ਼ਨ ਵਿਚ ਕਿਹਾ ਹੈ ਕਿ ਇਸ ਨਾਲ ਕਾਨੂੰਨ ਦੀ ਉਚਿਤ ਪ੍ਰਕਿਰਿਆ 'ਚ



ਰੁਕਾਵਟ ਪੈਦਾ ਹੋਵੇਗੀ।

ਆਤਿਸ਼ੀ ਨੇ ਦਾਅਵਾ ਕੀਤਾ ਕਿ ਕਥਿਤ ਆਬਕਾਰੀ ਨੀਤੀ ਘਪਲੇ ਵਿਚ ਕਈ ਛਾਪੇ, ਗ੍ਰਿਫਤਾਰੀਆਂ ਅਤੇ ਦੋ ਸਾਲਾਂ ਦੀ ਜਾਂਚ ਦੇ ਬਾਵਜੂਦ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਆਮ ਆਦਮੀ ਪਾਰਟੀ (ਆਪ) ਦੇ ਕਿਸੇ ਆਗੂ ਖਿਲਾਫ ਪੈਸਿਆਂ ਦੇ ਲੈਣ-ਦੇਣ ਦੀ ਗੱਲ ਸਾਬਤ ਨਹੀਂ ਕਰ ਸਕੀ। 'ਆਪ' ਆਗੂ ਨੇ ਇਹ ਵੀ ਕਿਹਾ ਕਿ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਸ਼ਰਦ ਪੀ. ਰੈੱਡੀ ਦੇ ਬਿਆਨ ਦੇ ਆਧਾਰ 'ਤੇ ਵੀਰਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਸੀ।

ਆਤਿਸ਼ੀ ਨੇ ਕਿਹਾ ਕਿ ਅਰਬਿੰਦੋ ਫਾਰਮਾ ਦੇ ਰੈੱਡੀ ਨੂੰ ਡਾਇਰੈਕਟੋਰੇਟ ਨੇ ਨਵੰਬਰ 'ਚ ਐਕਸਾਈਜ਼ ਨੀਤੀ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਰੈੱਡੀ ਨੇ ਚੋਣ ਬਾਂਡ ਰਾਹੀਂ ਭਾਜਪਾ ਨੂੰ ਕਰੋੜਾਂ ਰੁਪਏ ਦਿੱਤੇ। ਆਤਿਸ਼ੀ ਨੇ ਈ.ਡੀ. ਨੂੰ ਭਾਜਪਾ ਖ਼ਿਲਾਫ਼ ਕੇਸ ਦਰਜ ਕਰਨ ਦੀ ਚੁਣੌਤੀ ਦਿੱਤੀ ਅਤੇ ਦੋਸ਼ ਲਾਇਆ ਕਿ ਅਖੌਤੀ ਆਬਕਾਰੀ ਨੀਤੀ ਘਪਲੇ ਵਿਚ ਪੈਸੇ ਦਾ ਲੈਣ-ਦੇਣ ਭਾਜਪਾ ਨਾਲ ਜੁੜਿਆ ਹੋਇਆ ਹੈ। ਮੰਤਰੀ ਨੇ ਦੋਸ਼ ਲਾਇਆ ਕਿ ਭਾਜਪਾ ਨੂੰ ਆਪਣੇ ਬੈਂਕ ਖਾਤਿਆਂ ਵਿਚ ਅਪਰਾਧ ਦੀ ਕਮਾਈ ਮਿਲੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਏਜੰਸੀ ਨੂੰ ਇਸ ਮਾਮਲੇ 'ਚ ਭਾਜਪਾ ਮੁਖੀ ਜੇ.ਪੀ. ਨੱਢਾ ਨੂੰ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ।

# ਫੋਟੋ ਪਛਾਣ ਪੱਤਰ ਤੋਂ ਇਲਾਵਾ 12 ਹੋਰ ਅਧਿਕਾਰਤ ਦਸਤਾਵੇਜ਼ਾਂ ਰਾਹੀਂ ਪਾਈ ਜਾ ਸਕਦੀ ਹੈ ਵੋਟ

**ਚੰਡੀਗੜ੍ਹ, (ਪੰਜਾਬ ਮੇਲ)**- ਲੋਕ ਸਭਾ ਚੋਣਾਂ-2024 ਦੌਰਾਨ ਪੰਜਾਬ ਦੇ ਵੋਟਰਾਂ ਦੀ ਸਹੂਲਤ ਲਈ ਭਾਰਤੀ ਚੋਣ ਕਮਿਸ਼ਨ ਨੇ ਵੋਟਰਾਂ ਨੂੰ 1 ਜੂਨ, 2024 ਨੂੰ ਵੋਟ ਪਾਉਣ ਲਈ ਫੋਟੋ ਪਛਾਣ ਪੱਤਰ ਤੋਂ ਇਲਾਵਾ 12 ਹੋਰ ਅਧਿਕਾਰਤ ਦਸਤਾਵੇਜ਼ਾਂ ਨੂੰ ਪਛਾਣ ਦੇ ਸਬੂਤ ਵਜੋਂ ਮਾਨਤਾ ਦਿੱਤੀ ਹੈ। ਇਨ੍ਹਾਂ ਦਸਤਾਵੇਜ਼ਾਂ 'ਚੋਂ ਕੋਈ ਵੀ ਇਕ ਦਸਤਾਵੇਜ਼ ਵੋਟਰ ਆਪਣੀ ਪਛਾਣ ਵਜੋਂ ਪੋਲਿੰਗ ਸਟੇਸ਼ਨ 'ਤੇ ਨਾਲ ਲਿਜਾ ਸਕਦਾ ਹੈ। ਭਾਰਤੀ ਚੋਣ ਕਮਿਸ਼ਨ ਨੇ ਆਪਣੇ ਹੁਕਮਾਂ 'ਚ ਕਿਹਾ ਹੈ ਕਿ ਉਹ ਵੋਟਰ ਜੋ ਚੋਣ ਫੋਟੋ ਪਛਾਣ ਪੱਤਰ ਪੇਸ਼ ਕਰਨ ਦੇ ਯੋਗ ਨਹੀਂ ਹਨ, ਆਪਣੀ ਪਛਾਣ ਸਥਾਪਤ ਕਰਨ ਲਈ 12 ਹੋਰ ਦਸਤਾਵੇਜ਼ ਪੇਸ਼ ਕਰ ਸਕਦੇ ਹਨ। ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਬਾਰੇ ਜਾਣਕਾਰੀ ਦਿੰਦੇ ਹੋਏ ਮੁੱਖ ਚੋਣ ਅਧਿਕਾਰੀ ਸਿਬਿਨ ਸੀ, ਨੇ ਦੱਸਿਆ ਕਿ ਜਿਨ੍ਹਾਂ ਵੋਟਰਾਂ ਕੋਲ ਚੋਣ ਫੋਟੋ ਪਛਾਣ ਪੱਤਰ ਨਹੀਂ ਹਨ, ਉਹ ਆਧਾਰ ਕਾਰਡ, ਮਨਰੇਗਾ ਜੌਬ ਕਾਰਡ, ਬੈਂਕਾਂ/ਡਾਕਖਾਨੇ ਦੁਆਰਾ ਜਾਰੀ ਫੋਟੋ ਸਹਿਤ ਪਾਸਬੁੱਕ, ਕਿਰਤ ਮੰਤਰਾਲੇ ਦੀ ਸਕੀਮ ਅਧੀਨ ਜਾਰੀ ਹੈਲਥ ਸਮਾਰਟ ਕਾਰਡ, ਡਰਾਈਵਿੰਗ ਲਾਇਸੰਸ, ਪੈਨ ਕਾਰਡ, ਐੱਨ.ਪੀ.ਆਰ. ਅਧੀਨ ਆਰ.ਜੀ.ਆਈ. ਵਲੋਂ ਜਾਰੀ ਸਮਾਰਟ ਕਾਰਡ, ਭਾਰਤੀ ਪਾਸਪੋਰਟ, ਫੋਟੋ ਸਹਿਤ ਪੈਨਸ਼ਨ ਦਸਤਾਵੇਜ, ਕੇਂਦਰ/ਸੂਬਾ ਸਰਕਾਰਾਂ/ਜਨਤਕ ਖੇਤਰ ਦੇ ਅਦਾਰਿਆਂ ਜਾਂ ਪਬਲਿਕ ਲਿਮਿਟਡ ਕੰਪਨੀਆਂ ਦੁਆਰਾ ਆਪਣੇ ਮੁਲਾਜ਼ਮਾਂ ਨੂੰ ਜਾਰੀ ਸਰਵਿਸ ਪਛਾਣ ਪੱਤਰ, ਐੱਮ.ਪੀ.ਐੱਮ.ਐੱਲ.ਏ. ਨੂੰ ਜਾਰੀ ਪਛਾਣ ਪੱਤਰ ਅਤੇ ਯੂਨੀਕ ਡਿਸਏਬਿਲਟੀ ਪਛਾਣ ਪੱਤਰ ਜੋ ਕਿ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਲੋਂ ਜਾਰੀ ਕੀਤਾ ਹੋਵੇ, ਨੂੰ ਦਿਖਾ ਕੇ ਵੀ ਵੋਟ ਪਾ ਸਕਦੇ ਹਨ।

# ਪੰਜਾਬ 'ਚ ਅਕਾਲੀ-ਭਾਜਪਾ ਦੇ ਵੱਖੋ-ਵੱਖ ਹੋਏ ਰਾਹ !

**ਜਲੰਧਰ, (ਪੰਜਾਬ ਮੇਲ)**- ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਭਾਜਪਾ ਦੇ ਗਠਜੋੜ ਦੀਆਂ ਚਰਚਾਵਾਂ 'ਤੇ ਉਸ ਵੇਲੇ ਵਿਰਾਮ ਲੱਗ ਗਿਆ, ਜਦੋਂ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਐਲਾਨ ਕਰ ਦਿੱਤਾ ਕਿ ਭਾਜਪਾ ਪੰਜਾਬ 'ਚ ਇਕੱਲੀ ਹੀ ਲੋਕ ਸਭਾ ਚੋਣਾਂ ਲੜੇਗੀ। ਜਾਣਕਾਰੀ ਮੁਤਾਬਕ ਬੀਤੇ ਦਿਨੀਂ ਹੋਈ ਅਕਾਲੀ ਦਲ ਦੀ ਬੈਠਕ 'ਚ ਇਹ ਫ਼ੈਸਲਾ ਲਿਆ ਗਿਆ ਸੀ ਕਿ ਅਕਾਲੀ ਦਲ ਆਪਣੇ ਸਿਧਾਂਤਾਂ ਤੋਂ ਪਿੱਛੇ ਨਹੀਂ ਹਟੇਗਾ।

ਅਕਾਲੀ ਦਲ ਪਹਿਲਾਂ ਸ਼ਰਤਾਂ ਦੇ ਆਧਾਰ 'ਤੇ ਭਾਜਪਾ ਨਾਲ ਗਠਜੋੜ

**■ ਗਠਜੋੜ ਦੀਆਂ ਚਰਚਾਵਾਂ 'ਤੇ ਲੱਗਾ ਵਿਰਾਮ**

ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਭਾਜਪਾ ਨੂੰ ਸ਼ਰਤਾਂ ਮਨਜ਼ੂਰ ਨਹੀਂ ਸਨ। ਇਸ ਤੋਂ ਬਾਅਦ ਦੋਹਾਂ ਪਾਰਟੀਆਂ ਵਿਚਾਲੇ ਸੀਟਾਂ ਦਾ ਰੇੜਕਾ ਵੀ ਸੀ। ਇਹ ਵੀ ਪਤਾ ਲੱਗਾ ਹੈ ਕਿ ਸ਼ਾਇਦ ਭਾਜਪਾ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਵੀ ਅਕਾਲੀ ਦਲ ਨਾਲ ਗੱਲਬਾਤ ਚੱਲ ਰਹੀ, ਜੋ ਸਿਰੇ ਨਹੀਂ ਚੜ੍ਹ ਸਕੀ। ਇਸ ਕਾਰਨ ਦੋਹਾਂ ਪਾਰਟੀਆਂ 'ਚ ਗਠਜੋੜ ਲਈ ਸਹਿਮਤੀ ਨਹੀਂ ਬਣੀ। ਇਸ ਤੋਂ ਇਲਾਵਾ ਅਕਾਲੀ ਦਲ ਦਾ ਕੈਡਰ ਵੀ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੂੰ ਇਹੀ ਰਾਏ ਦੇ ਰਿਹਾ ਸੀ ਕਿ ਸਾਨੂੰ ਇਕ ਵਾਰ ਖੇਤਰੀ ਪਾਰਟੀ ਵਜੋਂ ਚੋਣਾਂ ਲੜਨੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਭਾਜਪਾ ਕੋਲ ਵੀ ਪ੍ਰਤੀਕਿਰਿਆ ਆ ਰਹੀ ਸੀ ਕਿ ਇਕ ਵਾਰ ਆਪਣੇ ਪੱਧਰ 'ਤੇ ਵੋਟਰਾਂ ਨੂੰ ਵੋਟ ਪਾਉਣ ਦਾ ਮੌਕਾ ਦਿੱਤਾ ਜਾਵੇ। ਇਸ ਲਈ ਹੁਣ ਦੋਹਾਂ ਪਾਰਟੀਆਂ ਦੇ ਰਾਹ ਵੱਖੋ-ਵੱਖ ਹਨ। ਇਸ ਤੋਂ ਬਾਅਦ ਹੁਣ ਅਕਾਲੀ ਦਲ ਵੀ ਅੰਦਰਖ਼ਾਤੇ ਤਿਆਰੀ ਕਰੀ ਬੈਠਾ ਹੈ ਕਿ ਪੰਜਾਬ ਦੀਆਂ 13 ਸੀਟਾਂ 'ਤੇ ਪਾਰਟੀ ਦੇ ਉਮੀਦਵਾਰਾਂ ਨੂੰ ਉਤਾਰਿਆ ਜਾਵੇਗਾ।

# ਸਿੱਧੂ ਨੇ ਲੋਕ ਸਭਾ ਚੋਣਾਂ 'ਚ ਚੋਣ ਪ੍ਰਚਾਰ ਛੱਡ ਕੁਮੈਂਟਰੀ ਦਾ ਰੁਖ ਕੀਤਾ

**ਚੰਡੀਗੜ੍ਹ, (ਪੰਜਾਬ ਮੇਲ)**- ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਕਾਂਗਰਸ ਵੱਲ ਨਵੀਂ 'ਗੁਗਲੀ' ਸੁੱਟੀ ਹੈ। ਚੋਣਾਂ ਦੇ ਤਾਰੀਖ਼ਾਂ ਦੇ ਐਲਾਨ ਮਗਰੋਂ ਸਿੱਧੂ ਨੇ ਵੀ ਐਲਾਨ ਕਰ ਦਿੱਤਾ ਹੈ ਕਿ ਉਹ ਆਈ.ਪੀ.ਐੱਲ. ਵਿਚ ਕੁਮੈਂਟਰੀ ਕਰਨਗੇ। ਇਸ ਦਾ ਐਲਾਨ ਉਨ੍ਹਾਂ ਨੇ ਆਪਣੇ ਟਵਿੱਟਰ ਅਕਾਊਂਟ 'ਤੇ ਇਕ ਪੋਸਟ ਸਾਂਝੀ ਕਰਦਿਆਂ ਕੀਤਾ। ਦੇਸ਼ ਵਿਚ ਲੋਕ ਸਭਾ ਚੋਣਾਂ 19 ਅਪ੍ਰੈਲ ਤੋਂ ਸ਼ੁਰੂ ਹੋ ਰਹੀਆਂ ਹਨ ਤੇ ਪੰਜਾਬ 'ਚ ਚੋਣ ਪ੍ਰਕਿਰਿਆ 7 ਮਈ ਤੋਂ ਸ਼ੁਰੂ ਹੋਵੇਗੀ ਤੇ 1 ਜੂਨ ਨੂੰ ਵੋਟਿੰਗ ਹੋਵੇਗੀ। ਉੱਥੇ ਹੀ ਆਈ.ਪੀ.ਐੱਲ.-2024 22 ਮਾਰਚ ਤੋਂ ਸ਼ੁਰੂ ਹੋ ਰਿਹਾ ਹੈ ਤੇ 29 ਮਈ ਤੱਕ ਚੱਲੇਗਾ। ਇਸ ਦੌਰਾਨ 74 ਮੈਚ ਖੇਡੇ ਜਾਣਗੇ, ਜਿਸ ਵਿਚ ਨਵਜੋਤ ਸਿੰਘ ਸਿੱਧੂ ਕੁਮੈਂਟਰੀ ਵਿਚ ਰੁੱਝੇ ਰਹਿਣਗੇ। ਇਸ ਦਾ ਸਿੱਧਾ-ਸਿੱਧਾ ਮਤਲਬ ਹੈ ਕਿ ਉਹ ਨਾ ਤਾਂ



ਚੋਣ ਲੜਨਗੇ, ਜੋ ਕਿ ਉਹ ਪਹਿਲਾਂ ਖੁੱਲ੍ਹ ਕੇ ਕਹਿ ਵੀ ਚੁੱਕੇ ਹਨ ਤੇ ਨਾ ਹੀ ਕਾਂਗਰਸ ਦੇ ਚੋਣ ਪ੍ਰਚਾਰ ਵਿਚ ਉਸ ਸਰਗਰਮੀ ਨਾਲ ਹਿੱਸਾ ਲੈ ਸਕਣਗੇ।

ਨਵਜੋਤ ਸਿੰਘ ਸਿੱਧੂ ਇਕ ਆਪਣੇ ਭਾਸ਼ਣਾਂ ਦੇ ਅੰਦਾਜ਼ ਲਈ ਸੁਰਖੀਆਂ ਵਿਚ ਰਹਿੰਦੇ ਹਨ। ਇਹੀ ਕਾਰਨ ਹੈ ਕਿ ਸਿਆਸੀ ਪਾਰਟੀਆਂ ਉਨ੍ਹਾਂ ਨੂੰ ਚੋਣਾਂ ਵਿਚ ਆਪਣੇ ਸਟਾਰ-ਪ੍ਰਚਾਰਕਾਂ ਦੀ ਸੂਚੀ ਵਿਚ ਜ਼ਰੂਰ ਸ਼ਾਮਲ ਕਰਦੀਆਂ ਹਨ। ਸਿੱਧੂ 2013 ਤੱਕ ਭਾਜਪਾ ਦੇ ਸਟਾਰ ਪ੍ਰਚਾਰਕ ਰਹੇ। ਉਸ ਮਗਰੋਂ ਜਦੋਂ ਉਹ ਕਾਂਗਰਸ ਵਿਚ ਆ ਗਏ, ਤਾਂ ਇੱਥੇ ਵੀ ਉਨ੍ਹਾਂ ਨੂੰ ਸਟਾਰ ਪ੍ਰਚਾਰਕ ਲਗਾਇਆ ਗਿਆ। ਪਰ ਇਸ ਵਾਰ ਜੇਕਰ ਉਹ ਆਈ.ਪੀ.ਐੱਲ. ਵਿਚ ਰੁੱਝੇ ਰਹੇ ਤਾਂ ਉਹ ਕਾਂਗਰਸ ਦੇ ਚੋਣ ਪ੍ਰਚਾਰ 'ਚੋਂ ਗਾਇਬ ਵੀ ਰਹਿ ਸਕਦੇ ਹਨ ਜਾਂ ਕਹਿ ਲਈਏ ਕਿ ਉਹ ਉਸ ਸਰਗਰਮੀ ਨਾਲ ਚੋਣ ਪ੍ਰਚਾਰ ਕਰਦੇ ਨਜ਼ਰ ਨਹੀਂ ਆਉਣਗੇ। ਕਾਂਗਰਸ ਪਾਰਟੀ ਨਵਜੋਤ ਸਿੰਘ ਸਿੱਧੂ ਨੂੰ ਪਟਿਆਲਾ ਤੋਂ ਲੋਕ ਸਭਾ ਚੋਣ ਲੜਵਾਉਣਾ ਚਾਹੁੰਦੀ ਸੀ। ਇੱਥੇ ਭਾਰਤੀ ਜਨਤਾ ਪਾਰਟੀ ਵੱਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪਰਨੀਤ ਕੌਰ ਨੂੰ ਚੋਣ ਮੈਦਾਨ ਵਿਚ ਉਤਾਰੇ ਜਾਣ ਦੀ ਚਰਚਾ ਹੈ, ਜਿਨ੍ਹਾਂ ਨੇ ਹਾਲ ਹੀ ਵਿਚ ਕਾਂਗਰਸ ਛੱਡ ਕੇ ਭਾਜਪਾ ਦਾ ਪੱਲਾ ਫੜਿਆ ਹੈ। ਕਾਂਗਰਸ ਪਾਰਟੀ ਸਿੱਧੂ ਨੂੰ ਪਰਨੀਤ ਕੌਰ ਦੇ ਖ਼ਿਲਾਫ਼ ਚੋਣ ਮੈਦਾਨ ਵਿਚ ਉਤਾਰਨਾ ਚਾਹੁੰਦੀ ਸੀ।




# ਸ਼ਾਰਜਾਹ ਵਿਖੇ ਫਾਂਸੀ ਦੀ ਸਜ਼ਾ ਯਾਫ਼ਤਾ ਚਾਰ ਨੌਜਵਾਨਾਂ ਲਈ ਮਸੀਹਾ ਬਣੇ ਡਾ: ਓਬਰਾਏ

- ਰਿਹਾਈ ਉਪਰੰਤ ਵਾਪਸ ਪਰਤਿਆ ਪੰਜਾਬ ਦਾ ਗੁਰਪ੍ਰੀਤ ਸਿੰਘ
- ਪਰਿਵਾਰ ਨੇ ਡਾ: ਓਬਰਾਏ ਨੂੰ ਉਨ੍ਹਾਂ ਵਾਸਤੇ ਫ਼ਰਿਸ਼ਤਾ ਤੇ ਜੀਵਨ ਦਾਤਾ ਦੱਸਿਆ





ਸ਼ਾਰਜਾਹ ਦੀ ਜੇਲ੍ਹ ਵਿਚੋਂ ਫਾਂਸੀ ਦੀ ਸਜ਼ਾ ਤੋਂ ਬਚ ਕੇ ਆਇਆ ਗੁਰਪ੍ਰੀਤ ਸਿੰਘ ਹਵਾਈ ਅੱਡੇ 'ਤੇ ਆਪਣੇ ਪਰਿਵਾਰ ਤੇ ਸਰਬੱਤ ਦਾ ਭਲਾ ਟਰੱਸਟ ਦੇ ਅਹੁਦੇਦਾਰਾਂ ਨਾਲ।

ਅੰਮ੍ਰਿਤਸਰ, (ਪੰਜਾਬ ਮੇਲ)- ਕੌਮਾਂਤਰੀ ਹੱਦਾਂ-ਸਰਹੱਦਾਂ ਤੋਂ ਉੱਤੇ ਉੱਠਦਿਆਂ ਦੇਸ਼-ਵਿਦੇਸ਼ ਵਿਚ ਲੋੜਵੰਦਾਂ ਲਈ ਮਸੀਹਾ ਬਣ ਪਹੁੰਚ ਕੇ ਲੋਕ ਸੇਵਾ ਦੀਆਂ ਨਵੀਆਂ ਮਿਸਾਲਾਂ ਸਿਰਜ ਰਹੇ ਉੱਘੇ ਕਾਰੋਬਾਰੀ ਡਾ: ਐੱਸ.ਪੀ. ਸਿੰਘ ਓਬਰਾਏ ਵੱਲੋਂ ਇੱਕ ਭਾਰਤੀ ਤੇ ਤਿੰਨ ਪਾਕਿਸਤਾਨੀ ਨੌਜਵਾਨਾਂ ਦੀ ਸ਼ਾਰਜਾਹ ਵਿਖੇ ਫਾਂਸੀ ਦੀ ਸਜ਼ਾ ਮੁਆਫ਼ ਕਰਵਾਏ ਜਾਣ ਉਪਰੰਤ ਪੰਜਾਬ ਦੇ ਗੁਰਦਾਸਪੁਰ ਦਾ ਨੌਜਵਾਨ ਗੁਰਪ੍ਰੀਤ ਸਿੰਘ ਵਤਨ ਪਰਤ ਆਇਆ ਹੈ।

ਇਹ ਚਾਰੇ ਨੌਜਵਾਨ ਸਾਲ 2019 ਤੋਂ ਸ਼ਾਰਜਾਹ ਵਿਖੇ ਇੱਕ ਹੋਰ ਭਾਰਤੀ ਨੌਜਵਾਨ ਦੇ ਕਤਲ ਦੇ ਮਾਮਲੇ ਵਿਚ ਫੜੇ ਗਏ ਸਨ। ਇਨ੍ਹਾਂ ਨੌਜਵਾਨਾਂ ਵਿਚ ਭਾਰਤੀ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਨਾਲ ਸੰਬੰਧਿਤ ਗੁਰਪ੍ਰੀਤ ਸਿੰਘ ਅਤੇ ਪਾਕਿਸਤਾਨੀ ਪੰਜਾਬ ਨਾਲ ਸੰਬੰਧਿਤ ਰਾਓ ਮੁਹੰਮਦ ਆਦਿਲ, ਰਾਣਾ ਤਾਬਿਸ਼ ਰਸ਼ੀਦ ਅਤੇ ਆਦਿਲ ਜਾਵੇਦ ਚੀਮਾ ਸ਼ਾਮਿਲ ਹਨ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸ਼ੇਖੂਪੁਰ ਦੇ ਗੁਰਪ੍ਰੀਤ ਸਿੰਘ ਦੇ ਪਰਿਵਾਰ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਅੰਮ੍ਰਿਤਸਰ ਇਕਾਈ ਨਾਲ ਸੰਪਰਕ ਕਰਨ ਤੋਂ ਬਾਅਦ ਡਾ: ਐੱਸ.ਪੀ. ਸਿੰਘ ਓਬਰਾਏ ਨੇ ਹੱਦਾਂ-ਸਰਹੱਦਾਂ ਤੋਂ ਉੱਪਰ ਉੱਠਦਿਆਂ ਇਸ ਕੇਸ ਦੀ ਪੈਰਵੀ ਸ਼ੁਰੂ ਕੀਤੀ ਸੀ। ਦੋ ਸਾਲ ਮੁਕੱਦਮਾ ਚੱਲਣ ਤੋਂ ਬਾਅਦ ਸ਼ਾਰਜਾਹ ਦੀ ਅਦਾਲਤ ਨੇ ਇਨ੍ਹਾਂ ਚਾਰ ਨੌਜਵਾਨਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਸੀ। ਕਤਲ ਹੋਏ ਬਲਾਚੌਰ ਨੇੜਲੇ ਨੌਜਵਾਨ ਦੇ ਮਾਪਿਆਂ ਨਾਲ ਲੰਬੇ ਸੰਪਰਕ ਤੋਂ ਬਾਅਦ ਡਾਕਟਰ ਐੱਸ.ਪੀ. ਸਿੰਘ ਉਬਰਾਏ ਉਹਨਾਂ ਨੂੰ ਬਲੱਡ ਮਨੀ ਲੈਣ ਲਈ ਸਹਿਮਤ ਕਰਨ ਵਿਚ ਕਾਮਯਾਬ ਹੋਏ। ਇਸ ਸਹਿਮਤੀ ਤੋਂ ਬਾਅਦ ਸ਼ਾਰਜਾਹ ਅਦਾਲਤ ਵਿਚ ਜੱਜਾਂ ਦੀ ਮੌਜੂਦਗੀ ਵਿਚ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੂੰ ਡਾਕਟਰ ਉਬਰਾਏ ਨੇ ਬਲੱਡ ਮਨੀ ਦੇ ਤੌਰ 'ਤੇ 2 ਲੱਖ ਦਰਾਮ (ਕਰੀਬ 46 ਲੱਖ ਭਾਰਤੀ ਰੁਪਏ) ਮੌਕੇ 'ਤੇ ਸੌਂਪੇ ਅਤੇ ਪੀੜਤ ਪਰਿਵਾਰ ਕੋਲੋਂ ਦੋਸ਼ੀ ਨੌਜਵਾਨਾਂ ਵਾਸਤੇ ਫਾਂਸੀ ਦੀ ਸਜ਼ਾ ਮੁਆਫੀ ਵਾਸਤੇ ਪ੍ਰਵਾਨਗੀ ਹਾਸਿਲ ਕੀਤੀ ਸੀ। ਇਸ ਬਲੱਡ ਮਨੀ ਦੀ ਰਕਮ ਵਿਚ ਚਾਰੇ ਨੌਜਵਾਨਾਂ ਦੇ ਪਰਿਵਾਰਾਂ ਵੱਲੋਂ ਯੋਗਦਾਨ ਦੇਣ ਤੋਂ ਇਲਾਵਾ ਵੱਡਾ ਹਿੱਸਾ ਡਾ: ਓਬਰਾਏ ਨੇ ਆਪਣੇ ਕੋਲੋਂ ਪਾਇਆ। ਇਸ ਮਾਮਲੇ ਸੰਬੰਧੀ ਡਾ: ਓਬਰਾਏ ਨੇ ਦੱਸਿਆ ਕਿ ਸ਼ਾਰਜਾਹ ਅਦਾਲਤ ਨੇ ਪਿਛਲੇ ਦਿਨੀਂ ਅੰਤਿਮ ਫੈਸਲਾ ਦਿੰਦਿਆਂ ਉਕਤ ਚਾਰੇ ਨੌਜਵਾਨ ਰਿਹਾਅ ਕਰਨ ਦੇ ਹੁਕਮ ਜਾਰੀ ਕੀਤੇ ਸਨ।

ਇਸਦੇ ਫਲਸਰੂਪ ਸ਼ਾਰਜਾਹ ਦੀ ਜੇਲ੍ਹ 'ਚੋਂ ਰਿਹਾਅ ਹੋਇਆ ਗੁਰਪ੍ਰੀਤ ਸਿੰਘ ਪੁੱਤਰ ਪਰਮਜੀਤ ਸਿੰਘ ਅੰਮ੍ਰਿਤਸਰ ਦੇ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜਾ, ਜਿੱਥੇ ਉਸਦੀ ਮਾਂ ਬਲਜੀਤ ਕੌਰ ਅਤੇ ਪਤਨੀ ਮੇਘਾ ਸਮੇਤ ਪਰਿਵਾਰਿਕ ਮੈਂਬਰਾਂ ਨੇ ਭਾਵੁਕ ਹੁੰਦਿਆਂ ਸਵਾਗਤ ਕੀਤਾ। ਪੰਜ ਸਾਲਾਂ ਦੇ ਅਰਸੇ ਬਾਅਦ ਫਾਂਸੀ ਦੀ ਸਜ਼ਾ ਤੋਂ ਬਚ ਕੇ ਵਾਪਸ ਪਰਤੇ ਗੁਰਪ੍ਰੀਤ ਤੇ ਪਰਿਵਾਰ ਦੇ ਮਿਲਾਪ ਦੌਰਾਨ ਜਜ਼ਬਾਤਾਂ ਦਾ ਬੇਰੋਕ ਵਹਿਣ ਹਰੇਕ ਦੀਆਂ ਅੱਖਾਂ ਨਮ ਕਰ ਗਿਆ। ਇੱਥੇ ਇਹ ਵੀ ਦੱਸਣਾ ਕੁਥਾਵਾਂ ਨਹੀਂ ਹੋਵੇਗਾ ਕਿ ਗੁਰਪ੍ਰੀਤ ਦਾ ਪਿਤਾ ਪਰਮਜੀਤ ਸਿੰਘ ਆਪਣੇ ਪੁੱਤਰ ਨੂੰ ਮਿਲਣ ਦੀ ਉਡੀਕ ਵਿਚ ਕਰੀਬ ਦੋ ਸਾਲ ਪਹਿਲਾਂ ਚੱਲ ਵਸਿਆ ਸੀ। ਰਿਹਾਅ ਹੋਏ ਗੁਰਪ੍ਰੀਤ ਸਿੰਘ ਤੇ ਉਸਦੇ ਪਰਿਵਾਰ ਨੇ ਗੁਰਪ੍ਰੀਤ ਦੀ ਜਾਨ ਬਚਾਉਣ ਵਾਲੇ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ: ਐੱਸ.ਪੀ. ਸਿੰਘ ਓਬਰਾਏ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਿਆਸੀ ਹੱਦਬੰਦੀਆਂ ਤੋਂ ਉੱਤੇ ਉੱਠ ਕੇ ਬੱਚਿਆਂ ਦੀ ਜ਼ਿੰਦਗੀ ਬਚਾਉਣ ਵਾਲਾ ਫਰਿਸ਼ਤਾ ਦੱਸਿਆ।

ਗੁਰਪ੍ਰੀਤ ਅਨੁਸਾਰ ਡਾ. ਓਬਰਾਏ ਖਾੜੀ ਮੁਲਕਾਂ ਵਿਚ ਫਸੇ ਸੈਂਕੜੇ ਲੋਕਾਂ ਲਈ ਰੱਬ ਦਾ ਦੂਤ ਬਣ ਕੇ ਬਹੁੜਦੇ ਹਨ। ਇਸ ਮੌਕੇ 'ਤੇ ਸਰਬੱਤ ਦਾ ਭਲਾ ਟਰੱਸਟ ਦੇ ਮਾਝਾ ਜ਼ੋਨ ਇਕਾਈ ਦੇ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਸਲਾਹਕਾਰ ਸੁਖਦੀਪ ਸਿੰਘ ਸਿੱਧੂ, ਜਨਰਲ ਸਕੱਤਰ ਮਨਪ੍ਰੀਤ ਸੰਧੂ, ਸ਼ਿਸ਼ਪਾਲ ਸਿੰਘ ਲਾਡੀ ਤੇ ਨਵਜੀਤ ਸਿੰਘ ਘਈ ਵੀ ਮੌਜੂਦ ਸਨ। ਇੱਥੇ ਇਹ ਜ਼ਿਕਰਯੋਗ ਹੈ ਕਿ ਸਾਲ 2010 ਤੋਂ ਲੈ ਕੇ ਹੁਣ ਤੱਕ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾਕਟਰ ਓਬਰਾਏ ਦੇ ਯਤਨਾਂ ਕਾਰਨ 138 ਵਿਅਕਤੀਆਂ ਨੂੰ ਫਾਂਸੀ ਜਾਂ 45 ਸਾਲਾਂ ਤੱਕ ਦੀਆਂ ਲੰਮੀਆਂ ਸਜ਼ਾਵਾਂ ਤੋਂ ਮੁਕਤੀ ਮਿਲੀ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 200 ਪਰਿਵਾਰਾਂ ਨੂੰ ਦਿੱਤੀ ਸਹਾਇਤਾ ਰਾਸ਼ੀ



ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ 200 ਲੋੜਵੰਦ ਪਰਿਵਾਰਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਹਰਚਰਨ ਸਿੰਘ ਸੋਥਾ ਮੈਂਬਰ ਆਲ ਇੰਡੀਆ ਕਾਂਗਰਸ ਕਮੇਟੀ ਅਤੇ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿੱਚ ਤਕਸੀਮ ਕੀਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਮਹੀਨਾਵਾਰ ਸਹਾਇਤਾ ਰਾਸ਼ੀ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਬਜ਼ੁਰਗਾਂ, ਕੰਮ ਕਰਨ ਤੋਂ ਅਸਮਰਥ ਅਤੇ ਇਕੱਲੀਆਂ ਰਹਿ ਰਹੀਆਂ ਵਿਧਵਾਵਾਂ ਨੂੰ ਦਿੱਤੀ ਜਾਂਦੀ ਹੈ। ਇਹ ਲੜੀ ਪਿਛਲੇ 9 ਸਾਲ ਤੋਂ ਜਾਰੀ ਹੈ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਸ ਤੋਂ ਇਲਾਵਾ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿਚ ਸੰਨੀ ਓਬਰਾਏ ਸਵੈਂ ਰੋਜ਼ਗਾਰ ਸਕੀਮ ਤਹਿਤ 9 ਮੁਫ਼ਤ ਸਿਖਲਾਈ ਸੈਂਟਰ (ਕੰਪਿਊਟਰ, ਸਿਲਾਈ, ਬਿਊਟੀ ਪਾਰਲਰ) ਵੀ ਚੱਲ ਰਹੇ ਹਨ, ਤਾਂ ਜੋ ਨੌਜਵਾਨ ਕੰਮਾਂ ਵਿਚ ਨਿਪੁੰਨ ਹੋ ਕੇ ਅਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਮਾਲਵਾ ਜੋਨ ਨੇ ਦੱਸਿਆ ਕਿ ਇਹ ਰਾਸ਼ੀ ਡਾ. ਓਬਰਾਏ ਵੱਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਟਰੱਸਟ ਦੀ ਕੋਈ ਵੀ ਰਸੀਦਬੁੱਕ ਨਹੀਂ ਹੈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾਇਰਡ ਪ੍ਰਿੰਸੀਪਲ, ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ, ਗੁਰਪਾਲ ਸਿੰਘ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਸੋਮਨਾਥ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਗੁਰਜੀਤ ਸਿੰਘ ਜੀਤਾ ਇੰਚਾਰਜ ਮਹੀਨਾਵਾਰ ਪੈਨਸ਼ਨ ਵੰਡ ਸਮਾਰੋਹ, ਜਸਵਿੰਦਰ ਸਿੰਘ ਮਣਕੂ ਆਦਿ ਹਾਜ਼ਰ ਸਨ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਨੂੰ ਦਿੱਤੀ ਵ੍ਹੀਲ ਚੇਅਰ



ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਤੋਂ ਲੋਕ ਭਲਾਈ ਦੇ ਅਨੇਕਾਂ ਕਾਰਜ ਜਾਰੀ ਹਨ। ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਅਤਿ ਲੋੜਵੰਦ ਅਤੇ ਗਰੀਬ ਪਰਿਵਾਰ ਦੇ ਮੈਂਬਰ ਨੂੰ ਵ੍ਹੀਲ ਚੇਅਰ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਗੱਲਬਾਤ ਦੌਰਾਨ ਦੱਸਿਆ ਕਿ ਸੁਖਵਿੰਦਰ ਸਿੰਘ ਜੋ ਅੱਜ ਤੋਂ 7 ਸਾਲ ਪਹਿਲਾਂ ਐਕਸੀਡੈਂਟ ਦੌਰਾਨ ਬਿਲਕੁਲ ਨਕਾਰਾ ਹੋ ਗਿਆ ਸੀ ਅਤੇ ਮੰਜੇ ਉੱਤੇ ਹੀ ਪਿਆ ਰਹਿੰਦਾ ਹੈ।

ਹੁਣ 7 ਸਾਲ ਬਾਅਦ ਥੋੜ੍ਹਾ-ਥੋੜ੍ਹਾ ਮੰਜੇ ਉੱਤੇ ਬੈਠਣ ਜੋਗਾ ਹੋ ਗਿਆ ਹੈ, ਤਾਂ ਪਰਿਵਾਰ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਨਾਲ ਤਾਲਮੇਲ ਕਰਕੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਟੀਮ ਨੂੰ ਵ੍ਹੀਲ ਚੇਅਰ ਲਈ ਬੇਨਤੀ



ਡਾ. ਐੱਸ.ਪੀ. ਸਿੰਘ ਓਬਰਾਏ।

ਕੀਤੀ ਗਈ ਸੀ। ਜੋ ਡਾ. ਓਬਰਾਏ ਵਲੋਂ ਤੁਰੰਤ ਵ੍ਹੀਲ ਚੇਅਰ ਭੇਜੀ ਗਈ, ਤਾਂ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਪਰਿਵਾਰ ਦੀ ਹਾਜ਼ਰੀ ਵਿਚ ਉਸ ਨੂੰ ਦਿੱਤੀ ਗਈ ਪਰਿਵਾਰ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਸ ਘਰ ਦਾ ਕਮਾਊ ਮੈਂਬਰ ਨਕਾਰਾ ਹੋਣ ਤੋਂ ਬਾਅਦ ਡਾ. ਓਬਰਾਏ ਵੱਲੋਂ ਇਸ ਪਰਿਵਾਰ ਦੀ ਬਾਂਹ ਫੜੀ ਹੋਈ ਹੈ। ਹਰ ਮਹੀਨੇ ਸਹਾਇਤਾ ਰਾਸ਼ੀ ਵੀ ਦਿੱਤੀ ਜਾਂਦੀ ਹੈ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਮਾਲਵਾ ਜੋਨ ਨੇ ਦੱਸਿਆ ਕਿ ਡਾ. ਓਬਰਾਏ ਵਲੋਂ ਸਾਰੀ ਰਾਸ਼ੀ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾਇਰਡ ਪ੍ਰਿੰਸੀਪਲ, ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ, ਗੁਰਪਾਲ ਸਿੰਘ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਅਸ਼ੋਕ ਕੁਮਾਰ, ਗੁਰਜੀਤ ਸਿੰਘ ਜੀਤਾ ਇੰਚਾਰਜ ਮਹੀਨਾਵਾਰ ਪੈਨਸ਼ਨ ਵੰਡ ਸਮਾਰੋਹ ਅਤੇ ਪਰਿਵਾਰਕ ਮੈਂਬਰ ਹਾਜ਼ਰ ਸਨ।

# ਲੋਕ ਸਭਾ ਚੋਣਾਂ 'ਚ ਅੰਮ੍ਰਿਤਸਰ ਤੋਂ ਜਿੱਤਣਾ ਭਾਜਪਾ ਲਈ ਨਹੀਂ ਹੋਵੇਗਾ ਸੌਖਾ

**■ 9 ਵਿਧਾਨ ਸਭਾ ਹਲਕਿਆਂ 'ਚ ਪਾਰਟੀ ਦਾ ਇਕ ਵੀ ਵਿਧਾਇਕ ਨਹੀਂ**

ਅੰਮ੍ਰਿਤਸਰ, (ਪੰਜਾਬ ਮੇਲ)-ਭਾਜਪਾ ਵੱਲੋਂ ਅੰਮ੍ਰਿਤਸਰ ਲੋਕ ਸਭਾ ਹਲਕੇ ਲਈ ਪਿਛਲੇ ਸਮਿਆਂ ਦੌਰਾਨ ਉੱਚੇ ਰੁਤਬੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਨੂੰ ਆਪਣੇ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਿਆ ਜਾਂਦਾ ਰਿਹਾ ਹੈ, ਜਿਸ ਤਹਿਤ ਇਸ ਵਾਰ ਵੀ ਨਵੇਂ ਚਿਹਰੇ ਨੂੰ ਮੈਦਾਨ ਵਿਚ ਉਤਾਰਨ ਦੀ ਸੰਭਾਵਨਾ ਹੈ ਪਰ ਭਾਜਪਾ ਉਮੀਦਵਾਰ ਵਾਸਤੇ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਜਿੱਤ ਹਾਸਲ ਕਰਨਾ ਸੌਖਾ ਨਹੀਂ ਹੋਵੇਗਾ। ਚਰਚਾ ਚੱਲ ਰਹੀ ਹੈ ਕਿ ਅਮਰੀਕਾ ਵਿਚ ਭਾਰਤ ਦੇ ਸਾਬਕਾ ਰਾਜਦੂਤ ਰਹੇ ਤਰਨਜੀਤ ਸਿੰਘ ਸੰਧੂ ਇਸ ਵਾਰ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਭਾਜਪਾ ਦੇ ਸੰਭਾਵੀ ਉਮੀਦਵਾਰ ਹੋ ਸਕਦੇ ਹਨ। ਇਸ ਸੰਸਦੀ ਹਲਕੇ ਤੋਂ ਭਾਜਪਾ ਵੱਲੋਂ 2014 ਵਿਚ ਅਰੁਣ ਜੇਤਲੀ ਅਤੇ 2019 ਵਿਚ ਸਾਬਕਾ ਰਾਜਦੂਤ ਹਰਦੀਪ ਸਿੰਘ ਪੁਰੀ ਨੂੰ ਭਾਜਪਾ ਉਮੀਦਵਾਰ ਵਜੋਂ ਉਤਾਰਿਆ ਗਿਆ ਸੀ। ਇਸ ਤੋਂ ਪਹਿਲਾਂ 2004 ਵਿਚ ਨਵਜੋਤ ਸਿੰਘ ਸਿੱਧੂ ਨੂੰ ਭਾਜਪਾ ਉਮੀਦਵਾਰ ਵਜੋਂ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਮੈਦਾਨ ਵਿਚ ਉਤਾਰਿਆ ਗਿਆ ਸੀ।

ਇਸ ਸੰਸਦੀ ਹਲਕੇ ਦੇ ਇਤਿਹਾਸ 'ਤੇ ਜੇਕਰ ਇਕ ਝਾਤ ਮਾਰੀ ਜਾਵੇ, ਤਾਂ ਹੁਣ ਤੱਕ ਹੋਈਆਂ 20 ਵਾਰ ਲੋਕ ਸਭਾ ਚੋਣਾਂ ਅਤੇ ਉਪ ਚੋਣਾਂ ਦੌਰਾਨ ਭਾਜਪਾ ਨੇ ਸਿਰਫ ਛੇ ਵਾਰ ਚੋਣ ਜਿੱਤੀ ਹੈ। ਇਨ੍ਹਾਂ ਵਿਚ ਤਿੰਨ ਵਾਰ ਨਵਜੋਤ ਸਿੰਘ ਸਿੱਧੂ ਅਤੇ ਇਕ ਵਾਰ ਦਇਆ ਸਿੰਘ ਸੋਢੀ ਨੇ ਬਤੌਰ ਭਾਜਪਾ ਉਮੀਦਵਾਰ ਚੋਣ ਜਿੱਤੀ ਸੀ, ਜਦੋਂਕਿ ਇਸ ਤੋਂ ਪਹਿਲਾਂ 1967 'ਚ ਭਾਰਤੀ ਜਨ ਸੰਘ ਦੇ ਉਮੀਦਵਾਰ ਵਜੋਂ ਯੱਗ ਦੱਤ ਸ਼ਰਮਾ ਤੇ 1977 'ਚ ਜਨਤਾ ਪਾਰਟੀ ਵੱਲੋਂ ਬਲਦੇਵ ਪ੍ਰਕਾਸ਼ ਨੇ ਚੋਣ ਜਿੱਤੀ ਸੀ। ਇਹ ਹਲਕਾ ਕਾਂਗਰਸ ਦਾ ਗੜ੍ਹ ਰਿਹਾ, ਜਿੱਥੇ ਕਾਂਗਰਸੀ ਉਮੀਦਵਾਰਾਂ ਨੇ 13 ਵਾਰ ਲੋਕ ਸਭਾ ਚੋਣ ਜਿੱਤੀ ਹੈ। ਇਸ ਵੇਲੇ ਭਾਜਪਾ ਦਾ ਦਿਹਾਤੀ ਹਲਕਿਆਂ ਵਿਚ ਕੋਈ ਵੱਡਾ ਆਧਾਰ ਨਹੀਂ ਹੈ ਅਤੇ ਇਸ ਸੰਸਦੀ ਹਲਕੇ ਦੇ ਨੌਂ ਵਿਧਾਨ ਸਭਾ ਹਲਕਿਆਂ ਵਿਚ ਚਾਰ ਹਲਕੇ ਦਿਹਾਤੀ ਹਲਕੇ ਹਨ। ਇਸ ਵੇਲੇ ਇਨ੍ਹਾਂ ਨੌਂ ਵਿਧਾਨ ਸਭਾ ਹਲਕਿਆਂ ਵਿਚ ਭਾਜਪਾ ਦਾ ਇਕ ਵੀ ਵਿਧਾਇਕ ਨਹੀਂ ਹੈ ਅਤੇ ਨੌਂ ਵਿਧਾਨ ਸਭਾ ਹਲਕਿਆਂ ਵਿਚੋਂ ਸੱਤ ਵਿਚ ਆਮ ਆਦਮੀ ਪਾਰਟੀ ਦਾ ਕਬਜ਼ਾ ਹੈ। ਮੌਜੂਦਾ ਸਥਿਤੀ ਵਿਚ ਭਾਜਪਾ ਉਮੀਦਵਾਰ ਵਾਸਤੇ ਇਸ ਹਲਕੇ ਤੋਂ ਚੋਣ ਜਿੱਤਣਾ ਸੌਖਾ ਨਹੀਂ ਹੈ।

## ਲੋਕ ਸਭਾ ਚੋਣਾਂ 'ਚ ਕਾਲੇ ਧਨ ਦੀ ਵਰਤੋਂ ਰੋਕਣ ਲਈ ਆਮਦਨ ਕਰ ਵਿਭਾਗ ਵੱਲੋਂ ਪੁਖ਼ਤਾ ਪ੍ਰਬੰਧ

ਜਲੰਧਰ, (ਪੰਜਾਬ ਮੇਲ)-ਭਾਰਤੀ ਚੋਣ ਕਮਿਸ਼ਨ ਦੇ ਹੁਕਮਾਂ ਤਹਿਤ ਆਮਦਨ ਕਰ ਵਿਭਾਗ ਦੇ ਜਾਂਚ ਡਾਇਰੈਕਟੋਰੇਟ ਨੇ ਆਗਾਮੀ ਲੋਕ ਸਭਾ ਚੋਣਾਂ ਵਿਚ ਕਾਲੇ ਧਨ ਦੀ ਵਰਤੋਂ ਰੋਕਣ ਲਈ ਪੁਖ਼ਤਾ ਪ੍ਰਬੰਧ ਕੀਤੇ ਹਨ। ਇਸ ਸਬੰਧੀ ਜੁਆਇੰਟ ਡਾਇਰੈਕਟਰ ਆਮਦਨ ਕਰ ਵਿਭਾਗ (ਜਾਂਚ) ਧਰਮੇਂਦਰ ਸਿੰਘ ਪੂਨੀਆ ਨੇ ਦੱਸਿਆ ਕਿ ਸ਼ਿਕਾਇਤਾਂ ਪ੍ਰਾਪਤ ਕਰਨ ਲਈ ਪੰਜਾਬ ਲਈ ਇਨਕਮ ਟੈਕਸ ਦਫ਼ਤਰ, ਚੰਡੀਗੜ੍ਹ ਵਿਚ ਇਕ ਟੋਲ-ਫ੍ਰੀ ਨੰਬਰ (1800-180-2141) ਤੇ ਇਕ ਵ੍ਹਟਸਐਪ ਨੰਬਰ ਵਾਲਾ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਇਹ ਚੌਵੀ ਘੰਟੇ ਕੰਮ ਕਰਦਾ ਹੈ। ਇਸ ਨੰਬਰ 'ਤੇ ਚੋਣ ਪ੍ਰਕਿਰਿਆ ਨੂੰ ਗਲਤ ਢੰਗ ਨਾਲ ਪ੍ਰਭਾਵਿਤ ਕਰਨ ਲਈ ਵਰਤੀ ਜਾਂਦੀ ਨਕਦੀ ਜਾਂ ਹੋਰ ਕੀਮਤੀ ਵਸਤੂਆਂ ਨਾਲ ਸਬੰਧਤ ਵਿਸ਼ੇਸ਼ ਜਾਣਕਾਰੀ ਦਿੱਤੀ ਜਾ ਸਕਦੀ ਹੈ। ਸੂਚਨਾ ਦੇਣ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ।

# ਹੁਣ ਤੱਕ ਕਾਂਗਰਸ ਤੇ ਅਕਾਲੀ ਦਲ ਦਾ ਰਿਹੈ ਤਰਨਤਾਰਨ ਹਲਕੇ 'ਤੇ ਕਬਜ਼ਾ

**■ 17 ਵਾਰ ਹੋਈਆਂ ਕੁੱਲ ਚੋਣਾਂ 'ਚੋਂ ਅਕਾਲੀ ਦਲ 9 ਅਤੇ ਕਾਂਗਰਸ ਨੇ ਸੱਤ ਵਾਰ ਜਿੱਤੀ ਚੋਣ**

ਤਰਨ ਤਾਰਨ, (ਪੰਜਾਬ ਮੇਲ)- ਐਮਰਜੈਂਸੀ ਦੀ ਸਮਾਪਤੀ ਉਪਰੰਤ ਸਾਲ 1977 ਦੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਨੇ ਤਰਨ ਤਾਰਨ ਤੋਂ ਕਾਂਗਰਸ ਪਾਰਟੀ ਦਾ ਜੇਤੂ ਰੱਥ ਰੋਕਿਆ ਸੀ। ਇਸ ਤੋਂ ਬਾਅਦ ਹਲਕੇ ਵਿਚ ਕਾਂਗਰਸ ਨੂੰ ਦਹਾਕਿਆਂ ਤੱਕ ਆਪਣੀ ਹੋਂਦ ਬਚਾਉਣੀ ਮੁਸ਼ਕਲ ਹੋ ਗਈ। ਇਸ ਚੋਣ ਵਿਚ ਜਥੇਦਾਰ ਮੋਹਨ ਸਿੰਘ ਤੁੜ ਨੇ ਕਾਂਗਰਸ ਪਾਰਟੀ ਦੇ ਤਤਕਾਲੀ ਲੋਕ ਸਭਾ ਮੈਂਬਰ ਗੁਰਦਿਆਲ ਸਿੰਘ ਢਿੱਲੋਂ ਨੂੰ ਹਰਾਇਆ ਸੀ। ਇਸ ਤੋਂ ਬਾਅਦ ਤਰਨ ਤਾਰਨ ਹਲਕੇ ਦਾ ਨਾਂ ਪੁਨਰਗਠਨ ਕਰਕੇ 'ਖਡੂਰ ਸਾਹਿਬ' ਰੱਖਿਆ ਗਿਆ। ਦੇਸ਼ ਦੀ ਆਜ਼ਾਦੀ ਉਪਰੰਤ ਤਰਨ ਤਾਰਨ ਹਲਕੇ ਤੋਂ 1952, 1957 ਅਤੇ 1962 ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਰਜੀਤ ਸਿੰਘ ਮਜੀਠੀਆ ਅਤੇ 1967 ਅਤੇ 1972 ਦੀਆਂ ਚੋਣਾਂ ਵਿਚ ਗੁਰਦਿਆਲ ਸਿੰਘ ਢਿੱਲੋਂ ਜੇਤੂ ਰਹੇ। ਲਗਾਤਾਰ ਪੰਜ ਵਾਰ ਜੇਤੂ ਰਹੀ ਕਾਂਗਰਸ ਪਾਰਟੀ ਨੂੰ ਇਸ ਹਲਕੇ ਤੋਂ ਹਾਰ ਦਾ ਕਦੇ ਚੇਤਾ ਵੀ ਨਹੀਂ ਆਇਆ ਹੋਵੇਗਾ। ਸਾਲ 1977 ਵਿਚ ਲੋਕ ਸਭਾ ਮੈਂਬਰ ਬਣਨ ਉਪਰੰਤ ਜਥੇਦਾਰ ਮੋਹਨ ਸਿੰਘ ਤੁੜ ਦਾ ਦਿਹਾਂਤ ਹੋ ਗਿਆ। ਇਸ ਹਲਕੇ ਦੀ ਜ਼ਿਮਨੀ ਚੋਣ ਹੋਣ ਤੋਂ ਪਹਿਲਾਂ ਹੀ ਲੋਕ ਸਭਾ ਭੰਗ ਹੋ ਗਈ ਅਤੇ ਇਸ ਤਰਨ ਤਾਰਨ ਹਲਕੇ ਤੋਂ ਅਕਾਲੀ ਦਲ ਵੱਲੋਂ ਉਨ੍ਹਾਂ ਦੇ ਲੜਕੇ ਜਥੇਦਾਰ ਲਹਿਣਾ ਸਿੰਘ ਤੁੜ ਨੂੰ ਪਾਰਟੀ ਟਿਕਟ ਦਿੱਤਾ ਗਿਆ ਅਤੇ ਉਹ ਚੋਣ ਜਿੱਤ ਗਏ। ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਗੁਰਦਿਆਲ ਸਿੰਘ ਢਿੱਲੋਂ ਚੋਣ ਹਾਰ ਗਏ। ਇਹ ਉਨ੍ਹਾਂ ਦੀ ਲਗਾਤਾਰ ਦੂਸਰੀ ਹਾਰ ਸੀ। ਇਸ ਚੋਣ ਦੌਰਾਨ ਪੰਜਾਬ ਵਿਚ ਤਰਨ ਤਾਰਨ ਤੋਂ ਇਲਾਵਾ ਬਾਕੀ ਦੀਆਂ 12 ਸੀਟਾਂ 'ਤੇ ਕਾਂਗਰਸ ਪਾਰਟੀ ਹੀ ਜੇਤੂ ਰਹੀ। ਇਵੇਂ ਪੰਜਾਬ ਅੰਦਰ ਅਕਾਲੀ ਦਲ ਕੇਵਲ ਤਰਨ ਤਾਰਨ ਤੋਂ ਹੀ ਜੇਤੂ ਰਿਹਾ ਸੀ।

1984 ਦੀ ਚੋਣ ਵਿਚ ਇਸ ਹਲਕੇ ਤੋਂ ਤੁੜ ਪਰਿਵਾਰ ਨਾਲ ਸਬੰਧਤ ਅਕਾਲੀ ਦਲ ਦੇ ਉਮੀਦਵਾਰ ਦੇ ਤੌਰ 'ਤੇ ਚੋਣ ਤਰਲੋਚਨ ਸਿੰਘ ਤੁੜ ਜਿੱਤੇ ਸਨ। 1989 ਦੀ ਨੌਵੀਂ ਲੋਕ ਚੋਣ ਵਿਚ ਇਸ ਹਲਕੇ ਤੋਂ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਸਿਮਰਨਜੀਤ ਸਿੰਘ ਜੇਤੂ ਰਹੇ। 1992 ਦੀ ਚੋਣ ਵਿਚ ਉਸ ਮੌਕੇ ਜਦੋਂ ਅਕਾਲੀ ਦਲ ਨੇ ਚੋਣ ਦਾ ਬਾਈਕਾਟ ਕੀਤਾ ਤਾਂ ਇਸ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਸੁਰਿੰਦਰ ਸਿੰਘ ਕੈਰੋਂ ਚੋਣ ਜਿੱਤ ਗਏ। ਉਪਰੰਤ 1996 ਦੀ ਚੋਣ ਵਿਚ ਇਸ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਮੇਜਰ ਸਿੰਘ ਉਬੋਕੇ ਨੇ ਕਾਂਗਰਸ ਪਾਰਟੀ ਦੇ ਸੁਰਿੰਦਰ ਸਿੰਘ ਕੈਰੋਂ ਨੂੰ ਹਰਾਇਆ। ਇਸ ਤੋਂ ਬਾਅਦ 1998 ਦੀ ਚੋਣ ਵਿਚ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਲਾਲਪੁਰਾ ਨੇ ਚੋਣ ਜਿੱਤੀ ਸੀ ਪਰ ਉਨ੍ਹਾਂ ਤਰਨ ਤਾਰਨ ਤੋਂ ਅਕਾਲੀ ਦਲ ਦੇ ਵਿਧਾਇਕ ਬਣੇ ਰਹਿਣ ਨੂੰ ਪਹਿਲ ਦਿੱਤੀ। ਇਸ ਹਲਕੇ ਤੋਂ 1998 'ਚ ਹੋਈ ਉੱਪ ਚੋਣ ਵਿਚ ਅਕਾਲੀ ਉਮੀਦਵਾਰ ਤਰਲੋਚਨ ਸਿੰਘ ਤੁੜ ਨੇ ਚੋਣ ਜਿੱਤੀ। ਇਸ ਮਗਰੋਂ ਤਰਲੋਚਨ ਸਿੰਘ ਤੁੜ ਨੇ 1999 ਦੀ ਅਕਾਲੀ ਦਲ ਵੱਲੋਂ ਮੁੜ ਚੋਣ ਜਿੱਤੀ। 2004 ਤੇ 2009 ਵਿਚ ਇਸ ਹਲਕੇ ਤੋਂ ਅਕਾਲੀ ਦਲ ਦੇ ਡਾ. ਰਤਨ ਸਿੰਘ ਅਜਨਾਲਾ ਤੇ 2014 ਵਿਚ ਇਸ ਹਲਕੇ ਤੋਂ ਅਕਾਲੀ ਦਲ ਦੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਜੇਤੂ ਰਹੇ। 2014 ਤੋਂ ਤਰਨ ਤਾਰਨ ਹਲਕੇ ਦਾ ਨਾਂ ਖਡੂਰ ਸਾਹਿਬ ਹੋ ਗਿਆ। ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਹਕੂਮਤ ਦੌਰਾਨ 2019 ਦੀ ਚੋਣ ਵਿਚ ਕਾਂਗਰਸ ਦੇ ਜਸਬੀਰ ਸਿੰਘ ਡਿੰਪਾ (ਗਿੱਲ) ਚੋਣ ਜਿੱਤੇ। ਇਵੇਂ ਅੱਜ ਤੱਕ 17 ਵਾਰ ਹੋਈਆਂ ਕੁੱਲ ਚੋਣਾਂ ਵਿਚੋਂ ਅਕਾਲੀ ਦਲ ਨੌਂ, ਕਾਂਗਰਸ ਪਾਰਟੀ ਸੱਤ ਅਤੇ ਇਕ ਵਾਰ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਇਸ ਹਲਕੇ ਤੋਂ ਜੇਤੂ ਰਹੇ।


**MATRIMONIAL**

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

**MATRIMONIAL**

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

**MATRIMONIAL**

Lovepreet Singh Gill, 26 yrs old, 5'11". US citizen, own small trucking company, living in Sacramento CA

**MATRIMONIAL**

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

**MATRIMONIAL**

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

**MATRIMONIAL**

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

# ਭਾਜਪਾ ਵੱਲੋਂ ਲੋਕ ਸਭਾ ਚੋਣਾਂ ਲਈ ਪੰਜਵੀਂ ਸੂਚੀ 'ਚ 111 ਉਮੀਦਵਾਰਾਂ ਦਾ ਐਲਾਨ

■ ਕੰਗਨਾ, ਮੇਨਕਾ, ਰਵੀ ਸ਼ੰਕਰ, ਅਰੁਣ ਗੋਵਿਲ ਤੇ ਨਵੀਨ ਜਿੰਦਲ ਨੂੰ ਟਿਕਟ



ਕੰਗਨਾ ਰਣੌਤ ਮੇਨਕਾ ਗਾਂਧੀ ਰਵੀਸ਼ੰਕਰ ਪ੍ਰਸਾਦ ਅਰੁਣ ਗੋਵਿਲ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਲੋਕ ਸਭਾ ਚੋਣਾਂ ਲਈ 111 ਉਮੀਦਵਾਰਾਂ ਦੇ ਨਾਂ ਦਾ ਐਲਾਨ ਕਰ ਕੇ ਪੰਜਵੀਂ ਸੂਚੀ ਜਾਰੀ ਕਰ ਦਿੱਤੀ ਹੈ। ਭਾਜਪਾ ਨੇ ਸਾਬਕਾ ਕੇਂਦਰੀ ਮੰਤਰੀ ਵੀ.ਕੇ. ਸਿੰਘ ਦੀ ਥਾਂ ਗਾਜ਼ੀਆਬਾਦ ਤੋਂ ਸਥਾਨਕ ਵਿਧਾਇਕ ਅਤੁਲ ਗਰਗ ਨੂੰ ਟਿਕਟ ਦਿੱਤਾ ਹੈ, ਜਦਕਿ ਬਿਹਾਰ ਦੇ ਬਕਸਰ ਤੋਂ ਕੇਂਦਰੀ ਮੰਤਰੀ ਅਸ਼ਵਨੀ ਚੌਬੇ ਦਾ ਟਿਕਟ ਕੱਟ ਕੇ ਮਿਥਲੇਸ਼ ਤਿਵਾੜੀ ਨੂੰ ਉਮੀਦਵਾਰ ਬਣਾਇਆ ਗਿਆ ਹੈ। ਪੀਲੀਭੀਤ ਤੋਂ ਮੌਜੂਦਾ ਸੰਸਦ ਮੈਂਬਰ ਵਰੁਣ ਗਾਂਧੀ ਦਾ ਟਿਕਟ ਕੱਟ ਕੇ ਜਿਤਿਨ ਪ੍ਰਸਾਦ ਨੂੰ ਉਮੀਦਵਾਰ ਬਣਾਇਆ ਗਿਆ ਹੈ। ਦੂਜੇ ਪਾਸੇ ਵਰੁਨ ਦੀ ਮਾਂ ਮੇਨਕਾ ਗਾਂਧੀ ਨੂੰ ਸੁਲਤਾਨਪੁਰ ਤੋਂ ਮੁੜ ਟਿਕਟ ਨਾਲ ਨਿਵਾਜਿਆ ਗਿਆ ਹੈ। ਕੇਂਦਰੀ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਓੜੀਸਾ ਦੇ ਸੰਭਲਪੁਰ ਤੋਂ ਪਾਰਟੀ ਉਮੀਦਵਾਰ ਬਣਾਇਆ ਗਿਆ ਹੈ। ਭਾਜਪਾ ਵਲੋਂ ਪੰਜਵੀਂ ਸੂਚੀ ਵਿਚ ਬੌਲੀਵੁਡ ਅਦਾਕਾਰਾ ਕੰਗਨਾ ਰਣੌਤ ਦਾ ਨਾਂ ਵੀ ਸ਼ਾਮਲ ਹੈ। ਉਨ੍ਹਾਂ ਨੂੰ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਟਿਕਟ ਦਿੱਤਾ ਗਿਆ ਹੈ। ਭਾਜਪਾ ਵਿਚ ਕੁਝ ਸਮਾਂ ਪਹਿਲਾਂ ਸ਼ਾਮਲ ਹੋਏ ਸਾਬਕਾ ਸੰਸਦ ਮੈਂਬਰ ਨਵੀਨ ਜਿੰਦਲ ਨੂੰ ਕੁਰੂਕਸ਼ੇਤਰ ਤੋਂ ਪਾਰਟੀ ਉਮੀਦਵਾਰ ਬਣਾਇਆ ਗਿਆ ਹੈ। ਕੇਂਦਰੀ ਮੰਤਰੀ ਗਿਰੀਰਾਜ ਸਿੰਘ ਇਕ ਵਾਰ ਮੁੜ ਬੇਗੂਸਰਾਏ ਤੋਂ ਚੋਣ ਲੜਨਗੇ। ਦੂਜੇ ਪਾਸੇ ਬਿਹਾਰ ਨਾਲ ਸਬੰਧਤ ਕੇਂਦਰੀ ਮੰਤਰੀ ਨਿਤਿਆਨੰਦ ਰਾਏ ਉਜਿਆਰਪੁਰ ਤੋਂ ਜਦਕਿ ਆਰ.ਕੇ. ਸਿੰਘ ਆਰਾ ਤੋਂ, ਰਾਮਕ੍ਰਿਪਾਲ ਯਾਦਵ ਪਾਟਲੀਪੁੱਤਰ ਤੋਂ ਚੋਣ ਲੜਨਗੇ। ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੂੰ ਮੁੜ ਪਟਨਾ ਸਾਹਿਬ ਤੇ ਸੁਸ਼ੀਲ ਕੁਮਾਰ ਸਿੰਘ ਨੂੰ ਔਰੰਗਾਬਾਦ ਤੋਂ ਟਿਕਟ ਦਿੱਤਾ ਗਿਆ ਹੈ।

## 'ਇੰਡੀਆ' ਗੱਠਜੋੜ ਵੱਲੋਂ ਦਿੱਲੀ ਵਿਚ ਮਹਾ ਰੈਲੀ 31 ਮਾਰਚ ਨੂੰ

**ਨਵੀਂ ਦਿੱਲੀ, (ਪੰਜਾਬ ਮੇਲ)-** ਵਿਰੋਧੀ ਧਿਰ 'ਇੰਡੀਆ' ਗਠਜੋੜ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਨ ਲਈ 31 ਮਾਰਚ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਇੱਕ 'ਮਹਾ ਰੈਲੀ' ਕੀਤੀ ਜਾਵੇਗੀ। 'ਇੰਡੀਆ' ਬਲਾਕ ਦੀ ਸਹਿਯੋਗੀ ਕਾਂਗਰਸ ਅਤੇ 'ਆਪ' ਨੇ ਦੇਸ਼ ਦੇ ਹਿੱਤਾਂ ਅਤੇ ਲੋਕਤੰਤਰ ਬਚਾਉਣ ਲਈ ਸਾਂਝੇ ਤੌਰ 'ਤੇ ਰੈਲੀ ਕਰਨ ਦਾ ਐਲਾਨ ਕੀਤਾ। 'ਆਪ' ਨੇਤਾ ਗੋਪਾਲ ਰਾਏ ਨੇ ਐਤਵਾਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਅਸੀਂ ਦੇਸ਼ ਵਿਚ ਜੋ ਕੁਝ ਹੋ ਰਿਹਾ ਹੈ, ਉਸ ਖ਼ਿਲਾਫ਼ 31 ਮਾਰਚ ਨੂੰ ਰਾਮਲੀਲਾ ਮੈਦਾਨ ਵਿਚ ਮਹਾ ਰੈਲੀ ਕਰਾਂਗੇ। ਲੋਕਤੰਤਰ ਅਤੇ ਦੇਸ਼ ਖਤਰੇ ਵਿਚ ਹੈ ਅਤੇ ਸਾਰੀਆਂ ਪਾਰਟੀਆਂ ਇਸ ਦੀ ਰੱਖਿਆ ਲਈ ਇਕਜੁੱਟ ਹੋਣਗੀਆਂ।" ਉਨ੍ਹਾਂ ਕਿਹਾ ਕਿ ਰੈਲੀ 'ਚ 'ਇੰਡੀਆ' ਗੱਠਜੋੜ ਦੀ ਸਿਖਰਲੀ ਲੀਡਰਸ਼ਿਪ ਵੀ ਸ਼ਮੂਲੀਅਤ ਕਰੇਗੀ।

ਪ੍ਰੈੱਸ ਕਾਨਫਰੰਸ ਦੌਰਾਨ ਮੌਜੂਦ ਕਾਂਗਰਸ ਦੀ ਦਿੱਲੀ ਇਕਾਈ ਦੇ ਮੁਖੀ ਅਰਵਿੰਦਰ ਸਿੰਘ ਲਵਲੀ ਨੇ ਆਪਣੀ ਪਾਰਟੀ ਦੇ ਖਾਤੇ ਬੰਦ ਕੀਤੇ ਜਾਣ ਅਤੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਵਿਰੋਧੀ ਧਿਰਾਂ ਨੂੰ ਸਰਕਾਰ ਦੇ ਅੜੁੱਕਵੇਂ ਰਵੱਈਏ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਵਲੀ ਨੇ ਕਿਹਾ, "31 ਮਾਰਚ ਦੀ ਮਹਾ ਰੈਲੀ ਸਿਰਫ਼ ਸਿਆਸੀ ਹੀ ਨਹੀਂ ਹੋਵੇਗੀ, ਸਗੋਂ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਅਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੁੱਧ ਆਵਾਜ਼ ਉਠਾਉਣ ਦਾ ਸੱਦਾ ਹੋਵੇਗੀ।"

# ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ 28 ਮਾਰਚ ਤੱਕ ਰਹਿਣਗੇ ਈ.ਡੀ. ਦੀ ਰਿਮਾਂਡ 'ਚ

■ 28 ਮਾਰਚ ਨੂੰ ਹੋਵੇਗੀ ਪੇਸ਼ੀ

**ਨਵੀਂ ਦਿੱਲੀ, (ਪੰਜਾਬ ਮੇਲ)-** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਦਿੱਲੀ ਸ਼ਰਾਬ ਘਪਲਾ ਮਾਮਲੇ 'ਚ ਵੀਰਵਾਰ ਸ਼ਾਮ ਨੂੰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਸੀ। ਈ.ਡੀ. ਦੀ ਟੀਮ ਵੀਰਵਾਰ ਸ਼ਾਮ ਕੇਜਰੀਵਾਲ ਦੇ ਘਰ ਪਹੁੰਚੀ ਸੀ। ਕਰੀਬ 2 ਘੰਟਿਆਂ ਦੀ ਪੁੱਛ-ਗਿੱਛ ਅਤੇ ਘਰ ਦੀ ਤਲਾਸ਼ੀ ਤੋਂ ਬਾਅਦ ਈ.ਡੀ. ਨੇ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਰਾਊਜ ਐਵੇਨਿਊ ਕੋਰਟ ਨੇ ਇਸ ਮਾਮਲੇ 'ਤੇ ਫ਼ੈਸਲਾ ਸੁਣਾਉਂਦੇ ਹੋਏ 6 ਦਿਨ ਦੀ ਈ.ਡੀ. ਰਿਮਾਂਡ 'ਤੇ ਭੇਜ ਦਿੱਤਾ। ਕੇਜਰੀਵਾਲ 28 ਮਾਰਚ ਤੱਕ ਈ.ਡੀ. ਦੀ ਹਿਰਾਸਤ 'ਚ ਰਹਿਣਗੇ। ਕੇਜਰੀਵਾਲ 28 ਮਾਰਚ ਦੁਪਹਿਰ 2 ਵਜੇ ਕੋਰਟ 'ਚ ਪੇਸ਼ੀ ਹੋਵੇਗੀ।

ਦੱਸਣਯੋਗ ਹੈ ਕਿ ਕੋਰਟ ਨੇ ਇਸ ਮਾਮਲੇ 'ਤੇ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ। ਜਿਸ ਤੋਂ ਬਾਅਦ ਹੁਣ ਇਹ ਫ਼ੈਸਲਾ ਸੁਣਾਇਆ ਗਿਆ ਹੈ। ਉੱਥੇ ਹੀ ਈ.ਡੀ. ਨੇ 10 ਦਿਨ ਦੀ ਰਿਮਾਂਡ ਮੰਗੀ ਸੀ। ਜ਼ਿਕਰਯੋਗ ਹੈ ਕਿ ਸ਼ਰਾਬ ਘਪਲਾ ਮਾਮਲੇ 'ਚ ਅਰਵਿੰਦ ਕੇਜਰੀਵਾਲ ਨੂੰ ਈ.ਡੀ. ਵੱਲੋਂ 9 ਸੰਮਨ ਭੇਜੇ ਜਾ ਚੁੱਕੇ ਹਨ, ਜਿਨ੍ਹਾਂ ਦੇ ਮਿਲਣ ਤੋਂ ਬਾਅਦ ਵੀ ਕੇਜਰੀਵਾਲ ਈ.ਡੀ. ਅੱਗੇ ਹਾਜ਼ਰ ਨਹੀਂ ਹੋਏ, ਜਿਸ ਤੋਂ ਬਾਅਦ ਈ.ਡੀ. ਦੀ ਪਾਰਟੀ ਖ਼ੁਦ 10ਵਾਂ ਸੰਮਨ ਲੈ ਕੇ ਉਨ੍ਹਾਂ ਦੇ ਘਰ ਪਹੁੰਚ ਗਈ ਅਤੇ ਪੁੱਛਗਿੱਛ ਤੋਂ ਬਾਅਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਮੌਕੇ ਉਨ੍ਹਾਂ ਦੇ ਘਰ ਦੇ ਬਾਹਰ ਵੱਡੀ ਗਿਣਤੀ 'ਚ ਪਾਰਟੀ ਸਮਰਥਕ ਹਾਜ਼ਰ ਹਨ, ਜੋ ਕੇਜਰੀਵਾਲ ਦੇ ਹੱਕ 'ਚ ਨਾਅਰੇਬਾਜ਼ੀ ਕਰ ਰਹੇ ਸਨ।

## ਦਿੱਲੀ ਪੁਲਿਸ ਨੇ 'ਆਪ' ਮੰਤਰੀ ਹਰਜੋਤ ਬੈਂਸ ਨੂੰ ਮੁੜ ਹਿਰਾਸਤ 'ਚ ਲਿਆ



**ਨਵੀਂ ਦਿੱਲੀ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਿਆਸਤ 'ਚ ਆਇਆ ਭੂਚਾਲ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਦਿੱਲੀ ਵਿਚ ਪ੍ਰਦਰਸ਼ਨ ਕਰ ਰਹੇ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਫਿਰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ। ਇਸ ਦੌਰਾਨ ਹਰਜੋਤ ਬੈਂਸ ਦੇ ਨਾਲ ਪ੍ਰਦਰਸ਼ਨ ਕਰ ਰਹੇ ਪੰਜਾਬ ਦੇ ਹੋਰ ਵਰਕਰਾਂ ਅਤੇ ਆਗੂਆਂ ਨੂੰ ਪੁਲਿਸ ਨੇ ਹਿਰਾਸਤ ਵਿਚ ਲਿਆ ਹੈ। ਮਿਲੀ ਜਾਣਕਾਰੀ ਮੁਤਾਬਕ 'ਆਪ' ਆਗੂਆਂ ਵੱਲੋਂ ਪ੍ਰਧਾਨ ਮੰਤਰੀ ਆਵਾਸ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਸੀ, ਜਿਸ ਤੋਂ ਬਾਅਦ ਦਿੱਲੀ ਦੇ ਪਟੇਲ ਚੌਕ ਤੋਂ 'ਆਪ' ਆਗੂਆਂ ਨੂੰ ਪੁਲਿਸ ਨੇ ਡਿਟੇਨ ਕਰ ਲਿਆ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਦੂਜੀ ਵਾਰ ਹਰਜੋਤ ਸਿੰਘ ਬੈਂਸ ਨੂੰ ਪੁਲਿਸ ਨੇ ਹਿਰਾਸਤ ਵਿਚ ਲਿਆ ਹੈ। ਇਸ ਤੋਂ ਪਹਿਲਾਂ ਬੀਤੇ ਸ਼ੁੱਕਰਵਾਰ ਨੂੰ ਬੈਂਸ ਨੂੰ ਪੁਲਿਸ ਨੇ ਹਿਰਾਸਤ ਵਿਚ ਲਿਆ ਸੀ। ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਦੇਸ਼ ਭਰ ਵਿਚ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

## ਕੇਜਰੀਵਾਲ ਦੀ ਗ੍ਰਿਫ਼ਤਾਰੀ ਕਾਰਨ ਕਰਮਜੀਤ ਅਨਮੋਲ ਦੀ ਚੋਣ ਮੁਹਿੰਮ ਪ੍ਰਭਾਵਿਤ



**ਫਰੀਦਕੋਟ, (ਪੰਜਾਬ ਮੇਲ)-**ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੇ ਫਰੀਦਕੋਟ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਦੀ ਚੋਣ ਮੁਹਿੰਮ ਨੂੰ ਵੀ ਪ੍ਰਭਾਵਿਤ ਕੀਤਾ ਹੈ। ਅਨਮੋਲ ਨੇ ਐਤਵਾਰ ਨੂੰ ਫ਼ਰੀਦਕੋਟ ਲੋਕ ਸਭਾ ਹਲਕੇ ਦੇ 12 ਪਿੰਡਾਂ ਵਿਚ ਨੁੱਕੜ ਮੀਟਿੰਗਾਂ ਕਰਨੀਆਂ ਸਨ, ਜਿਸ ਲਈ ਸਥਾਨਕ ਆਗੂਆਂ ਨੇ ਸਾਰੀਆਂ ਤਿਆਰੀਆਂ ਵੀ ਮੁਕੰਮਲ ਕਰ ਲਈਆਂ ਸਨ ਪਰ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਲੋਕ ਸਭਾ ਹਲਕੇ ਦੀ ਸਮੁੱਚੀ ਲੀਡਰਸ਼ਿਪ ਅਤੇ ਵਿਧਾਇਕ ਚੰਡੀਗੜ੍ਹ ਤੇ ਦਿੱਲੀ ਪੁੱਜੇ ਹੋਏ ਹਨ।



# ਪੰਜਾਬ ਦੇ ਵੋਟਰ ਵੋਟ ਦੇ ਇਸਤੇਮਾਲ ਸਮੇਂ ਸੁਣਦੇ ਨੇ ਜ਼ਮੀਰ ਦੀ!

**■ ਵੋਟਰਾਂ ਨੇ ਸੱਤਾਧਾਰੀ ਧਿਰ ਨੂੰ ਕਦੇ ਨਹੀਂ ਦਿੱਤੀ ਵੋਟਾਂ ਦੀ ਪੱਕੀ ਗਾਰੰਟੀ**


ਭਗਵੰਤ ਮਾਨ


ਸੁਖਬੀਰ ਬਾਦਲ


ਰਾਜਾ ਵੜਿੰਗ


ਸੁਨੀਲ ਜਾਖੜ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦਾ ਵੋਟਰ ਲੋਕ ਸਭਾ ਚੋਣਾਂ 'ਚ ਕਿਸੇ ਵੀ ਸਿਆਸੀ ਪਾਰਟੀ ਨੂੰ ਪੱਕੀ 'ਗਾਰੰਟੀ' ਨਹੀਂ ਦਿੰਦਾ ਅਤੇ ਸਿਆਸੀ ਧਿਰਾਂ ਦੇ ਕਿਆਸ ਕਦੇ ਸਹੀ ਅਤੇ ਕਦੇ ਗ਼ਲਤ ਹੁੰਦੇ ਰਹੇ ਹਨ। ਸੱਤਾਧਾਰੀ ਤੇ ਵਿਰੋਧੀ ਧਿਰ ਨੇ ਵੋਟਰਾਂ ਨੂੰ ਹਮੇਸ਼ਾ ਚੋਣਾਂ ਮੌਕੇ ਚੋਗਾ ਪਾਇਆ ਪ੍ਰੰਤੂ ਵੋਟਰਾਂ ਨੇ ਵੋਟ ਦਾ ਇਸਤੇਮਾਲ ਕਰਨ ਸਮੇਂ ਆਪਣੀ ਜ਼ਮੀਰ ਦੀ ਸੁਣੀ। ਲੋਕ ਸਭਾ ਚੋਣਾਂ ਦੇ ਅਤੀਤ ਦੇ ਨਤੀਜੇ ਦੇਖਿਆਂ ਇਹ ਗੱਲ ਪੱਲੇ ਪੈਂਦੀ ਹੈ ਕਿ ਕੋਈ ਵੀ ਸਿਆਸੀ ਧਿਰ ਚੋਣ ਨਤੀਜਿਆਂ ਬਾਰੇ ਅਗਾਊਂ ਅੰਦਾਜ਼ੇ ਨਹੀਂ ਲਾ ਸਕਦੀ। ਆਮ ਆਦਮੀ ਪਾਰਟੀ ਦੇ ਦਾਅਵੇ ਅਤੀਤ ਦੇ ਚੁਣਾਵੀਂ ਰੌਂਅ ਨੂੰ ਕਿੰਨਾ ਕੁ ਮੋੜਾ ਦੇਣਗੇ, ਚੋਣ ਨਤੀਜਿਆਂ ਤੋਂ ਹੀ ਪਤਾ ਚੱਲੇਗਾ।

ਤੱਥਾਂ ਅਨੁਸਾਰ ਸਾਲ 2019 ਦੀਆਂ ਲੋਕ ਸਭਾ ਚੋਣਾਂ ਮੌਕੇ ਸੂਬੇ 'ਚ ਕਾਂਗਰਸ ਸਰਕਾਰ ਸੀ ਤੇ ਉਸ ਸਮੇਂ ਸੱਤਾਧਾਰੀ ਧਿਰ ਨੂੰ ਅੱਠ ਸੀਟਾਂ ਮਿਲੀਆਂ। ਦੂਸਰਾ ਪਾਸਾ ਦੇਖੀਏ ਕਿ ਜਦੋਂ 2004 ਵਿਚ ਕਾਂਗਰਸੀ ਰਾਜ ਭਾਗ ਦੌਰਾਨ ਲੋਕ ਸਭਾ ਦੇ ਨਤੀਜੇ ਆਏ ਤਾਂ ਸੱਤਾਧਾਰੀ ਧਿਰ ਨੂੰ ਸਿਰਫ਼ ਦੋ ਸੀਟਾਂ ਹਾਸਲ ਹੋਈਆਂ। ਇਵੇਂ ਪੰਜਾਬ 'ਚ ਜਦੋਂ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਸੀ, ਤਾਂ ਉਦੋਂ ਸੱਤਾਧਾਰੀ ਧਿਰ ਨੂੰ ਸਾਲ 2014 ਵਿਚ ਚਾਰ ਸੀਟਾਂ ਅਤੇ ਸਾਲ 2009 ਵਿਚ ਵੀ ਚਾਰ ਸੀਟਾਂ ਹੀ ਮਿਲੀਆਂ ਸਨ। 2019 ਵਿਚ ਕਾਂਗਰਸੀ ਹਕੂਮਤ ਸਮੇਂ ਸ਼੍ਰੋਮਣੀ ਅਕਾਲੀ ਦਲ ਦੋ ਸੀਟਾਂ ਤੱਕ ਹੀ ਸੀਮਿਤ ਰਹਿ ਗਿਆ। ਪੰਜਾਬ ਦੇ ਵੋਟਰ ਨੇ ਕਦੇ ਵੀ ਸੱਤਾਧਾਰੀ ਧਿਰ ਨੂੰ ਵੋਟਾਂ ਦੀ ਪੱਕੀ ਗਾਰੰਟੀ ਨਹੀਂ ਦਿੱਤੀ। ਰਾਜਸੀ ਰੁਝਾਨ ਦੇਖੀਏ ਤਾਂ ਸਾਲ 1996 ਤੋਂ ਬਾਅਦ ਕਾਂਗਰਸ ਨੇ ਵਿਰੋਧੀ ਧਿਰ ਵਿਚ ਹੁੰਦਿਆਂ ਦੋ ਦਫਾ ਸਾਲ 1999 ਅਤੇ ਸਾਲ 2009 ਵਿਚ ਅੱਠ-ਅੱਠ ਸੀਟਾਂ ਜਿੱਤੀਆਂ ਹਨ। ਸ਼੍ਰੋਮਣੀ ਅਕਾਲੀ ਦਲ ਨੇ ਵਿਰੋਧੀ ਧਿਰ ਵਿਚ ਹੁੰਦਿਆਂ ਸਾਲ 1996 ਅਤੇ ਸਾਲ 1998 ਵਿਚ ਅੱਠ-ਅੱਠ ਸੀਟਾਂ ਅਤੇ ਮੁੜ ਸਾਲ 2004 ਵਿਚ ਵੀ ਅੱਠ ਸੀਟਾਂ ਜਿੱਤਿਆਂ ਹਨ। ਆਮ ਆਦਮੀ ਪਾਰਟੀ ਦਾ ਹੁਣ ਦਾਅਵਾ ਹੈ ਕਿ ਉਹ '13-0' ਕਰਨਗੇ। ਪੁਰਾਣੇ ਰੁਝਾਨ ਨੂੰ ਮੋੜਾ ਦੇਣਾ 'ਆਪ' ਲਈ ਔਖਾ ਜਾਪਦਾ ਹੈ।

ਅਗਾਂਹ ਦੇਖੀਏ ਤਾਂ ਸਾਲ 1996 ਤੋਂ ਵਰ੍ਹਾ 2019 ਤੱਕ ਲੋਕ ਸਭਾ ਦੀਆਂ ਸੱਤ ਚੋਣਾਂ ਹੋਈਆਂ ਹਨ। ਇਨ੍ਹਾਂ ਸੱਤ ਚੋਣਾਂ 'ਚੋਂ ਸ਼੍ਰੋਮਣੀ ਅਕਾਲੀ ਦਲ ਨੇ ਚਾਰ ਵਾਰ ਵੱਧ ਸੀਟਾਂ ਹਾਸਲ ਕੀਤੀਆਂ ਹਨ, ਜਦਕਿ ਕਾਂਗਰਸ ਨੇ ਤਿੰਨ ਵਾਰ ਵੱਧ ਸੀਟਾਂ ਪ੍ਰਾਪਤ ਕੀਤੀਆਂ ਹਨ। ਕਿਸੇ ਸਿਆਸੀ ਧਿਰ ਨੂੰ ਇਨ੍ਹਾਂ ਸੱਤ ਚੋਣਾਂ ਦੌਰਾਨ ਵੱਧ ਤੋਂ ਵੱਧ ਅੱਠ ਸੀਟਾਂ ਮਿਲੀਆਂ ਹਨ। 'ਆਪ' ਨੂੰ 2014 ਵਿਚ ਪਹਿਲੀ ਵਾਰ ਚਾਰ ਸੀਟਾਂ ਪ੍ਰਾਪਤ ਹੋਈਆਂ ਸਨ, ਜਦਕਿ ਸਾਲ 2019 ਵਿਚ ਇਕੱਲੀ ਸੰਗਰੂਰ ਲੋਕ ਸਭਾ ਸੀਟ ਤੋਂ ਭਗਵੰਤ ਮਾਨ ਨੇ ਜਿੱਤ ਪ੍ਰਾਪਤ ਕੀਤੀ ਸੀ।

ਭਾਜਪਾ ਨੂੰ ਅਕਾਲੀ ਦਲ ਨਾਲ ਗੱਠਜੋੜ ਦੇ ਹੁੰਦੇ ਹੋਏ ਸਾਲ 1998 ਅਤੇ ਸਾਲ 2004 ਵਿਚ ਤਿੰਨ-ਤਿੰਨ ਸੀਟਾਂ 'ਤੇ ਜਿੱਤ ਹਾਸਲ ਹੋਈ, ਜਦਕਿ ਸਾਲ 1999 ਅਤੇ ਸਾਲ 2009 ਵਿਚ ਸਿਰਫ ਇੱਕ-ਇੱਕ ਸੀਟ 'ਤੇ ਹੀ ਸਬਰ ਕਰਨਾ ਪਿਆ। ਪਿਛਲੀ 2019 ਅਤੇ ਸਾਲ 2014 ਵਾਲੀ ਚੋਣ ਵਿਚ ਭਾਜਪਾ ਨੂੰ ਕੇਵਲ ਦੋ ਦੋ ਸੀਟਾਂ ਪ੍ਰਾਪਤ ਹੋਈਆਂ। ਪੰਜਾਬੀ ਸੂਬਾ ਬਣਨ ਮਗਰੋਂ ਸਾਲ 1991 ਵਿਚ ਲੋਕ ਸਭਾ ਚੋਣਾਂ 'ਚ ਕਾਂਗਰਸ ਨੇ ਸਭ ਤੋਂ ਵੱਧ 12 ਸੀਟਾਂ ਜਿੱਤੀਆਂ ਸਨ ਤੇ ਇਸੇ ਤਰ੍ਹਾਂ 1980 ਵਿਚ ਮੁੜ ਇੰਦਰਾ ਗਾਂਧੀ ਦਾ ਉਭਾਰ ਹੋਇਆ, ਤਾਂ ਉਸ ਵਕਤ ਵੀ 12 ਸੀਟਾਂ ਪ੍ਰਾਪਤ ਹੋਈਆਂ ਸਨ। ਸਾਲ 1957 ਵਿਚ ਕਾਂਗਰਸ ਨੇ ਸਾਂਝੇ ਪੰਜਾਬ ਵੇਲੇ ਕੁੱਲ 22 ਸੀਟਾਂ 'ਚੋਂ 21 ਸੀਟਾਂ ਜਿੱਤੀਆਂ ਸਨ ਅਤੇ ਇੱਕ ਸੀਟ ਸੀ.ਪੀ.ਆਈ. ਦੇ ਹਿੱਸੇ ਆਈ ਸੀ। ਪਹਿਲੀਆਂ ਆਮ ਚੋਣਾਂ ਵਿਚ ਸਾਲ 1952 ਵਿਚ ਕੁੱਲ 16 ਸੀਟਾਂ ਜਿੱਤੀਆਂ ਸਨ। ਬਹੁਜਨ ਸਮਾਜ ਪਾਰਟੀ ਦੀ ਤਿੰਨ ਲੋਕ ਸਭਾ ਚੋਣਾਂ ਹੀ ਕਾਰਗੁਜ਼ਾਰੀ ਠੀਕ ਰਹੀ ਹੈ, ਜਿਨ੍ਹਾਂ 'ਚੋਂ ਸਾਲ 1989 ਅਤੇ ਸਾਲ 1991 ਦੀਆਂ ਚੋਣਾਂ ਵਿਚ ਬਸਪਾ ਨੇ ਇੱਕ-ਇੱਕ ਸੀਟ ਜਿੱਤੀ, ਜਦਕਿ ਸਾਲ 1996 ਵਿਚ ਬਸਪਾ ਨੇ ਤਿੰਨ ਸੀਟਾਂ ਜਿੱਤੀਆਂ ਸਨ। ਸ਼੍ਰੋਮਣੀ ਅਕਾਲੀ ਦਲ (ਮਾਨ) ਨੇ ਸਾਲ 1989 ਵਿਚ ਸਭ ਤੋਂ ਵੱਧ ਛੇ ਸੀਟਾਂ ਜਿੱਤੀਆਂ ਸਨ ਤੇ ਸਾਲ 1999 ਵਿਚ ਇੱਕ ਸੀਟ ਜਿੱਤੀ ਸੀ। ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸੰਗਰੂਰ ਦੀ ਜ਼ਿਮਨੀ ਚੋਣ ਵੀ ਜਿੱਤੀ ਹੈ। ਆਜ਼ਾਦ ਉਮੀਦਵਾਰ ਸਾਲ 1952 ਤੋਂ ਹੁਣ ਤੱਕ ਸਿਰਫ ਦੋ ਵਾਰ ਹੀ ਕਾਮਯਾਬ ਹੋਏ ਹਨ। ਭਾਰਤੀ ਕਮਿਊਨਿਸਟ ਪਾਰਟੀ ਦੇ ਤਿੰਨ ਵਾਰ ਉਮੀਦਵਾਰ ਜਿੱਤੇ ਹਨ। ਮਾਰਕਸਵਾਦੀ ਪਾਰਟੀ ਦਾ ਕੇਵਲ ਇੱਕ ਉਮੀਦਵਾਰ 1977 ਵਿਚ ਜੇਤੂ ਰਿਹਾ ਸੀ।

# ਪਟਿਆਲਾ ਤੋਂ ਸਿਰਫ ਦੋ ਮਹਿਲਾ ਉਮੀਦਵਾਰਾਂ ਨੂੰ ਹੀ ਸੰਸਦ ਦੀਆਂ ਪੌੜੀਆਂ ਚੜ੍ਹਨ ਦਾ ਮਿਲਿਆ ਸੁਭਾਗ

**■ ਰਾਜਮਾਤਾ ਮਹਿੰਦਰ ਕੌਰ ਤੇ ਪ੍ਰਨੀਤ ਕੌਰ ਬਣ ਚੁੱਕੇ ਹਨ ਸੰਸਦ ਮੈਂਬਰ**


ਰਾਜਮਾਤਾ ਮਹਿੰਦਰ ਕੌਰ ਤੇ ਪ੍ਰਨੀਤ ਕੌਰ।

**ਪਟਿਆਲਾ, (ਪੰਜਾਬ ਮੇਲ)-** ਪਟਿਆਲਾ ਇੱਕ ਅਜਿਹਾ ਲੋਕ ਸਭਾ ਹਲਕਾ ਹੈ, ਜਿਥੋਂ ਹੁਣ ਤੱਕ ਕੇਵਲ ਦੋ ਮਹਿਲਾ ਉਮੀਦਵਾਰਾਂ ਨੂੰ ਹੀ ਸੰਸਦ ਦੀਆਂ ਪੌੜੀਆਂ ਚੜ੍ਹਨ ਦਾ ਸੁਭਾਗ ਹਾਸਲ ਹੋਇਆ ਹੈ। ਇਹ ਤੱਥ ਵੀ ਰੌਚਿਕ ਹੈ ਕਿ ਇਥੋਂ ਜਿੱਤ ਕੇ ਸੰਸਦ ਮੈਂਬਰ ਬਣੀਆਂ ਇਹ ਦੋਵੇਂ ਮਹਿਲਾ ਉਮੀਦਵਾਰਾਂ ਦਾ ਆਪਸ 'ਚ ਸੱਸ-ਨੂੰਹ ਦਾ ਵੀ ਰਿਸ਼ਤਾ ਹੈ।

ਪਟਿਆਲਾ ਹਲਕੇ ਦੀ ਸਭ ਤੋਂ ਪਹਿਲੀ ਸੰਸਦ ਮੈਂਬਰ ਬਣਨ ਦਾ ਸੁਭਾਗ ਰਾਜਮਾਤਾ ਮਹਿੰਦਰ ਕੌਰ ਨੂੰ ਹਾਸਲ ਹੋਇਆ। ਉਹ ਪਟਿਆਲਾ ਰਿਆਸਤ ਦੀ ਆਖਰੀ ਅਧਿਕਾਰਤ ਮਾਹਾਰਾਣੀ ਸਨ, ਜੋ 1967 ਵਿਚ ਕਾਂਗਰਸ ਦੀ ਟਿਕਟ 'ਤੇ ਇਥੋਂ ਦੇ ਮੈਂਬਰ ਪਾਰਲੀਮੈਂਟ ਬਣੇ। ਉਹ ਪੰਜਾਬ ਦੇ ਦੋ ਵਾਰ ਮੁੱਖ ਮੰਤਰੀ ਰਹੇ ਕੈਪਟਨ ਅਮਰਿੰਦਰ ਸਿੰਘ ਦੇ ਮਾਤਾ ਸਨ। ਇਸ ਤਰ੍ਹਾਂ ਇਸ ਹਲਕੇ ਤੋਂ ਉਨ੍ਹਾਂ ਤੋਂ ਬਾਅਦ ਐੱਮ.ਪੀ. ਬਣੇ ਪ੍ਰਨੀਤ ਕੌਰ ਮਹਿੰਦਰ ਕੌਰ ਦੀ ਨੂੰਹ ਹਨ। ਇਸ ਹਲਕੇ ਦੇ ਔਰਤਾਂ ਵਿਚੋਂ ਹੁਣ ਤੱਕ ਇਹ ਦੋਵੇਂ ਸੱਸ-ਨੂੰਹ ਹੀ ਮੈਂਬਰ ਪਾਰਲੀਮੈਂਟ ਬਣੀਆਂ ਹਨ। ਮਹਿੰਦਰ ਕੌਰ ਤਾਂ ਇੱਕ ਵਾਰ ਹੀ ਐੱਮ.ਪੀ. ਬਣੇ ਪਰ ਪ੍ਰਨੀਤ ਕੌਰ ਚਾਰ ਵਾਰ ਐੱਮ.ਪੀ. ਰਹਿ ਚੁੱਕੇ ਹਨ। ਇਹ ਵੱਖਰੀ ਗੱਲ ਹੈ ਕਿ ਇੱਕ ਵਾਰ 2014 'ਚ ਉਹ 'ਆਪ' ਦੇ ਡਾ. ਧਰਮਵੀਰ ਗਾਂਧੀ ਤੋਂ ਮਾਤ ਖਾ ਗਏ ਸਨ। ਇਸ ਹਲਕੇ ਤੋਂ ਕੇਂਦਰੀ ਵਜ਼ਾਰਤ 'ਚ ਸ਼ਾਮਲ ਹੋਣ ਦਾ ਮਾਣ ਕੇਵਲ ਪ੍ਰਨੀਤ ਕੌਰ ਨੂੰ ਹੀ ਮਿਲਿਆ ਹੈ। ਉਹ 2009 ਤੋਂ 2014 ਤੱਕ ਡਾ. ਮਨਮੋਹਨ ਸਿੰਘ ਸਰਕਾਰ 'ਚ ਵਿਦੇਸ਼ ਰਾਜ ਮੰਤਰੀ ਰਹੇ ਹਨ। ਇਸ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਵੀ ਪਟਿਆਲਾ ਤੋਂ 1980 'ਚ ਸੰਸਦ ਮੈਂਬਰ ਰਹੇ ਹਨ। ਪਟਿਆਲਾ ਸ਼ਾਹੀ ਘਰਾਣੇ ਦੇ ਤਿੰਨ ਮੈਂਬਰਾਂ ਨੂੰ ਹੁਣ ਤੱਕ ਸੰਸਦ ਮੈਂਬਰ ਬਣਾਇਆ ਗਿਆ ਹੈ। ਉਂਜ ਇਸ ਹਲਕੇ ਦੇ ਲੋਕਾਂ ਨੇ ਇਨ੍ਹਾਂ ਤਿੰਨਾਂ ਨੂੰ ਹੀ ਹਾਰਾਂ ਦਾ ਮੂੰਹ ਵੀ ਵਿਖਾਇਆ ਕਿਉਂਕਿ ਜਿੱਥੇ ਰਾਜ ਮਾਤਾ ਐੱਮ.ਪੀ. ਬਣਨ ਮਗਰੋਂ ਅਗਲੀ ਚੋਣ ਹਾਰ ਗਏ ਸਨ, ਉਥੇ ਹੀ ਕੈਪਟਨ ਅਮਰਿੰਦਰ ਸਿੰਘ ਵੀ 1980 ਤੇ 1998 'ਚ ਤੇ ਪ੍ਰਨੀਤ ਕੌਰ 2014 'ਚ ਹਾਰ ਚੁੱਕੇ ਹਨ। ਪਟਿਆਲਾ ਤੋਂ 1985 'ਚ ਅਮਰਿੰਦਰ ਸਿੰਘ ਦੇ ਚਾਚੀ ਬੀਬਾ ਅਮਰਜੀਤ ਕੌਰ ਨੇ ਵੀ ਚੋਣ ਲੜੀ ਸੀ ਪਰ ਉਹ ਹਾਰ ਗਏ ਸਨ। ਫਾਂਸੀ ਦੀ ਸਜ਼ਾਯਾਫਤਾ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਵੀ ਇੱਕ ਵਾਰ ਇਥੋਂ




# ਬਠਿੰਡਾ ਲੋਕ ਸਭਾ ਹਲਕੇ ਤੋਂ ਬਾਦਲ ਪਰਿਵਾਰ ਦੇ ਦਸ ਸਾਲਾਂ ਬਾਅਦ ਮੁੜ ਆਹਮੋ-ਸਾਹਮਣੇ ਹੋਣ ਦੀ ਚਰਚਾ

**ਮਾਨਸਾ, (ਪੰਜਾਬ ਮੇਲ)**- ਬਾਦਲ ਪਰਿਵਾਰ ਦੇ ਬਠਿੰਡਾ ਲੋਕ ਸਭਾ ਹਲਕੇ ਤੋਂ ਦਸ ਸਾਲਾਂ ਬਾਅਦ ਮੁੜ ਆਹਮੋ-ਸਾਹਮਣੇ ਹੋਣ ਦੀ ਅਚਾਨਕ ਨਵੀਂ ਚਰਚਾ ਸ਼ੁਰੂ ਹੋ ਗਈ ਹੈ। ਦਸ ਸਾਲ ਪਹਿਲਾਂ ਇਸ ਲੋਕ ਸਭਾ ਹਲਕੇ ਤੋਂ ਬੀਬਾ ਹਰਸਿਮਰਤ ਕੌਰ ਬਾਦਲ ਦੇ ਮੁਕਾਬਲੇ ਕਾਂਗਰਸ ਪਾਰਟੀ ਵੱਲੋਂ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਮੈਦਾਨ ਵਿਚ ਉਤਾਰਿਆ ਗਿਆ ਸੀ। ਇਸ ਚੋਣ ਵਿਚ ਹਰਸਿਮਰਤ ਕੌਰ ਬਾਦਲ ਜਿੱਤੇ ਸਨ।

ਇਸ ਵਾਰ ਮਨਪ੍ਰੀਤ ਬਾਦਲ ਭਾਜਪਾ ਦੇ ਵੱਡੇ ਆਗੂਆਂ ਦੀ ਸੂਚੀ ਵਿਚ ਮੰਨੇ ਜਾਂਦੇ ਹਨ ਅਤੇ ਉਨ੍ਹਾਂ ਦੀ ਮੈਰਿਟ ਸਿਆਸੀ ਸਰਗਰਮੀਆਂ ਵਿਚ ਭਾਜਪਾ ਵੱਲੋਂ ਮੋਹਰੀ ਮੰਨੀ ਜਾਂਦੀ ਹੈ। ਹਾਲਾਂਕਿ ਅਜੇ ਤੱਕ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਦਾ ਆਪਸ ਵਿਚ ਸਮਝੌਤਾ ਨਹੀਂ ਹੋਇਆ ਅਤੇ ਭਾਜਪਾ ਵੱਲੋਂ ਜਿਹੜੇ ਨੇਤਾਵਾਂ ਵੱਲੋਂ ਅਕਾਲੀ ਦਲ ਨਾਲ ਸਮਝੌਤੇ ਦੀ ਵਕਾਲਤ ਕੀਤੀ ਜਾ ਰਹੀ ਹੈ, ਉਨ੍ਹਾਂ ਵਿਚ ਮਨਪ੍ਰੀਤ ਵੀ ਪ੍ਰਮੁੱਖ ਮੰਨੇ ਜਾਂਦੇ ਹਨ।



ਹਰਸਿਮਰਤ ਕੌਰ ਬਾਦਲ, ਮਨਪ੍ਰੀਤ ਸਿੰਘ ਬਾਦਲ ਅਤੇ ਫ਼ਤਿਹ ਸਿੰਘ ਬਾਦਲ।

ਵੇਰਵਿਆਂ ਅਨੁਸਾਰ ਅਕਾਲੀ ਦਲ ਨਾਲ ਭਾਜਪਾ ਦਾ ਸਮਝੌਤਾ ਨਾ ਹੋਣ ਦੀ ਸਥਿਤੀ 'ਚ ਜਿਹੜੇ ਭਾਜਪਾ ਨੇਤਾਵਾਂ ਦਾ ਨਾਂ ਬਠਿੰਡਾ ਲੋਕ ਸਭਾ ਹਲਕੇ ਤੋਂ ਪੈਨਲ ਲਈ ਭੇਜਿਆ ਗਿਆ ਹੈ, ਉਸ ਵਿਚ ਮਨਪ੍ਰੀਤ ਬਾਦਲ ਸਣੇ ਹਾਲ ਹੀ ਭਾਜਪਾ ਵਿਚ ਸ਼ਾਮਲ ਹੋਏ ਮਾਨਸਾ ਤੋਂ ਸਾਬਕਾ ਕਾਂਗਰਸੀ ਨੇਤਾ ਮੰਗਤ ਰਾਏ ਬਾਂਸਲ, ਸਾਬਕਾ ਸੰਸਦੀ ਸਕੱਤਰ ਜਗਦੀਪ ਸਿੰਘ ਨਕੱਈ, ਸਰੂਪ ਚੰਦ ਸਿੰਗਲਾ ਦੇ ਨਾਂ ਸ਼ਾਮਲ ਹਨ। ਇਹ ਸਾਰੇ ਆਗੂ ਕਿਸੇ ਸਮੇਂ ਬਾਦਲ ਪਰਿਵਾਰ ਦੇ ਨਜ਼ਦੀਕੀਆਂ ਵਿਚੋਂ ਮੰਨੇ ਜਾਂਦੇ ਰਹੇ ਹਨ।

ਉਧਰ ਇਕ ਹੋਰ ਨਵੀਂ ਚਰਚਾ ਨੇ ਸਭਨਾਂ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕੀਤਾ ਹੈ। ਪ੍ਰਕਾਸ਼ ਸਿੰਘ ਬਾਦਲ ਪਰਿਵਾਰ ਨਾਲ ਲੰਬੇ ਸਮੇਂ ਤੋਂ ਰਾਜਸੀ ਮੁਕਾਬਲੇ ਵਿਚ ਮੈਦਾਨ ਵਿਚ ਉਤਰਦੇ ਆ ਰਹੇ ਉਨ੍ਹਾਂ ਦੇ ਚਚੇਰੇ ਭਰਾ ਮਹੇਸ਼ਇੰਦਰ ਸਿੰਘ ਬਾਦਲ ਦੇ ਪਰਿਵਾਰ ਦੀ ਮੁੜ ਆਪਸੀ ਟੱਕਰ ਹੋ ਸਕਦੀ ਹੈ। ਇਸ ਵਾਰ ਇਹ ਟੱਕਰ ਮਹੇਸ਼ਇੰਦਰ ਸਿੰਘ ਬਾਦਲ ਦੇ ਪੁੱਤਰ ਫ਼ਤਿਹ ਸਿੰਘ ਬਾਦਲ ਵੱਲੋਂ ਕਾਂਗਰਸੀ ਉਮੀਦਵਾਰ ਵਜੋਂ ਦਿੱਤੇ ਜਾਣ ਦੀ ਚਰਚਾ ਛਿੜੀ ਹੋਈ ਹੈ। ਬਾਦਲ ਪਰਿਵਾਰ ਦੇ ਨੇੜੇ ਰਹੇ ਤਲਵੰਡੀ ਸਾਬੋ ਤੋਂ ਸਾਬਕਾ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਦੀ ਵੀ ਕਾਂਗਰਸ ਵੱਲੋਂ ਚੋਣ ਲੜਨ ਦੀ ਚਰਚਾ ਚੱਲ ਰਹੀ ਹੈ।

## ਲਹਿੰਦੇ ਪੰਜਾਬ ਦੇ ਸਿੱਖ ਐਕਟ 'ਚ ਹੋਵੇਗੀ ਸੋਧ: ਰਮੇਸ਼ ਅਰੋੜਾ

**ਲਾਹੌਰ, (ਪੰਜਾਬ ਮੇਲ)**- ਪਾਕਿਸਤਾਨ ਦੇ ਪੰਜਾਬ ਸੂਬੇ ਵਿਚ ਪਹਿਲੇ ਸਿੱਖ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਸੂਬੇ ਦੇ ਸਿੱਖ ਐਕਟ ਵਿਚ ਕੁਝ ਸੋਧਾਂ ਕੀਤੀਆਂ ਜਾਣਗੀਆਂ, ਜਿਸ ਤਹਿਤ 18 ਸਾਲ ਤੋਂ ਘੱਟ ਉਮਰ ਦੇ ਸਿੱਖ ਨੌਜਵਾਨ ਵਿਆਹ ਕਰਵਾਉਣ ਲਈ ਅਯੋਗ ਹੋਣਗੇ। ਸ਼੍ਰੀ ਅਰੋੜਾ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐੱਸ.ਜੀ.ਪੀ.ਸੀ.) ਜਿਸ ਦੇ ਉਹ ਪ੍ਰਧਾਨ ਹਨ, ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਸਿੱਖ ਐਕਟ ਵਿਚ ਕੀਤੀਆਂ ਜਾਣ ਵਾਲੀਆਂ ਨਵੀਆਂ ਸੋਧਾਂ ਘੱਟ ਗਿਣਤੀ ਭਾਈਚਾਰੇ ਦੇ ਹੱਕ ਵਿਚ ਹੋਣਗੀਆਂ।

## ਆਨੰਦਪੁਰ ਸਾਹਿਬ 'ਤੇ ਬਾਹਰੀ ਹਲਕਿਆਂ ਤੋਂ ਆਏ ਉਮੀਦਵਾਰਾਂ ਦਾ ਰਿਹੈ ਦਬਦਬਾ




**ਬੰਗਾ, (ਪੰਜਾਬ ਮੇਲ)**- ਆਨੰਦਪੁਰ ਸਾਹਿਬ ਲੋਕ ਸਭਾ ਦੀਆਂ ਹੁਣ ਤੱਕ ਹੋਈਆਂ ਚੋਣਾਂ 'ਚ ਬਾਹਰੀ ਹਲਕਿਆਂ ਤੋਂ ਆਏ ਉਮੀਦਵਾਰਾਂ ਦਾ ਹੀ ਦਬਦਬਾ ਰਿਹਾ ਹੈ। ਸਿਆਸੀ ਧਿਰਾਂ ਵੱਲੋਂ ਇਹ ਉਮੀਦਵਾਰ ਪੈਰਾਸ਼ੂਟ ਰਾਹੀਂ ਉਤਾਰੇ ਗਏ। ਇਨ੍ਹਾਂ ਵਿਚ 2009 'ਚ ਰਵਨੀਤ ਸਿੰਘ ਬਿੱਟੂ (ਕਾਂਗਰਸ), 2014 ਵਿਚ ਪ੍ਰੇਮ ਸਿੰਘ ਚੰਦੂਮਾਜਰਾ (ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ), 2019 'ਚ ਮਨੀਸ਼ ਤਿਵਾੜੀ (ਕਾਂਗਰਸ) ਸ਼ਾਮਲ ਹਨ। ਕਾਬਲੇਗੌਰ ਹੈ ਕਿ ਇਹ ਤਿੰਨੋਂ ਉਮੀਦਵਾਰ ਬਾਹਰੀ ਹਲਕਿਆਂ ਤੋਂ ਆ ਕੇ ਇੱਥੇ ਚੋਣ ਜਿੱਤ ਗਏ।

ਲੋਕ ਸਭਾ ਮੈਂਬਰ ਚੁਣੇ ਜਾਣ ਤੋਂ ਪਹਿਲਾਂ ਇਨ੍ਹਾਂ ਉਮੀਦਵਾਰਾਂ ਦਾ ਜਨਮ, ਪੜ੍ਹਾਈ, ਰਿਹਾਇਸ਼ ਆਦਿ ਪੱਖੋਂ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਨਾਲ ਦੂਰ ਤੱਕ ਦਾ ਵੀ ਵਾਸਤਾ ਨਹੀਂ ਸੀ। ਕਾਂਗਰਸ ਵੱਲੋਂ ਪਿਛਲੀ ਵਾਰ ਚੋਣ ਜਿੱਤੇ ਮਨੀਸ਼ ਤਿਵਾੜੀ ਲੋਕ ਸਭਾ ਹਲਕਾ ਲੁਧਿਆਣੇ ਤੋਂ ਲਿਆਂਦੇ ਗਏ ਸਨ। 2014 ਵਿਚ ਚੋਣ ਜਿੱਤੇ ਪ੍ਰੇਮ ਸਿੰਘ ਚੰਦੂਮਾਜਰਾ ਦਾ ਲੋਕ ਸਭਾ ਹਲਕਾ ਪਟਿਆਲਾ ਸੀ। ਇਵੇਂ 2009 'ਚ ਚੋਣ ਜਿੱਤਣ ਵਾਲੇ ਰਵਨੀਤ ਸਿੰਘ ਬਿੱਟੂ ਵੀ ਲੋਕ ਸਭਾ ਹਲਕਾ ਲੁਧਿਆਣਾ ਤੋਂ ਹੀ ਆਏ ਸਨ। 2009 'ਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਲੋਂ ਸਾਂਝੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਵੀ ਪਹਿਲਾਂ ਲੋਕ ਸਭਾ ਹਲਕਾ ਜਲੰਧਰ 'ਚ ਸਰਗਰਮ ਸਨ। ਇਵੇਂ 2014 'ਚ ਕਾਂਗਰਸ ਪਾਰਟੀ ਨੇ ਵੀ ਪਾਰਟੀ ਦੀ ਕੌਮੀ ਆਗੂ ਬੀਬੀ ਅੰਬਿਕਾ ਸੋਨੀ ਨੂੰ ਦਿੱਲੀ ਤੋਂ ਲਿਆ ਕੇ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾਇਆ ਸੀ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਪਹਿਲੀ ਵਾਰ 'ਇਕ ਪਰਿਵਾਰ, ਇਕ ਟਿਕਟ' ਦਾ ਫੈਸਲਾ

- ਬਾਦਲ ਪਰਿਵਾਰ ਵੱਲੋਂ ਸਿਰਫ਼ ਹਰਸਿਮਰਤ ਬਾਦਲ ਲੜ ਸਕਦੇ ਨੇ ਚੋਣ
- ਸੀਨੀਅਰ ਆਗੂ ਲੰਮੇ ਸਮੇਂ ਤੋਂ ਨਿਯਮ ਦੀ ਪਾਲਣਾ ਦੀ ਕਰ ਰਹੇ ਸੀ ਮੰਗ

**ਚੰਡੀਗੜ੍ਹ, (ਪੰਜਾਬ ਮੇਲ)**- ਲੋਕ ਸਭਾ ਚੋਣਾਂ ਲਈ ਪੰਜਾਬ 'ਚ ਆਪਣੇ ਉਮੀਦਵਾਰਾਂ ਦੀ ਚੋਣ ਕਰਨ ਸਮੇਂ ਸ਼੍ਰੋਮਣੀ ਅਕਾਲੀ ਦਲ ਪਹਿਲੀ ਵਾਰ 'ਇਕ ਪਰਿਵਾਰ, ਇਕ ਟਿਕਟ' ਦੇ ਨਿਯਮ ਦੀ ਪਾਲਣਾ ਕਰੇਗਾ। ਇਸ ਦਾ ਮਤਲਬ ਹੈ ਕਿ ਬਾਦਲ ਪਰਿਵਾਰ 'ਚੋਂ ਕੋਈ ਇਕ ਹੀ ਵਿਅਕਤੀ ਚੋਣਾਂ ਲੜੇਗਾ। ਇਸ ਸਮੇਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਫਿਰੋਜ਼ਪੁਰ ਤੋਂ, ਜਦਕਿ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ ਲੋਕ ਸਭਾ ਮੈਂਬਰ ਹਨ।

ਸੂਤਰਾਂ ਦਾ ਕਹਿਣਾ ਹੈ ਕਿ ਇਸ ਬਾਦਲ ਪਰਿਵਾਰ ਵੱਲੋਂ ਸਿਰਫ਼ ਹਰਸਿਮਰਤ ਕੌਰ ਬਾਦਲ ਹੀ ਚੋਣ ਲੜਨਗੇ। ਉਹ ਆਪਣੀ ਮੌਜੂਦਾ ਸੀਟ ਬਠਿੰਡਾ ਤੋਂ ਹੀ ਮੈਦਾਨ 'ਚ ਨਿੱਤਰਨਗੇ। ਪਹਿਲਾਂ ਚਰਚੇ ਸਨ ਕਿ ਉਹ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਚੋਣ ਲੜ ਸਕਦੇ ਹਨ ਪਰ ਸੂਤਰਾਂ ਨੇ ਇਸ ਚਰਚਾ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਹੈ। ਬਾਦਲ ਪਰਿਵਾਰ ਤੋਂ ਇਲਾਵਾ ਕਈ ਸੀਨੀਅਰ ਅਕਾਲੀ ਆਗੂ ਲੰਮੇ ਸਮੇਂ ਤੋਂ 'ਇਕ ਪਰਿਵਾਰ, ਇਕ ਟਿਕਟ' ਦੇ ਨਿਯਮ ਦੀ ਵਕਾਲਤ ਕਰ ਰਹੇ ਸਨ। ਸਾਬਕਾ ਵਿਧਾਇਕ ਸਿਕੰਦਰ ਸਿੰਘ ਮਲੂਕਾ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਟਿਕਟਾਂ ਦੀ ਵੰਡ 'ਤੇ ਵਿਵਾਦ ਮਗਰੋਂ ਇਹ ਮੁੱਦਾ ਚੁੱਕਿਆ ਸੀ। ਸੂਤਰਾਂ ਨੇ ਦੱਸਿਆ ਕਿ ਪਾਰਟੀ ਅੰਦਰ ਇਹ ਘੁਸਰ-ਮੁਸਰ ਵੀ ਸੀ ਕਿ ਪਾਰਟੀ 'ਤੇ ਸਿਰਫ਼ ਇਕ ਹੀ ਪਰਿਵਾਰ ਦਾ ਕਬਜ਼ਾ ਹੈ। ਇਸ ਤਰ੍ਹਾਂ 'ਇਕ ਪਰਿਵਾਰ-ਇਕ ਟਿਕਟ' ਦੇ ਨਿਯਮ ਦਾ ਪਾਲਣ ਕਰਨ ਦਾ ਫ਼ੈਸਲਾ ਲਿਆ ਗਿਆ। ਸੁਖਬੀਰ ਬਾਦਲ ਪਹਿਲਾਂ ਤੋਂ ਹੀ ਸੀਨੀਅਰ ਅਕਾਲੀ ਆਗੂਆਂ ਨਾਲ ਮਤਭੇਦ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਨ੍ਹਾਂ ਅਤੀਤ ਵਿਚ ਪਾਰਟੀ ਲੀਡਰਸ਼ਿਪ ਵੱਲੋਂ ਲਏ ਗਏ ਕਈ ਫ਼ੈਸਲਿਆਂ 'ਤੇ ਅਫਸੋਸ ਵੀ ਜ਼ਾਹਿਰ ਕੀਤਾ ਹੈ। ਇਸ ਮਗਰੋਂ ਸੁਖਦੇਵ ਸਿੰਘ ਢੀਂਡਸਾ, ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਅਤੇ ਐੱਸ.ਜੀ.ਪੀ.ਸੀ. ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਸਮੇਤ ਕਈ ਬਾਗੀ ਆਗੂ ਪਾਰਟੀ 'ਚ ਮੁੜ ਆਏ ਹਨ।

ਭਾਜਪਾ ਨਾਲ ਗੱਠਜੋੜ ਬਾਰੇ ਕੋਈ ਆਖਰੀ ਫ਼ੈਸਲਾ ਨਹੀਂ ਹੋਇਆ ਹੈ। ਭਾਜਪਾ ਨੇ ਪਹਿਲਾਂ ਹੀ ਪਟਿਆਲਾ, ਅੰਮ੍ਰਿਤਸਰ, ਗੁਰਦਾਸਪੁਰ ਤੇ ਹੁਸ਼ਿਆਰਪੁਰ ਦੀਆਂ ਸੀਟਾਂ ਤੋਂ ਚੋਣ ਲੜਨ ਦਾ ਫ਼ੈਸਲਾ ਕਰ ਲਿਆ ਹੈ ਅਤੇ ਹੁਣ ਉਹ ਲੁਧਿਆਣਾ, ਜਲੰਧਰ ਤੇ ਫਿਰੋਜ਼ਪੁਰ ਸੀਟ ਨੂੰ ਲੈ ਕੇ ਵੀ ਉਤਸ਼ਾਹਿਤ ਹਨ। ਅਕਾਲੀ ਦਲ ਹਾਲਾਂਕਿ ਸੂਬੇ ਦੀਆਂ 13 ਲੋਕ ਸਭਾ ਸੀਟਾਂ 'ਚੋਂ ਪੰਜ ਤੋਂ ਵੱਧ ਸੀਟਾਂ ਭਾਜਪਾ ਨਾਲ ਸਾਂਝੀਆਂ ਕਰਨ ਨੂੰ ਤਿਆਰ ਨਹੀਂ ਹੈ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਕਿਹਾ ਕਿ ਅਕਾਲੀ ਦਲ ਕਿਸਾਨਾਂ ਦੇ ਮੁੱਦਿਆਂ ਅਤੇ ਸਿੱਖ ਸਿਆਸੀ ਕੈਦੀਆਂ ਰਿਹਾਈ 'ਤੇ ਵੀ ਭਾਜਪਾ ਤੋਂ ਪ੍ਰਤੀਬੱਧਤਾ ਚਾਹੁੰਦਾ ਹੈ।






# ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਅੰਮ੍ਰਿਤਸਰ ਤੋਂ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ 'ਚ 35.6 ਫੀਸਦੀ ਵਾਧਾ

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਦਾ ਸਭ ਤੋਂ ਵੱਡਾ ਅਤੇ ਵਿਅਸਤ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ



ਅੰਮ੍ਰਿਤਸਰ ਫਰਵਰੀ 2024 ਵਿਚ, ਫਰਵਰੀ 2023 ਦੇ ਮੁਕਾਬਲੇ ਅੰਤਰਰਾਸ਼ਟਰੀ ਯਾਤਰੀਆਂ ਦੀ ਆਵਾਜਾਈ ਵਿਚ ਮਹੱਤਵਪੂਰਨ 35.9 ਫੀਸਦੀ ਵਾਧੇ ਦੇ ਨਾਲ ਦੇਸ਼ ਦੇ ਸਾਰੇ ਅੰਤਰਰਾਸ਼ਟਰੀ ਹਵਾਈ ਅੱਡਿਆਂ ਵਿਚੋਂ ਦੂਜੇ ਸਥਾਨ 'ਤੇ ਰਿਹਾ। ਨਾਗਪੁਰ ਹਵਾਈ ਅੱਡੇ ਨੇ 9,207 ਯਾਤਰੀਆਂ ਨਾਲ ਸਭ ਤੋਂ ਵੱਧ 38.4 ਫੀਸਦੀ ਦਾ ਵਾਧਾ ਦਰਜ ਕੀਤਾ।

ਏਅਰਪੋਰਟ ਅਥਾਰਟੀ ਆਫ਼ ਇੰਡੀਆ ਦੁਆਰਾ ਹਾਲ ਹੀ ਵਿਚ ਜਾਰੀ ਕੀਤੇ ਗਏ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ, ਫਲਾਈ ਅੰਮ੍ਰਿਤਸਰ ਇਨਿਸ਼ਿਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਫਰਵਰੀ ਵਿਚ ਅੰਤਰਰਾਸ਼ਟਰੀ ਯਾਤਰੀਆਂ ਦੀ ਕੁੱਲ ਗਿਣਤੀ 94,625 ਤੱਕ ਪਹੁੰਚ ਗਈ, ਜਦੋਂਕਿ ਬੀਤੇ ਸਾਲ ਫਰਵਰੀ 2023 ਵਿਚ ਇਹ ਗਿਣਤੀ 69,634 ਸੀ। ਇਹ ਫਰਵਰੀ ਮਹੀਨੇ ਲਈ ਹੁਣ ਤੱਕ ਦੀ ਸਭ ਤੋਂ ਵੱਧ ਅਤੇ ਹਵਾਈ ਅੱਡੇ ਦੇ ਇਤਿਹਾਸ ਕਿਸੇ ਵੀ ਮਹੀਨੇ ਦੀ ਤੀਜੀ ਸਭ ਤੋਂ ਵੱਡੀ ਗਿਣਤੀ ਹੈ। ਦਸੰਬਰ 2023 ਵਿਚ ਸਭ ਤੋਂ ਵੱਧ 1,06,813 ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਦਰਜ ਕੀਤੀ ਗਈ ਅਤੇ ਦੂਜੀ ਸਭ ਤੋਂ ਵੱਧ 96,924, ਜਨਵਰੀ 2024 ਵਿਚ ਦਰਜ ਕੀਤੀ ਗਈ ਹੈ।

ਗੁਮਟਾਲਾ ਨੇ ਕਿਹਾ ਕਿ ਅੰਤਰਰਾਸ਼ਟਰੀ ਆਵਾਜਾਈ ਵਿਚ ਵਾਧਾ, ਬੀਤੇ ਸਾਲ ਅਪ੍ਰੈਲ ਤੋਂ ਬਾਅਦ ਲਗਾਤਾਰ ਸ਼ੁਰੂ ਹੋਈਆਂ ਨਵੀਆਂ ਉਡਾਣਾਂ ਸਦਕਾ ਸੰਭਵ ਹੋਇਆ ਹੈ। ਇਸ ਵਿਚ

- **ਪੰਜਾਬ ਸਰਕਾਰ ਵੱਲੋਂ ਨਜ਼ਰ ਅੰਦਾਜ਼ ਕਰਨ ਦੇ ਬਾਵਜੂਦ ਨਿੱਤ ਨਵੀਆਂ ਬੁਲੰਦੀਆਂ ਛੂਹ ਰਿਹਾ ਕੌਮਾਂਤਰੀ ਹਵਾਈ ਅੱਡਾ**
- **ਰੋਜ਼ਾਨਾ ਦੱਸ ਹਜ਼ਾਰ ਯਾਤਰੀਆਂ ਦੀ ਗਿਣਤੀ ਕੀਤੀ ਪਾਰ, ਫਿਰ ਵੀ ਪੰਜਾਬ ਸਰਕਾਰ ਨਹੀਂ ਸ਼ੁਰੂ ਕਰ ਰਹੀ ਬੱਸ ਸੇਵਾ**

ਕੁਆਲਾਲੰਪੁਰ, ਮਿਲਾਨ, ਰੋਮ, ਲੰਡਨ ਅਤੇ ਬਰਮਿੰਘਮ ਲਈ ਉਡਾਣਾਂ ਸ਼ਾਮਲ ਹਨ। ਸਿੱਟੇ ਵਜੋਂ ਫਰਵਰੀ 2024 ਵਿਚ ਅੰਤਰਰਾਸ਼ਟਰੀ ਹਵਾਈ ਜਹਾਜ਼ਾਂ ਦੀ ਆਵਾਜਾਈ ਪਿਛਲੇ ਸਾਲ ਨਾਲੋਂ 402 ਤੋਂ ਵੱਧ ਕੇ 474 ਦਰਜ ਕੀਤੀ ਗਈ। ਇਹ ਵੀ ਜ਼ਿਕਰਯੋਗ ਹੈ ਕਿ ਵੱਧ ਗਿਣਤੀ ਵਿਚ ਪੰਜਾਬੀ ਹੁਣ ਦਿੱਲੀ ਦੀ ਬਜਾਏ ਅੰਮ੍ਰਿਤਸਰ ਤੋਂ ਸਿੱਧੀਆਂ ਅੰਤਰਰਾਸ਼ਟਰੀ ਉਡਾਣਾਂ ਨੂੰ ਤਰਜੀਹ ਦੇ ਰਹੇ ਹਨ।

ਇਨ੍ਹਾਂ ਅੰਕੜਿਆਂ 'ਤੇ ਖੁਸ਼ੀ ਪ੍ਰਗਟ ਕਰਦੇ ਹੋਏ ਗੁਮਟਾਲਾ ਨੇ ਦੱਸਿਆ ਕਿ ਅੰਤਰਰਾਸ਼ਟਰੀ ਆਵਾਜਾਈ ਵਿਚ ਵਾਧੇ ਦੇ ਨਾਲ ਘਰੇਲੂ ਆਵਾਜਾਈ ਵਿਚ ਵੀ 13.6 ਫੀਸਦੀ ਵਾਧਾ ਦਰਜ ਕੀਤਾ ਗਿਆ। ਘਰੇਲੂ ਯਾਤਰੀਆਂ ਦੀ ਗਿਣਤੀ ਫਰਵਰੀ 2023 ਵਿਚ 1,68,076 ਦੇ ਮੁਕਾਬਲੇ ਇਸ ਸਾਲ ਵੱਧ ਕੇ 1,90,866 ਯਾਤਰੀ ਹੋ ਗਈ। ਲੱਖਾਂ ਪੰਜਾਬੀਆਂ ਨੂੰ ਹਾਲੇ ਵੀ ਕਈ ਮੁਲਕਾਂ ਲਈ ਸਿੱਧੀਆਂ ਅੰਤਰਰਾਸ਼ਟਰੀ ਉਡਾਣਾਂ ਦੀ ਘਾਟ ਹੋਣ ਕਰਕੇ ਦਿੱਲੀ ਰਾਹੀਂ ਪੰਜਾਬ ਆਉਣ ਲਈ ਮਜਬੂਰ ਹੋਣਾ ਪੈਂਦਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਅੰਕੜਿਆ ਦਾ ਵਿਸ਼ਲੇਸ਼ਣ ਇਹ ਵੀ ਦਰਸਾਉਂਦਾ ਹੈ ਕਿ ਹਾਲਾਂਕਿ ਘਰੇਲੂ ਜਹਾਜ਼ਾਂ ਦੀ ਆਵਾਜਾਈ ਫਰਵਰੀ 2024 ਵਿਚ 1268 ਸੀ, ਜੋ ਕਿ ਪਿਛਲੇ ਸਾਲ ਨਾਲੋਂ ਸਿਰਫ 0.4 ਫੀਸਦੀ ਵੱਧ ਸੀ, ਪਰ ਯਾਤਰੀ ਆਵਾਜਾਈ ਵਿਚ ਲਗਭਗ 23,000 ਯਾਤਰੀਆਂ ਦਾ ਵਾਧਾ ਹੋਇਆ। ਇਸ ਦਾ ਮੁੱਖ ਕਾਰਨ ਫਰਵਰੀ ਮਹੀਨੇ ਦੌਰਾਨ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨ ਸੀ, ਜਿਸ ਨਾਲ ਹਰਿਆਣਾ ਰਾਹੀਂ ਦਿੱਲੀ ਜਾਣ ਲਈ ਸੜਕੀ ਆਵਾਜਾਈ ਵਿਚ ਵਿਘਨ ਪੈ ਰਿਹਾ ਸੀ। ਸਿੱਟੇ ਵਜੋਂ ਦਿੱਲੀ-ਅੰਮ੍ਰਿਤਸਰ ਰੂਟ 'ਤੇ ਹਵਾਈ ਕਿਰਾਏ ਵੀ ਕਈ ਗੁਣਾਂ ਵਧ ਗਏ ਅਤੇ ਕਈ ਦਿਨ ਏਅਰਪੋਰਟ 'ਤੇ ਜ਼ਿਆਦਾ ਭੀੜ ਵੀ ਵੇਖੀ ਗਈ।

ਪੰਜਾਬੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਦਸੰਬਰ 2023 ਵਿਚ ਹੁਣ ਤੱਕ ਦੇ ਸਭ ਤੋਂ ਵੱਧ 3.38,512 ਯਾਤਰੀਆਂ ਦੇ ਨਵੇਂ ਰਿਕਾਰਡ ਤੋਂ ਬਾਅਦ, ਹੁਣ ਫਰਵਰੀ ਮਹੀਨੇ ਵਿਚ ਕੁੱਲ 2,85,491 ਯਾਤਰੀਆਂ ਨਾਲ ਹਵਾਈ ਅੱਡੇ ਦੇ ਇਤਿਹਾਸ ਵਿਚ ਇਹ ਦੂਜਾ ਸਭ ਤੋਂ ਵੱਧ ਅੰਤਰਰਾਸ਼ਟਰੀ ਅਤੇ ਘਰੇਲੂ ਯਾਤਰੀਆਂ ਦਾ ਰਿਕਾਰਡ ਹੈ।

ਗੁਮਟਾਲਾ ਨੇ ਏਅਰਪੋਰਟ ਤੋਂ ਹੁਣ ਰੋਜ਼ਾਨਾ 10,000 ਤੋਂ ਵੱਧ ਮੁਸਾਫਰਾਂ ਦੀ ਗਿਣਤੀ ਪਾਰ ਕਰਨ ਦੇ ਬਾਵਜੂਦ, ਪੰਜਾਬ ਦੀ ਮਾਨ ਸਰਕਾਰ ਵੱਲੋਂ ਅੰਮ੍ਰਿਤਸਰ ਹਵਾਈ ਅੱਡੇ ਨੂੰ ਨਜ਼ਰਅੰਦਾਜ਼ ਕਰਨ 'ਤੇ ਨਿਰਾਸ਼ਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਸਰਕਾਰ ਦੇ ਧਿਆਨ ਵਿਚ ਲਿਆਉਣ ਅਤੇ ਬਹੁਤ ਸਾਰੀਆਂ ਬੇਨਤੀਆਂ ਕਰਨ ਦੇ ਬਾਵਜੂਦ, ਪੰਜਾਬ ਦਾ ਇਹ ਹਵਾਈ ਅੱਡਾ ਸੂਬੇ ਦੇ ਹੋਰ ਸ਼ਹਿਰਾਂ ਨਾਲ ਜਨਤਕ ਆਵਾਜਾਈ ਲਈ ਬੱਸ ਸੰਪਰਕ ਤੋਂ ਵਾਂਝਾ ਹੈ। ਇੱਥੋਂ ਬੱਸ ਸੇਵਾ ਸ਼ੁਰੂ ਕਰਨ ਦੀ ਬਜਾਏ, ਸੂਬਾ ਸਰਕਾਰ ਲਗਾਤਾਰ ਪੰਜਾਬ ਦੇ ਕਈ ਸ਼ਹਿਰਾਂ ਤੋਂ ਦਿੱਲੀ ਹਵਾਈ ਅੱਡੇ ਲਈ ਬੱਸ ਸੰਪਰਕ ਨੂੰ ਉਤਸ਼ਾਹਿਤ ਅਤੇ ਹੋਰ ਵੀ ਵਧਾ ਰਹੀ ਹੈ।

ਅੰਮ੍ਰਿਤਸਰ ਤੋਂ ਇਸ ਸਮੇਂ ਲੰਡਨ, ਬਰਮਿੰਘਮ, ਦੋਹਾ, ਦੁਬਈ, ਸ਼ਾਰਜਾਹ, ਮਿਲਾਨ, ਰੋਮ, ਸਿੰਗਾਪੁਰ, ਕੁਆਲਾਲੰਪੁਰ, ਦਿੱਲੀ, ਮੁੰਬਈ, ਅਹਿਮਦਾਬਾਦ, ਸ਼੍ਰੀਨਗਰ, ਬੈਂਗਲੁਰੂ, ਹੈਦਰਾਬਾਦ, ਲਖਨਊ, ਕੋਲਕਤਾ, ਸ਼ਿਮਲਾ, ਕੁੱਲੂ, ਪੁਣੇ ਸਣੇ 9 ਵਿਦੇਸ਼ ਦੇ ਅਤੇ 11 ਘਰੇਲੂ ਹਵਾਈ ਅੱਡਿਆਂ ਲਈ ਸਿੱਧੀਆਂ ਉਡਾਣਾਂ ਹਨ।

# ਕੇਜਰੀਵਾਲ ਦੀ ਗ੍ਰਿਫ਼ਤਾਰੀ ਬਾਰੇ ਟਿੱਪਣੀ ਕਰਨ 'ਤੇ ਭਾਰਤ ਵੱਲੋਂ ਜਰਮਨ ਦਾ ਰਾਜਦੂਤ ਤਲਬ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਟਿੱਪਣੀਆਂ ਕਰਨ 'ਤੇ ਆਪਣਾ ਵਿਰੋਧ ਦਰਜ ਕਰਾਉਣ ਲਈ ਜਰਮਨ ਦੂਤਘਰ ਦੇ ਉਪ ਮੁਖੀ ਨੂੰ ਤਲਬ ਕੀਤਾ। ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਜਰਮਨ ਰਾਜਦੂਤ ਜਾਰਜ ਐਨਜ਼ਵੇਲਰ ਨੂੰ ਤਲਬ ਕੀਤਾ ਅਤੇ ਦੱਸਿਆ ਕਿ ਜਰਮਨੀ ਦੇ ਵਿਦੇਸ਼ ਮੰਤਰਾਲੇ ਦੀ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਟਿੱਪਣੀ ਭਾਰਤ ਦੀ ਨਿਆਂਇਕ ਪ੍ਰਕਿਰਿਆ ਵਿਚ ਦਖ਼ਲ ਹੈ। ਜਰਮਨੀ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕੇਜਰੀਵਾਲ ਦੀ ਗ੍ਰਿਫਤਾਰੀ ਦਾ ਨੋਟਿਸ ਲਿਆ ਸੀ। ਜਰਮਨ ਅਧਿਕਾਰੀ ਨੇ ਕਿਹਾ, "ਅਸੀਂ ਮੰਨਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਨਿਆਂਪਾਲਿਕਾ ਦੀ ਆਜ਼ਾਦੀ ਨਾਲ ਸਬੰਧਤ ਮਾਪਦੰਡ ਅਤੇ ਬੁਨਿਆਦੀ ਲੋਕਤੰਤਰੀ ਸਿਧਾਂਤਾਂ ਨੂੰ ਵੀ ਇਸ ਮਾਮਲੇ ਵਿਚ ਲਾਗੂ ਕੀਤਾ ਜਾਵੇਗਾ।"

# ਆਨੰਦਪੁਰ ਸਾਹਿਬ 'ਚ ਸੰਭਾਵੀ ਉਮੀਦਵਾਰਾਂ ਦੀ ਗਿਣਤੀ ਬਾਕੀ ਹਲਕਿਆਂ ਨਾਲੋਂ ਵੱਧ



ਮਾਲਵਿੰਦਰ ਸਿੰਘ ਕੰਗ, ਦੀਪਕ ਬਾਲੀ ਅਤੇ ਨਰਿੰਦਰ ਸਿੰਘ ਸ਼ੇਰਗਿੱਲ।

**ਬੰਗਾ, (ਪੰਜਾਬ ਮੇਲ)-** ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਲਈ ਆਮ ਆਦਮੀ ਪਾਰਟੀ ਦੀ ਟਿਕਟ ਤੋਂ ਸੰਭਾਵੀ ਉਮੀਦਵਾਰਾਂ ਦੀ ਗਿਣਤੀ ਬਾਕੀ ਹਲਕਿਆਂ ਨਾਲੋਂ ਵੱਧ ਹੈ। ਇਨ੍ਹਾਂ ਵਿਚ ਪਾਰਟੀ ਦੇ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ, ਪਾਰਟੀ ਦੇ ਸੱਭਿਆਚਾਰਕ ਵਿੰਗ ਦੇ ਮੋਹਰੀ ਦੀਪਕ ਬਾਲੀ ਅਤੇ ਮਿਲਕਫੈੱਡ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਸ਼ਾਮਲ ਹਨ। ਕੰਗ ਪਹਿਲਾਂ ਹੀ ਪਾਰਟੀ ਵੱਲੋਂ ਆਨੰਦਪੁਰ ਸਾਹਿਬ ਲੋਕ ਸਭਾ ਦੇ ਇੰਚਾਰਜ ਲਾਏ ਹੋਏ ਹਨ। ਇਸ ਦੇ ਨਾਲ ਉਨ੍ਹਾਂ ਦੇ ਹਲਕੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਨਵੇਂ ਸਾਲ ਦੇ ਸ਼ੁਭ ਕਾਮਨਾਵਾਂ ਦੇ ਬੋਰਡ ਲੱਗੇ ਹੋਏ ਹਨ। ਇਵੇਂ ਸੋਸ਼ਲ ਮੀਡੀਆ 'ਤੇ ਪਾਰਟੀ ਦੇ ਕੌਮੀ ਅਤੇ ਸੂਬਾਈ ਆਗੂਆਂ ਦੇ ਕਰੀਬ ਨਜ਼ਰ ਆਉਂਦੇ ਦੀਪਕ ਬਾਲੀ ਦੀ ਦਾਅਵੇਦਾਰੀ ਵੀ ਚਰਚਾ 'ਚ ਹੈ। ਉਨ੍ਹਾਂ ਇਸ ਵਾਰ ਕੌਮਾਂਤਰੀ ਮਾਂ-ਬੋਲੀ ਦਿਵਸ ਮੌਕੇ ਆਨੰਦਪੁਰ ਸਾਹਿਬ ਹਲਕੇ ਅੰਦਰ 'ਪੰਜਾਬੀ ਪ੍ਰਚਾਰ ਯਾਤਰਾ' ਰਾਹੀਂ ਆਪਣੀ ਦਾਅਵੇਦਾਰੀ ਦੇ ਸੰਕੇਤ ਦੇ ਦਿੱਤੇ ਸਨ। ਉਧਰ, ਨਰਿੰਦਰ ਸਿੰਘ ਸ਼ੇਰਗਿੱਲ ਇਸੇ ਹਲਕੇ ਤੋਂ 2019 'ਚ ਪਹਿਲਾਂ ਵੀ ਚੋਣ ਲੜ ਚੁੱਕੇ ਹਨ। ਉਨ੍ਹਾਂ ਦੀ ਵੀ ਇਸ ਹਲਕੇ ਦੇ ਸਾਰੇ ਵਿਧਾਨ ਸਭਾਵਾਂ ਹਲਕਿਆਂ ਦੀ 'ਆਪ' ਟੀਮ ਨਾਲ ਪੂਰੀ ਸੁਰ ਮਿਲਦੀ ਹੈ। ਉਧਰ ਇਸ ਹਲਕੇ ਤੋਂ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਦਾ ਨਾਂ ਵੀ ਸੰਭਾਵੀ ਉਮੀਦਵਾਰਾਂ 'ਚ ਦਰਜ ਹੋ ਰਿਹਾ ਹੈ। ਨਵਾਂਸ਼ਹਿਰ ਹਲਕੇ ਦੇ ਇੱਕ ਸਾਬਕਾ ਵਿਧਾਇਕ ਦੇ ਚੋਣ ਲੜਨ ਦੀ ਵੀ ਚਰਚਾ ਹੈ।

# ਸ਼ੰਭੂ ਬਾਰਡਰ 'ਤੇ ਇਕ ਹੋਰ ਕਿਸਾਨ ਦੀ ਮੌਤ, ਹੁਣ ਤਕ 12 ਗਵਾ ਚੁੱਕੇ ਆਪਣੀ ਜਾਨ

**ਪਟਿਆਲਾ/ਸਨੌਰ, (ਪੰਜਾਬ ਮੇਲ)-** ਸ਼ੰਭੂ ਬਾਰਡਰ 'ਤੇ ਚੱਲ ਰਹੇ ਕਿਸਾਨਾਂ ਦੇ ਮੋਰਚੇ 'ਚ ਹਿੱਸਾ ਲੈ ਰਹੇ ਇਕ ਹੋਰ ਕਿਸਾਨ ਦੀ ਮੌਤ ਹੋ ਗਈ ਹੈ, ਜਿਸ ਨੂੰ ਲੈ ਕੇ ਕਿਸਾਨਾਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਕਿਸਾਨ ਅੰਦੋਲਨ ਦੇ 45ਵੇਂ ਦਿਨ ਤੱਕ ਸ਼ਹੀਦ ਕਿਸਾਨ ਸ਼ੁਭਕਰਨ ਸਿੰਘ ਸਮੇਤ 12 ਕਿਸਾਨ ਮੌਤ ਦੇ ਮੂੰਹ ਜਾ ਪਏ ਹਨ।

ਮ੍ਰਿਤਕ ਕਿਸਾਨ ਸ਼ੇਰ ਸਿੰਘ (70) ਪੁੱਤਰ ਰੁਲਦਾ ਸਿੰਘ ਪਟਿਆਲਾ ਦੇ ਨਾਲ ਲੱਗਦੇ ਥਾਣਾ ਬਖਸ਼ੀਵਾਲਾ ਦੇ ਪਿੰਡ ਸਿੱਧੂਵਾਲ ਦਾ ਵਸਨੀਕ ਸੀ।

ਜਾਣਕਾਰੀ ਅਨੁਸਾਰ ਉਹ ਕਈ ਦਿਨਾਂ ਤੋਂ ਸ਼ੰਭੂ ਬਾਰਡਰ 'ਤੇ ਸਰਗਰਮ ਸੀ ਪਰ 25 ਮਾਰਚ ਨੂੰ ਅਚਾਨਕ ਹੀ ਉਸ ਦਾ ਸ਼ੂਗਰ ਲੈਵਲ ਵਧਣ ਸਮੇਤ ਉਸ ਨੂੰ ਬੁਖ਼ਾਰ ਵੀ ਹੋ ਗਿਆ, ਜਿਸ ਕਾਰਨ ਉਸ ਨੂੰ ਤੁਰੰਤ ਸਿਵਲ ਹਸਪਾਤਲ ਰਾਜਪੁਰਾ ਵਿਖੇ ਲਿਜਾਇਆ ਗਿਆ ਪਰ ਹਾਲਤ 'ਚ ਸੁਧਾਰ ਨਾ ਹੁੰਦਾ ਦੇਖ ਉਥੋਂ ਦੇ ਡਾਕਟਰਾਂ ਨੇ ਸ਼ੇਰ ਸਿੰਘ ਨੂੰ ਰੈਫਰ ਕਰਦਿਆਂ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਭੇਜ ਦਿਤਾ।




# ਪੰਜਾਬ ਦੇ ਸਾਰੇ ਪੋਲਿੰਗ ਬੂਥਾਂ 'ਤੇ ਕੈਮਰਿਆਂ ਰਾਹੀਂ ਨਿਗਰਾਨੀ; ਹੋਵੇਗੀ 100 ਫੀਸਦੀ ਵੈਬਕਾਸਟਿੰਗ: ਮੁੱਖ ਚੋਣ ਅਧਿਕਾਰੀ ਸਿਬਿਨ ਸੀ

**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ 2024 ਵਿਚ ਚੋਣ ਪ੍ਰਕਿਰਿਆ ਨੂੰ ਹੋਰ ਕੁਸ਼ਲ ਅਤੇ ਪਾਰਦਰਸ਼ੀ ਬਣਾਉਣ ਦੇ ਮੱਦੇਨਜ਼ਰ ਪੰਜਾਬ ਦੇ ਮੁੱਖ ਚੋਣ ਦਫ਼ਤਰ ਵੱਲੋਂ ਸੂਬੇ ਦੇ ਸਾਰੇ 24,433 ਪੋਲਿੰਗ ਸਟੇਸ਼ਨਾਂ 'ਤੇ ਵੈਬਕਾਸਟਿੰਗ ਸਮੇਤ ਆਈ.ਟੀ. ਆਧਾਰਿਤ ਕਈ ਹੋਰ ਨਵੀਆਂ ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ ਹਨ।

ਇਨ੍ਹਾਂ ਨਵੀਆਂ ਪਹਿਲਕਦਮੀਆਂ ਵਿਚ ਵੋਟਰਾਂ ਦੀ ਸਹੂਲਤ ਲਈ ਕਈ ਮੋਬਾਈਲ ਐਪਸ ਅਤੇ ਵੈੱਬਸਾਈਟਾਂ ਦੀ ਸ਼ੁਰੂਆਤ, ਵੋਟਰਾਂ ਨੂੰ ਫ਼ੋਨ ਰਾਹੀਂ ਚੋਣ ਉਲੰਘਣਾਵਾਂ ਸਬੰਧੀ ਰਿਪੋਰਟ ਕਰਨ ਦੀ ਸਹੂਲਤ ਅਤੇ ਪੋਲਿੰਗ ਸਟੇਸ਼ਨਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਾ ਕੇ ਈ.ਵੀ.ਐਮਜ਼ ਦੇ ਲਿਆਉਣ-ਲਿਜਾਣ ਦੀ ਨਿਗਰਾਨੀ ਕਰਨਾ ਸ਼ਾਮਲ ਹੈ।

ਇਸ ਸਬੰਧੀ ਵੇਰਵੇ ਦਿੰਦੇ ਹੋਏ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਪੋਲਿੰਗ ਸਟੇਸ਼ਨਾਂ ਦੀ 100 ਫੀਸਦੀ ਵੈਬਕਾਸਟਿੰਗ ਰਾਹੀਂ ਨਿਗਰਾਨੀ ਕੀਤੀ ਜਾਵੇਗੀ, ਤਾਂ ਜੋ ਚੋਣ ਅਮਲ ਨੂੰ ਸੁਚੱਜੇ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਦੱਸਿਆ ਕਿ

- **ਸਾਰੇ 24,433 ਪੋਲਿੰਗ ਸਟੇਸ਼ਨਾਂ 'ਤੇ ਹੋਵੇਗੀ ਸੀ.ਸੀ.ਟੀ.ਵੀ. ਰਾਹੀਂ ਨਿਗਰਾਨੀ ਅਤੇ 1,884 ਪੋਲਿੰਗ ਸਟੇਸ਼ਨਾਂ ਦੇ ਬਾਹਰ ਲਗਾਏ ਜਾਣਗੇ ਵਾਧੂ ਕੈਮਰੇ**
- **ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਚੋਣ ਪ੍ਰਕਿਰਿਆ ਨੂੰ ਹੋਰ ਸੁਚੱਜੀ ਅਤੇ ਪਾਰਦਰਸ਼ੀ ਬਣਾਉਣ ਲਈ ਨਵੀਨਤਮ ਆਈਟੀ ਸਹੂਲਤਾਂ ਦੀ ਲਈ ਜਾ ਰਹੀ ਹੈ ਮਦਦ**

ਆਗਾਮੀ ਲੋਕ ਸਭਾ ਚੋਣਾਂ ਲਈ ਸਾਰੇ 24,433 ਪੋਲਿੰਗ ਬੂਥਾਂ ਦੇ ਅੰਦਰ ਸੀ.ਸੀ.ਟੀ.ਵੀ. ਨਿਗਰਾਨੀ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਸਾਰੇ 13 ਹਲਕਿਆਂ ਜਿੱਥੇ ਤਿੰਨ ਜਾਂ ਇਸ ਤੋਂ ਵੱਧ ਪੋਲਿੰਗ ਸਟੇਸ਼ਨ ਹਨ, ਦੇ 1884 ਪੋਲਿੰਗ ਸਟੇਸ਼ਨਾਂ ਦੇ ਬਾਹਰ ਵੀ ਕੈਮਰੇ ਲਗਾਏ ਜਾਣਗੇ। ਸਿਬਿਨ ਸੀ ਨੇ ਕਿਹਾ ਕਿ ਇਸ ਵਾਰ ਚੋਣਾਂ ਨੂੰ ਹੋਰ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਨਵੇਕਲੀ ਜ਼ਿਲ੍ਹਾ ਸੂਚਨਾ ਪ੍ਰਣਾਲੀ (ਡੀ.ਆਈ.ਐੱਸ.ਈ.) ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਦੀ ਵਰਤੋਂ ਚੋਣਾਂ ਦੇ ਸਾਰੇ ਪਹਿਲੂਆਂ ਦਾ ਪ੍ਰਬੰਧਨ ਕਰਨ, ਪੋਲਿੰਗ ਸਟਾਫ ਦਾ ਡਾਟਾ ਇਕੱਠਾ ਕਰਨ ਤੋਂ ਲੈ ਕੇ ਰਿਹਰਸਲਾਂ ਦੀ ਸਮਾਂ-ਸਾਰਣੀ ਤੱਕ, ਪੋਲਿੰਗ ਸਟਾਫ ਦੀ ਰੈਂਡਮਾਈਜ਼ੇਸ਼ਨ ਅਤੇ ਗਿਣਤੀ ਕਰਨ ਲਈ ਕੀਤੀ ਜਾਵੇਗੀ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਸ ਆਧੁਨੀਕੀਕਰਨ ਦਾ ਉਦੇਸ਼ ਚੋਣਾਂ ਨੂੰ ਵਧੇਰੇ ਕੁਸ਼ਲ, ਪਾਰਦਰਸ਼ੀ ਅਤੇ ਸੁਰੱਖਿਅਤ ਬਣਾਉਣਾ ਹੈ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਸ ਵੈੱਬ ਐਪਲੀਕੇਸ਼ਨ ਦੀ ਵਰਤੋਂ ਏ.ਪੀ.ਆਈਜ਼/ਸੀ.ਐੱਸ.ਵੀ./ਐਕਸਿਲ ਫਾਈਲਾਂ ਦੀ ਵਰਤੋਂ ਰਾਹੀਂ ਹੋਰ ਐਪਲੀਕੇਸ਼ਨਾਂ ਤੋਂ ਉਪਲਬਧ ਕਰਮਚਾਰੀ ਡੇਟਾ ਨੂੰ ਇਕੱਠਾ ਕਰਨ ਲਈ ਕੀਤੀ ਜਾਂਦੀ ਹੈ। ਇਸ ਨਾਲ ਵਾਧੂ ਸਟਾਫ ਦੀ ਤਾਇਨਾਤੀ ਕਰਕੇ ਸ਼ੁਰੂਆਤੀ ਪੜਾਅ ਤੋਂ ਬਾਅਦ ਸਟਾਫ ਦੀ ਕਮੀ ਦੇ ਸੁਚੱਜੇ ਪ੍ਰਬੰਧਨ ਵਿਚ ਵੀ ਸਹਾਇਤਾ ਮਿਲੇਗੀ।

ਇੱਕ ਹੋਰ ਪਹਿਲਕਦਮੀ ਬਾਰੇ ਦੱਸਦਿਆਂ ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਫਲਾਇੰਗ ਸਕੁਐਡ ਵਾਹਨਾਂ (ਐੱਫ.ਐੱਸ.ਵੀ.) ਤੋਂ ਲਾਈਵ ਸਟਰੀਮਿੰਗ ਰਾਹੀਂ ਅਤੇ ਸਟੇਟਿਕ ਸਰਵੀਲੈਂਸ ਟੀਮਾਂ ਚੋਣ ਪ੍ਰਕਿਰਿਆ ਦੌਰਾਨ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੀ ਚੌਕਸੀ ਨਾਲ ਨਿਗਰਾਨੀ ਕਰ ਰਹੀਆਂ ਹਨ।

# ਲੋਕ ਸਭਾ ਚੋਣਾਂ ਲਈ ਕਾਂਗਰਸ ਦੀ 6ਵੀਂ ਸੂਚੀ ਜਾਰੀ

ਨਵੀਂ ਦਿੱਲੀ, (ਪੰਜਾਬ ਮੇਲ)- ਕਾਂਗਰਸ ਨੇ ਲੋਕ ਸਭਾ ਚੋਣਾਂ ਲਈ ਆਪਣੇ ਉਮੀਦਵਾਰਾਂ ਦੀ 6ਵੀਂ ਸੂਚੀ ਜਾਰੀ ਕਰ ਦਿੱਤੀ ਹੈ। ਇਸ ਸੂਚੀ 'ਚ 5 ਨਾਵਾਂ ਦਾ ਐਲਾਨ ਕੀਤਾ ਗਿਆ ਹੈ। ਪਾਰਟੀ ਨੇ ਰਾਜਸਥਾਨ ਲਈ ਚਾਰ ਅਤੇ ਤਾਮਿਲਨਾਡੂ ਲਈ ਇਕ ਉਮੀਦਵਾਰ ਦਾ ਐਲਾਨ ਕੀਤਾ ਹੈ। ਕਾਂਗਰਸ ਦੀ 6ਵੀਂ ਸੂਚੀ 'ਚ ਅਜਮੇਰ ਤੋਂ ਰਾਮਚੰਦਰ ਚੌਧਰੀ, ਰਾਜਸਮੰਦ ਤੋਂ ਸੁਦਰਸ਼ਨ ਰਾਵਤ, ਭੀਲਵਾੜਾ ਤੋਂ ਡਾ. ਦਾਮੋਦਰ ਗੁੱਜਰ ਅਤੇ ਕੋਟਾ ਤੋਂ ਪ੍ਰਹਿਲਾਦ ਗੁੰਜਲ ਨੂੰ ਮੈਦਾਨ 'ਚ ਉਤਾਰਿਆ ਗਿਆ ਹੈ। ਉੱਥੇ ਹੀ ਤਾਮਿਲਨਾਡੂ ਦੇ ਤਿਰੂਨੇਲਵੇਲੀ ਤੋਂ ਪਾਰਟੀ ਨੇ ਐਡਵੋਕੇਟ ਸੀ. ਰਾਬਰਟ ਬਰੂਸ ਨੂੰ ਉਮੀਦਵਾਰ ਬਣਾਇਆ ਹੈ।

ਇਸ ਤੋਂ ਪਹਿਲਾਂ ਬੀਤੇ ਦਿਨੀਂ ਕਾਂਗਰਸ ਨੇ ਉਮੀਦਵਾਰਾਂ ਦੀ 5ਵੀਂ ਸੂਚੀ ਜਾਰੀ ਕੀਤੀ ਸੀ। ਸੂਚੀ 'ਚ ਰਾਜਸਥਾਨ ਦੀਆਂ 2 ਲੋਕ ਸਭਾ ਸੀਟਾਂ ਅਤੇ ਮਹਾਰਾਸ਼ਟਰ ਦੀ ਇਕ ਲੋਕ ਸਭਾ ਸੀਟ ਲਈ ਉਮੀਦਵਾਰਾਂ ਦਾ ਐਲਾਨ ਕੀਤਾ ਸੀ। ਇਸ ਤੋਂ ਪਹਿਲਾਂ ਸ਼ਨੀਵਾਰ ਨੂੰ ਕਾਂਗਰਸ ਦੀ ਚੌਥੀ ਸੂਚੀ ਜਾਰੀ ਕੀਤੀ ਗਈ ਸੀ। ਇਸ 'ਚ 45 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਸੀ। ਕਾਂਗਰਸ ਨੇ ਰਾਜਸਥਾਨ ਦੀ ਨਾਗੌਰ ਸੀਟ ਰਾਸ਼ਟਰੀ ਲੋਕਤੰਤਰੀ ਪਾਰਟੀ (ਆਰ.ਐੱਲ.ਪੀ.) ਲਈ ਛੱਡੀ ਸੀ। ਇਸ ਤੋਂ ਪਹਿਲਾਂ 21 ਮਾਰਚ ਨੂੰ ਕਾਂਗਰਸ ਨੇ ਆਪਣੇ ਉਮੀਦਵਾਰਾਂ ਦੀ ਤੀਜੀ ਸੂਚੀ ਜਾਰੀ ਕੀਤੀ ਸੀ, ਜਿਸ 'ਚ 57 ਨਾਵਾਂ ਦਾ ਐਲਾਨ ਕੀਤਾ ਗਿਆ ਸੀ। ਕਾਂਗਰਸ ਦੀ ਦੂਜੀ ਸੂਚੀ 'ਚ 43 ਅਤੇ ਪਹਿਲੀ ਸੂਚੀ 'ਚ 39 ਉਮੀਦਾਵਾਰਾਂ ਦਾ ਐਲਾਨ ਕੀਤਾ ਗਿਆ ਸੀ।

## ਗੁਰਦਾਸਪੁਰ 'ਚ ਭਾਜਪਾ ਲਈ ਉਮੀਦਵਾਰ ਦੀ ਚੋਣ ਹੋਈ ਮੁਸ਼ਕਿਲ !

- ਫਿਲਮੀ ਸਿਤਾਰਿਆਂ ਸਹਾਰੇ 5 ਵਾਰੀ ਜਿੱਤੀ ਚੋਣ
- ਕਾਂਗਰਸ ਦੇ ਸਾਹਮਣੇ ਵੀ ਹੈ ਉਮੀਦਵਾਰ ਫਾਈਨਲ ਕਰਨ ਦੀ ਟੈਂਸ਼ਨ
- ਕਾਂਗਰਸ ਦੇ ਨਾਂ ਹਨ ਸਭ ਤੋਂ ਜ਼ਿਆਦਾ ਵਾਰ ਜਿੱਤਣ ਦਾ ਰਿਕਾਰਡ

ਲੁਧਿਆਣਾ, (ਪੰਜਾਬ ਮੇਲ)- ਭਾਜਪਾ ਵਲੋਂ ਗੁਰਦਾਸਪੁਰ 'ਚ ਹੁਣ ਤੱਕ 5 ਵਾਰ ਫ਼ਿਲਮੀ ਸਿਤਾਰਿਆਂ ਵਿਨੋਦ ਖੰਨਾ ਤੇ ਸੰਨੀ ਦਿਓਲ ਦੇ ਦਮ 'ਤੇ ਜਿੱਤ ਹਾਸਲ ਕੀਤੀ ਗਈ ਹੈ ਪਰ ਇਨ੍ਹਾਂ ਦੋਵੇਂ ਸੰਸਦ ਮੈਂਬਰਾਂ ਦੇ ਹਲਕਿਆਂ ਤੇ ਸੰਸਦ 'ਚ ਨਜ਼ਰ ਨਾ ਆਉਣ ਨੂੰ ਲੈ ਕੇ ਇਲਾਕੇ ਦੇ ਲੋਕ ਭਾਜਪਾ ਤੋਂ ਕਾਫ਼ੀ ਨਾਰਾਜ਼ ਹਨ। ਵਿਰੋਧੀਆਂ ਕੋਲ ਵੀ ਇਹੀ ਮੁੱਦਾ ਹੈ, ਜਿਸ ਦੇ ਮੱਦੇਨਜ਼ਰ ਭਾਜਪਾ ਨੂੰ ਇਸ ਵਾਰ ਫ਼ਿਲਮੀ ਸਿਤਾਰਿਆਂ ਤੋਂ ਪ੍ਰਹੇਜ਼ ਹੀ ਕਰਨਾ ਹੋਵੇਗਾ।

ਭਾਵੇਂ ਵਿਨੋਦ ਖੰਨਾ ਦੀ ਮੌਤ ਤੋਂ ਬਾਅਦ ਹੋਈ ਉਪ ਚੋਣ ਦੌਰਾਨ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਗੁਰਦਾਸਪੁਰ ਤੋਂ ਕਾਂਗਰਸ ਦੇ ਐੱਮ.ਪੀ. ਰਹਿ ਚੁੱਕੇ ਹਨ ਪਰ ਉਹ ਹੁਣ ਪ੍ਰਦੇਸ਼ ਦੀ ਜ਼ਿੰਮੇਵਾਰੀ ਕਾਰਨ ਚੋਣ ਲੜਨ ਲਈ ਤਿਆਰ ਨਹੀਂ ਹਨ।

ਇਸ ਹਾਲਾਤ 'ਚ ਭਾਜਪਾ ਵਲੋਂ ਕ੍ਰਿਕਟਰ ਯੁਵਰਾਜ ਸਿੰਘ ਦਾ ਨਾਮ ਵੀ ਗੁਰਦਾਸਪੁਰ ਤੋਂ ਚੋਣ ਲੜਨ ਲਈ ਅੱਗੇ ਕੀਤਾ ਗਿਆ ਸੀ ਪਰ ਉਨ੍ਹਾਂ ਨੇ ਪੈਰ ਪਿੱਛੇ ਖਿੱਚ ਲਏ ਹਨ। ਹੁਣ ਭਾਜਪਾ ਦੇ ਸਾਬਕਾ ਪ੍ਰਦੇਸ਼ ਪ੍ਰਧਾਨ ਅਸ਼ਵਨੀ ਸ਼ਰਮਾ ਤੋਂ ਇਲਾਵਾ ਕਾਂਗਰਸ ਤੋਂ ਆਏ ਫਤਿਹ ਜੰਗ ਬਾਜਵਾ ਤੇ ਅਸ਼ਵਨੀ ਸੇਖੜੀ ਦਾ ਨਾਂ ਵੀ ਗੁਰਦਾਸਪੁਰ ਤੋਂ ਭਾਜਪਾ ਦੇ ਸੰਭਾਵਿਤ ਉਮੀਦਵਾਰਾਂ ਦੇ ਰੂਪ 'ਚ ਸੁਣਨ ਨੂੰ ਮਿਲ ਰਿਹਾ ਹੈ।

ਗੁਰਦਾਸਪੁਰ 'ਚ ਸਭ ਤੋਂ ਜ਼ਿਆਦਾ ਵਾਰ ਜਿੱਤਣ ਦਾ ਰਿਕਾਰਡ ਕਾਂਗਰਸ ਦੇ ਨਾਂ ਹੈ। ਇਨ੍ਹਾਂ 'ਚ 1952 ਤੋਂ ਲੈ ਕੇ 1971 ਤੱਕ 6 ਵਾਰ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਵਲੋਂ ਜਿੱਤ ਦਰਜ ਕੀਤੀ ਗਈ ਤੇ ਫਿਰ ਸੁਖਬੰਸ ਕੌਰ ਭਿੰਡਰ ਨੇ 1980 ਤੋਂ ਲੈ ਕੇ 1996 ਤੱਕ 5 ਵਾਰ ਜਿੱਤਣ ਦਾ ਰਿਕਾਰਡ ਬਣਾਇਆ। ਉਨ੍ਹਾਂ ਦਾ ਰਿਕਾਰਡ 1998 'ਚ ਭਾਜਪਾ ਵਲੋਂ ਚੋਣ ਲੜਨ ਵਾਲੇ ਵਿਨੋਦ ਖੰਨਾ ਨੇ ਤੋੜਿਆ, ਜੋ 2004 ਤੱਕ ਲਗਾਤਾਰ 3 ਵਾਰ ਜਿੱਤੇ ਤੇ ਫਿਰ 2014 'ਚ ਗੁਰਦਾਸਪੁਰ ਤੋਂ ਦੋਬਾਰਾ ਐੱਮ.ਪੀ. ਬਣੇ।

ਭਾਜਪਾ ਦੀ ਤਰ੍ਹਾਂ ਕਾਂਗਰਸ ਦੇ ਸਾਹਮਣੇ ਵੀ ਗੁਰਦਾਸਪੁਰ ਤੋਂ ਉਮੀਦਵਾਰ ਫਾਈਨਲ ਕਰਨ ਦੀ ਟੈਂਸ਼ਨ ਹੈ ਕਿਉਂਕਿ ਕਾਂਗਰਸ ਦੇ ਪਿਛਲੇ 2 ਸੰਸਦ ਮੈਂਬਰਾਂ 'ਚੋਂ ਸੁਨੀਲ ਜਾਖੜ ਭਾਜਪਾ 'ਚ ਸ਼ਾਮਲ ਹੋ ਚੁੱਕੇ ਹਨ ਤੇ ਪ੍ਰਤਾਪ ਬਾਜਵਾ ਨੇ ਲੋਕ ਸਭਾ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਹੈ। ਇਸ ਦੌਰ 'ਚ ਪਠਾਨਕੋਟ ਤੋਂ ਸਾਬਕਾ ਵਿਧਾਇਕ ਅਮਿਤ ਵਿਜ, ਗੁਰਦਾਸਪੁਰ ਤੋਂ ਵਿਧਾਇਕ ਬੀਰਇੰਦਰ ਪਾਹੜਾ ਦਾ ਨਾਂ ਚਰਚਾ 'ਚ ਹੈ।

## ਪਟਿਆਲਾ ਸੀਟ 'ਤੇ ਸਭ ਤੋਂ ਵਧ ਰਿਹੈ ਕਾਂਗਰਸ ਦਾ ਕਬਜ਼ਾ

ਪਟਿਆਲਾ, (ਪੰਜਾਬ ਮੇਲ)- ਪਟਿਆਲਾ ਲੋਕ ਸਭਾ ਸੀਟ 1952 ਵਿਚ ਹੋਂਦ ਵਿਚ ਆਈ ਸੀ। ਇਸ ਸੀਟ 'ਤੇ ਸਭ ਤੋਂ ਵੱਧ ਕਾਂਗਰਸ ਦਾ ਹੀ ਕਬਜ਼ਾ ਰਿਹਾ। ਪਹਿਲਾਂ ਇਸ ਸੀਟ ਉੱਤੇ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦੀ ਆਹਮੋ-ਸਾਹਮਣੇ ਟੱਕਰ ਹੁੰਦੀ ਰਹੀ। ਇਸ ਦੋ ਧਿਰੀ ਮੁਕਾਬਲੇ ਦੀ ਰਵਾਇਤ ਆਮ ਆਦਮੀ ਪਾਰਟੀ ਨੇ 2014 ਵਿਚ ਤੋੜੀ ਸੀ, ਜਦੋਂ ਡਾ. ਧਰਮਵੀਰ ਗਾਂਧੀ ਨੇ ਜਿੱਤ ਪ੍ਰਾਪਤ ਕੀਤੀ ਸੀ। ਇਸ ਵਾਰ ਵੀ ਮੁਕਾਬਲਾ ਤਿਕੋਣਾ ਹੋਵੇਗਾ। ਜਾਣਕਾਰੀ ਅਨੁਸਾਰ 1952 ਤੋਂ 1971 ਤੱਕ ਲਗਾਤਾਰ ਇਸ ਸੀਟ 'ਤੇ ਕਾਂਗਰਸ ਕਾਬਜ਼ ਰਹੀ, ਜਿਨ੍ਹਾਂ ਵਿਚ ਰਾਮ ਪ੍ਰਤਾਪ ਗਰਗ (1952), ਲਾਲਾ ਅਚਿੰਤ ਰਾਮ (1957), ਸਰਦਾਰ ਹੁਕਮ ਚੰਦ (1962), ਮਹਾਰਾਣੀ ਮਹਿੰਦਰ ਕੌਰ (ਕੈਪਟਨ ਅਮਰਿੰਦਰ ਦੇ ਮਾਤਾ ਜੀ) (1967), ਸਤਪਾਲ ਕਪੂਰ (1971) ਵਿਚ ਕਾਬਜ਼ ਰਹੇ। ਉਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵੱਲੋਂ ਗੁਰਚਰਨ ਸਿੰਘ ਟੌਹੜਾ (1977) ਵਿਚ ਜਿੱਤੇ, 1980 ਵਿਚ ਕਾਂਗਰਸ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੇ ਲੋਕ ਸਭਾ ਚੋਣ ਜਿੱਤੀ। 1984 ਵਿਚ ਅਕਾਲੀ ਦਲ ਦੇ ਚਰਨਜੀਤ ਸਿੰਘ ਵਾਲੀਆ ਜੇਤੂ ਰਹੇ। 1989 ਵਿਚ ਅਤਿੰਦਰਪਾਲ ਸਿੰਘ ਨੇ ਆਜ਼ਾਦ ਉਮੀਦਾਰ ਵਜੋਂ ਚੋਣ ਜਿੱਤ ਕੇ ਨਵਾਂ ਇਤਿਹਾਸ ਸਿਰਜਿਆ। ਉਸ ਤੋਂ ਬਾਅਦ 1991 ਵਿਚ ਕਾਂਗਰਸ ਦੇ ਸੰਤ ਰਾਮ ਸਿੰਗਲਾ ਨੇ ਚੋਣ ਜਿੱਤੀ। 1996 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਜੇਤੂ ਰਹੇ। 1999 ਤੋਂ 2009 ਤੱਕ ਪ੍ਰਨੀਤ ਕੌਰ ਚੋਣ ਜਿੱਤਦੇ ਰਹੇ।

## ਪੰਜਾਬ 'ਤੇ ਪੈ ਸਕਦਾ ਦਿੱਲੀ ਦੀ ਆਬਕਾਰੀ ਨੀਤੀ ਦਾ ਪਰਛਾਵਾਂ

**ਚੰਡੀਗੜ੍ਹ, (ਪੰਜਾਬ ਮੇਲ)-** 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਮਗਰੋਂ ਹੁਣ ਦਿੱਲੀ ਦੀ ਆਬਕਾਰੀ ਨੀਤੀ ਦਾ ਪਰਛਾਵਾਂ ਪੰਜਾਬ 'ਤੇ ਪੈ ਸਕਦਾ ਹੈ ਅਤੇ ਸੱਤਾ ਦੇ ਗਲਿਆਰਿਆਂ ਵਿਚ ਨਵੀਂ ਘੁਸਰ-ਮੁਸਰ ਸ਼ੁਰੂ ਹੋ ਗਈ ਹੈ। 'ਆਪ' ਵਿਚ ਆਏ ਨਵੇਂ ਸੰਕਟ ਦਾ ਅਸਰ ਪੰਜਾਬ 'ਤੇ ਪੈਣਾ ਸੁਭਾਵਿਕ ਹੈ। ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਮਗਰੋਂ ਪੰਜਾਬ ਦਾ ਸਿਆਸੀ ਮਾਹੌਲ ਕਿਸ ਤਰ੍ਹਾਂ ਕਰਵਟ ਲਵੇਗਾ, ਇਸ ਨੂੰ ਲੈ ਕੇ ਕਈ ਤਰ੍ਹਾਂ ਦੇ ਚਰਚੇ ਜ਼ੋਰਾਂ 'ਤੇ ਹਨ।

ਵਿਰੋਧੀ ਧਿਰਾਂ ਦੇ ਆਗੂ ਆਖ ਰਹੇ ਹਨ ਕਿ ਪੰਜਾਬ ਵਿਚ ਜੋ ਸਾਲ 2022 ਵਿਚ ਆਬਕਾਰੀ ਨੀਤੀ ਬਣੀ, ਉਹ ਦਿੱਲੀ ਦੀ ਆਬਕਾਰੀ ਨੀਤੀ ਦਾ ਹੀ ਰੂਪ ਹੈ। ਬੇਸ਼ੱਕ ਪੰਜਾਬ ਦੀ ਆਬਕਾਰੀ ਨੀਤੀ ਨੂੰ ਲੈ ਕੇ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਕਿਸੇ ਨੂੰ ਸੰਮਨ ਜਾਰੀ ਨਹੀਂ ਕੀਤਾ ਹੈ ਪ੍ਰੰਤੂ ਈ.ਡੀ. ਦੇ ਡਰ ਨੂੰ ਲੈ ਕੇ ਬਹੁਤੇ ਸਾਰੇ ਅਫਸਰਾਂ ਤੇ ਸਿਆਸੀ ਲੋਕਾਂ ਵਿਚ ਘਬਰਾਹਟ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਐਲਾਨ ਕੀਤਾ ਹੈ ਕਿ ਉਹ ਪਾਰਟੀ ਦਾ ਵਫ਼ਦ ਚੋਣ ਕਮਿਸ਼ਨ ਕੋਲ ਲੈ ਕੇ ਜਾਣਗੇ ਅਤੇ ਮੰਗ ਕੀਤੀ ਜਾਵੇਗੀ ਕਿ ਪੰਜਾਬ ਦੀ ਆਬਕਾਰੀ ਨੀਤੀ ਦੀ ਜਾਂਚ ਕੀਤੀ ਜਾਵੇ ਕਿਉਂਕਿ ਪੰਜਾਬ ਦੀ ਆਬਕਾਰੀ ਨੀਤੀ ਵੀ ਦਿੱਲੀ ਦੀ ਆਬਕਾਰੀ ਨੀਤੀ ਦੀ ਤਰਜ਼ 'ਤੇ ਹੀ ਬਣੀ ਹੈ। ਦੱਸਣਯੋਗ ਹੈ ਕਿ ਸੀ.ਬੀ.ਆਈ. ਨੇ ਪਿਛਲੇ ਸਾਲ ਆਬਕਾਰੀ ਨੀਤੀ ਤਿਆਰ ਕਰਨ ਵਿਚ ਸ਼ਾਮਲ ਦੋ ਆਈ.ਏ.ਐੱਸ. ਅਧਿਕਾਰੀਆਂ ਖਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਪੰਜਾਬ ਸਕਾਰ ਤੋਂ ਮੰਗੀ ਸੀ ਪ੍ਰੰਤੂ ਸੂਬਾ ਸਰਕਾਰ ਨੇ ਨਵੰਬਰ 2023 ਵਿਚ ਇਸ ਨੂੰ ਖਾਰਜ ਕਰ ਦਿੱਤਾ ਸੀ। ਆਬਕਾਰੀ ਵਿਭਾਗ ਦੇ ਦੋ ਸੀਨੀਅਰ ਅਧਿਕਾਰੀਆਂ ਦੇ ਘਰ ਕਈ ਮਹੀਨੇ ਪਹਿਲਾਂ ਈ.ਡੀ. ਨੇ ਰੇਡ ਵੀ ਕੀਤੀ ਸੀ। ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਲੋਕਤੰਤਰ ਦਾ ਕਾਲਾ ਦਿਨ ਹੈ।

# ਭਾਜਪਾ ਵੱਲੋਂ ਗੁਜਰਾਤ 'ਚ 6 ਹੋਰ ਉਮੀਦਵਾਰਾਂ ਦੀ ਤਾਜ਼ਾ ਸੂਚੀ ਜਾਰੀ

- 26 ਚੋਣ ਹਲਕਿਆਂ ਲਈ ਭਾਜਪਾ ਵੱਲੋਂ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ
- 7 ਮਈ ਨੂੰ ਇਕੋ ਪੜਾਅ 'ਚ ਹੋਣਗੀਆਂ ਚੋਣਾਂ
- 24 ਸੀਟਾਂ 'ਤੇ ਕਾਂਗਰਸ ਲੜ ਰਹੀ ਹੈ ਚੋਣ
- 2 ਸੀਟਾਂ 'ਤੇ 'ਆਪ' ਲੜੇਗੀ ਚੋਣ

ਅਹਿਮਦਾਬਾਦ, (ਪੰਜਾਬ ਮੇਲ)- ਸੱਤਾਧਾਰੀ ਭਾਜਪਾ ਪਾਰਟੀ ਨੇ ਲੋਕ ਸਭਾ ਚੋਣਾਂ ਲਈ ਗੁਜਰਾਤ ਤੋਂ 6 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ, ਜਿਸ ਵਿਚ ਵਡੋਦਰਾ ਅਤੇ ਸਾਬਰਕਾਂਠਾ ਲਈ ਨਵੇਂ ਚਿਹਰੇ ਸ਼ਾਮਲ ਹਨ, ਜਿੱਥੇ ਪਾਰਟੀ ਉਮੀਦਵਾਰਾਂ ਨੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੇ ਨਾਲ ਹੀ ਪਾਰਟੀ ਨੇ ਉਨ੍ਹਾਂ ਸਾਰੇ 26 ਚੋਣ ਹਲਕਿਆਂ ਲਈ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਸੂਬੇ ਵਿਚ 7 ਮਈ ਨੂੰ ਇਕੋ ਪੜਾਅ 'ਚ ਚੋਣਾਂ ਹੋਣੀਆਂ ਹਨ। ਭਾਜਪਾ ਨੇ ਐਤਵਾਰ ਦੇਰ ਰਾਤ ਜਾਰੀ ਕੀਤੀ 6 ਉਮੀਦਵਾਰਾਂ ਦੀ ਆਪਣੀ ਤਾਜ਼ਾ ਸੂਚੀ ਵਿਚ ਆਯੂਸ਼ ਅਤੇ ਬਾਲ ਵਿਕਾਸ ਰਾਜ ਮੰਤਰੀ ਮਹਿੰਦਰ ਮੁੰਜਪਾਰਾ ਸਮੇਤ ਸੁਰੇਂਦਰਨਗਰ ਤੋਂ 5 ਮੌਜੂਦਾ ਸੰਸਦ ਮੈਂਬਰਾਂ ਦੀਆਂ ਟਿਕਟਾਂ ਕੱਟ ਦਿੱਤੀਆਂ ਹਨ।

ਭਾਜਪਾ ਨੇ ਮੌਜੂਦਾ ਸੰਸਦ ਮੈਂਬਰ ਰੰਜਨ ਭੱਟ ਅਤੇ ਭੀਖਾਜੀ ਠਾਕੋਰ ਨੂੰ ਕ੍ਰਮਵਾਰ ਵਡੋਦਰਾ ਅਤੇ ਸਾਬਰਕਾਂਠਾ ਸੀਟਾਂ ਲਈ ਉਮੀਦਵਾਰ ਬਣਾਇਆ ਸੀ। ਹਾਲਾਂਕਿ ਸ਼ਨੀਵਾਰ ਨੂੰ ਦੋ ਵਾਰ ਦੇ ਸੰਸਦ ਭੱਟ ਅਤੇ ਠਾਕੋਰ ਨੇ ਚੋਣ ਨਾ ਲੜਨ ਦਾ ਐਲਾਨ ਕੀਤਾ। ਪਾਰਟੀ ਨੇ ਭੱਟ ਦੀ ਥਾਂ ਹੇਮਾਂਗ ਜੋਸ਼ੀ ਨੂੰ ਮੈਦਾਨ ਵਿਚ ਉਤਾਰਿਆ ਹੈ, ਜਦਕਿ ਠਾਕੋਰ ਦੀ ਥਾਂ ਸ਼ੋਭਨਾ ਬਰਈਆ ਚੋਣ ਲੜੇਗੀ। ਜੋਸ਼ੀ ਵਡੋਦਰਾ ਨਗਰ ਨਿਗਮ ਦੇ ਮਿਉਂਸਪਲ ਸਕੂਲ ਬੋਰਡ ਦੇ ਉਪ-ਚੇਅਰਮੈਨ ਹਨ। ਬਰਈਆ ਪ੍ਰਾਂਤੀਜ ਤੋਂ ਭਾਜਪਾ ਦੇ ਸਾਬਕਾ ਵਿਧਾਇਕ ਦੀ ਪਤਨੀ ਹੈ। ਬੀਜੇਪੀ ਨੇ ਜੂਨਾਗੜ੍ਹ ਤੋਂ ਆਪਣੇ ਸੰਸਦ ਮੈਂਬਰ ਰਾਜੇਸ਼ ਚੁਡਾਸਮਾ ਨੂੰ ਫਿਰ ਤੋਂ ਉਮੀਦਵਾਰ ਬਣਾਇਆ ਹੈ। ਇਹ ਤੀਜੀ ਵਾਰ ਲੋਕ ਸਭਾ ਚੋਣ ਲੜਨਗੇ। ਸੁਰੇਂਦਰਨਗਰ 'ਚ ਭਾਜਪਾ ਨੇ ਮੁੰਜਪਾੜਾ ਦੀ ਟਿਕਟ ਰੱਦ ਕਰਕੇ ਚੰਦੂ ਸ਼ਿਹੋਰਾ ਨੂੰ ਟਿਕਟ ਦਿੱਤੀ ਹੈ। ਉਹ ਮੋਰਬੀ ਨਗਰ ਪਾਲਿਕਾ ਦੇ ਸਾਬਕਾ ਚੇਅਰਮੈਨ ਸਨ।

ਭਾਜਪਾ ਨੇ ਮੇਹਸਾਣਾ ਤੋਂ ਸਰਦਾਬੇਨ ਪਟੇਲ ਦੀ ਥਾਂ ਹਰੀ ਪਟੇਲ ਨੂੰ ਟਿਕਟ ਦਿੱਤੀ ਹੈ। ਹਰੀ ਪਟੇਲ ਉਂਝਾ ਸ਼ਹਿਰ ਦੇ ਰਹਿਣ ਵਾਲੇ ਹਨ ਅਤੇ ਪਾਰਟੀ ਵਰਕਰ ਹਨ। ਅਮਰੇਲੀ ਸੀਟ ਲਈ, ਭਾਜਪਾ ਨੇ ਆਪਣੇ ਤਿੰਨ ਵਾਰ ਸੰਸਦ ਮੈਂਬਰ ਨਾਰਨ ਕਛੜੀਆ, ਜੋ ਅਮਰੇਲੀ ਜ਼ਿਲ੍ਹਾ ਪੰਚਾਇਤ ਪ੍ਰਧਾਨ ਹਨ, ਦੀ ਥਾਂ ਭਰਤ ਸੁਤਾਰੀਆ ਨੂੰ ਮੈਦਾਨ 'ਚ ਉਤਾਰਿਆ ਹੈ। ਕਾਂਗਰਸ ਗੁਜਰਾਤ ਦੀਆਂ 24 ਸੀਟਾਂ 'ਤੇ ਚੋਣ ਲੜ ਰਹੀ ਹੈ ਅਤੇ ਉਨ੍ਹਾਂ 'ਚੋਂ 17 'ਤੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਨੇ 'ਇੰਡੀਆ' ਗਠਜੋੜ 'ਚ ਆਪਣੀ ਸਹਿਯੋਗੀ ਪਾਰਟੀ 'ਆਮ ਆਦਮੀ ਪਾਰਟੀ' (ਆਪ) ਨੂੰ ਭਰੂਚ ਅਤੇ ਭਾਵਨਗਰ - ਦੋ ਸੀਟਾਂ ਦਿੱਤੀਆਂ ਹਨ। 'ਆਪ' ਨੇ ਦੋਵਾਂ ਸੀਟਾਂ 'ਤੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। 2014 ਅਤੇ 2019 ਦੀਆਂ ਆਮ ਚੋਣਾਂ ਵਿਚ ਭਾਜਪਾ ਨੇ ਸੂਬੇ ਦੀਆਂ ਸਾਰੀਆਂ 26 ਸੀਟਾਂ ਜਿੱਤੀਆਂ ਸਨ।









# ਲੋਕ ਸਭਾ ਚੋਣ ਤੋਂ ਪਹਿਲਾਂ ਵਧੀਆਂ ਸਿਆਸੀ ਗਰਮਾ-ਗਰਮੀ; ਨੇਤਾਵਾਂ ਦੇ ਪੱਖ ਬਦਲਣ ਦਾ ਸਿਲਸਿਲਾ ਸ਼ੁਰੂ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਆਗਾਮੀ ਲੋਕ ਸਭਾ ਚੋਣ ਤੋਂ ਪਹਿਲਾਂ ਵਧਦੀ ਸਿਆਸੀ ਗਰਮਾ-ਗਰਮੀ ਦਰਮਿਆਨ ਨੇਤਾਵਾਂ ਦੇ ਪੱਖ ਬਦਲਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਭਾਵੇਂ ਪੰਜਾਬ 'ਚ ਲੋਕ ਸਭਾ ਚੋਣਾਂ ਸਬੰਧੀ ਰਸਮੀ ਨੋਟੀਫਿਕੇਸ਼ਨ ਅਜੇ ਤੱਕ ਜਾਰੀ ਨਹੀਂ ਹੋਇਆ, ਪਰ ਹੁਣ ਤੱਕ ਆਮ ਆਦਮੀ ਪਾਰਟੀ ਇਸ ਖੇਡ 'ਚ ਬਾਜ਼ੀ ਮਾਰਦੀ ਨਜ਼ਰ ਆ ਰਹੀ ਹੈ। ਸਭ ਤੋਂ ਪਹਿਲਾਂ 8 ਉਮੀਦਵਾਰਾਂ ਦਾ ਐਲਾਨ ਕੀਤਾ, ਜਿਨ੍ਹਾਂ 'ਚ ਇੱਕ ਖਾਸ ਨਾਮ ਗੁਰਪ੍ਰੀਤ ਸਿੰਘ ਜੀ.ਪੀ. ਦਾ ਹੈ, ਜੋ ਹਾਲ 'ਚ ਕਾਂਗਰਸ ਛੱਡ ਕੇ 'ਆਪ' ਵਿਚ ਸ਼ਾਮਲ ਹੋਏ ਸਨ।

ਇਸ ਤੋਂ ਇਲਾਵਾ ਚੱਬੇਵਾਲ ਤੋਂ ਵਿਧਾਇਕ ਤੇ ਕਾਂਗਰਸ ਵਿਧਾਇਕ ਦਲ ਦੇ ਉਪ ਨੇਤਾ ਡਾ. ਰਾਜ ਕੁਮਾਰ ਚੱਬੇਵਾਲ ਨੇ ਅਚਾਨਕ 'ਆਪ' 'ਚ ਸ਼ਾਮਲ ਹੋ ਕੇ ਨਾ ਸਿਰਫ਼ ਸੂਬੇ ਦੀ ਸਮੁੱਚੀ ਕਾਂਗਰਸ, ਸਗੋਂ ਹੁਸ਼ਿਆਰਪੁਰ ਹਲਕੇ ਦੇ 'ਆਪ' ਆਗੂਆਂ ਨੂੰ ਵੀ ਹੈਰਾਨ ਕਰ ਦਿੱਤਾ। ਮੰਨਿਆ ਜਾ ਰਿਹਾ ਹੈ ਕਿ ਡਾ. ਚੱਬੇਵਾਲ ਹੁਸ਼ਿਆਰਪੁਰ ਤੋਂ 'ਆਪ' ਦੇ ਲੋਕ ਸਭਾ ਉਮੀਦਵਾਰ ਹੋਣਗੇ।

ਪੱਖ ਬਦਲਣ ਦੀ ਇਹ ਸਿਆਸਤ ਅਗਲੇ ਮਹੀਨੇ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ। ਸੂਤਰਾਂ ਦੀ ਮੰਨੀਏ ਤਾਂ ਕਾਂਗਰਸ ਦੇ ਦੋ ਮੌਜੂਦਾ ਸੰਸਦ ਮੈਂਬਰਾਂ ਨੇ ਭਾਜਪਾ ਦੀ ਰਾਸ਼ਟਰੀ ਲੀਡਰਸ਼ਿਪ ਨਾਲ ਸੰਪਰਕ ਕੀਤਾ ਹੈ। ਇਹ ਮਾਲਵੇ ਦੀਆਂ 2 ਸੀਟਾਂ 'ਤੇ ਦਾਅਵਾ ਪੇਸ਼ ਕਰ ਰਹੇ ਹਨ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ 'ਚੋਂ ਇਕ ਦੀ ਨਜ਼ਰ ਚੰਡੀਗੜ੍ਹ ਲੋਕ ਸਭਾ ਸੀਟ 'ਤੇ ਵੀ ਟਿਕੀ ਹੋਈ ਹੈ। ਉਕਤ ਸੰਸਦ ਮੈਂਬਰ ਦੀ ਤਰਜੀਹ ਚੰਡੀਗੜ੍ਹ ਸੀਟ ਹੈ ਪਰ ਅਜਿਹਾ ਨਾ ਹੋਣ 'ਤੇ ਉਹ ਬਾਕੀ ਦੋ ਸੀਟਾਂ 'ਚੋਂ ਕਿਸੇ ਇੱਕ 'ਤੇ ਵੀ ਚੋਣ ਲੜਨ ਲਈ ਤਿਆਰ ਹਨ।

ਦੂਜੇ ਪਾਸੇ 'ਕਮਲ' ਦਾ ਪੱਲਾ ਫੜਨ ਲਈ ਉਤਾਵਲੇ

# ਯੂ.ਕੇ. ਸਰਕਾਰ ਵੱਲੋਂ ਭਾਰਤ ਜਾਣ ਵਾਲੇ ਆਪਣੇ ਨਾਗਰਿਕਾਂ ਲਈ ਐਡਵਾਈਜ਼ਰੀ ਜਾਰੀ

**ਲੰਡਨ, (ਪੰਜਾਬ ਮੇਲ)-** ਯੂ.ਕੇ. ਸਰਕਾਰ ਨੇ ਭਾਰਤ ਜਾਣ ਵਾਲੇ ਆਪਣੇ ਨਾਗਰਿਕਾਂ ਨੂੰ ਭਾਰਤ ਵਿਚ ਜਨਰਲ ਚੋਣਾਂ ਦੇ ਮੱਦੇਨਜ਼ਰ ਸੁਚੇਤ ਰਹਿਣ ਲਈ ਕਿਹਾ ਹੈ। ਯੂ.ਕੇ. ਦੀ ਸਰਕਾਰੀ ਵੈਬਸਾਈਟ 'ਤੇ ਭਾਰਤ ਜਾਣ ਵਾਲੇ ਯਾਤਰੀਆਂ ਨੂੰ ਭਾਰਤੀ ਖੇਤਰਾਂ ਵਿਚ ਯਾਤਰੀਆਂ ਨੂੰ ਜਾਨੀ ਸੁਰੱਖਿਆ ਦੇ ਮੱਦੇਨਜ਼ਰ ਸੁਚੇਤ ਰਹਿਣ ਤੇ ਬਗੈਰ ਲੋੜ ਦੇ ਕਿਤੇ ਨਾ ਜਾਣ ਲਈ ਕਿਹਾ ਹੈ। ਯੂ.ਕੇ. ਸਰਕਾਰ ਨੇ ਕਿਹਾ ਕਿ ਭਾਰਤ ਵਿਚ ਜਨਰਲ ਆਮ ਚੋਣਾਂ 19 ਅਪ੍ਰੈਲ ਤੋਂ 1 ਜੂਨ ਦਰਮਿਆਨ ਹੋਣਗੀਆਂ ਤੇ ਇਸ ਦੇ ਨਤੀਜੇ 4 ਜੂਨ ਨੂੰ ਐਲਾਨੇ ਜਾਣਗੇ। ਇਸ ਦੌਰਾਨ ਦੇਸ਼ ਭਰ ਵਿਚ ਸਿਆਸੀ ਰੈਲੀਆਂ ਅਤੇ ਜਨਤਕ ਮੀਟਿੰਗਾਂ, ਵੱਡੇ ਇਕੱਠਾਂ ਦੇ ਆਲੇ-ਦੁਆਲੇ ਸਾਵਧਾਨੀ ਵਰਤਣ ਦੇ ਨਾਲ, ਸਥਾਨਕ ਮੀਡੀਆ ਵਿਚ ਅੱਪਡੇਟ ਅਤੇ ਸਥਾਨਕ ਅਧਿਕਾਰੀਆਂ ਦੀ ਸਲਾਹ ਦੀ ਪਾਲਣਾ ਕਰਨ ਲਈ ਕਿਹਾ ਗਿਆ ਹੈ।



ਸਰਕਾਰ ਨੇ ਕਿਹਾ ਕਿ ਹੜਤਾਲਾਂ, ਸਿਆਸੀ ਰੈਲੀਆਂ ਅਤੇ ਪ੍ਰਦਰਸ਼ਨ ਅਕਸਰ ਹੁੰਦੇ ਹਨ ਅਤੇ ਕਈ ਰੈਲੀਆਂ ਹਿੰਸਕ ਬਣ ਸਕਦੀਆਂ ਹਨ। ਚੋਣਾਂ ਦੌਰਾਨ ਅਤੇ ਪਾਰਟੀ ਜਾਂ ਸਰਕਾਰ ਦੇ ਨੇਤਾਵਾਂ ਦੀ ਮੌਤ ਤੋਂ ਬਾਅਦ ਜ਼ੋਖਮ ਵੱਧ ਹੁੰਦੇ ਹਨ। ਵਿਰੋਧ ਪ੍ਰਦਰਸ਼ਨ ਥੋੜ੍ਹੇ ਸਮੇਂ ਦੇ ਨੋਟਿਸ 'ਤੇ ਵੀ ਹੋ ਸਕਦੇ ਹਨ, ਖਾਸ ਕਰਕੇ ਰਾਸ਼ਟਰੀ ਮਹੱਤਵ ਵਾਲੇ ਦਿਨਾਂ ਦੇ ਆਲੇ-ਦੁਆਲੇ ਘਟਨਾਵਾਂ ਆਮ ਵਾਪਰ ਜਾਂਦੀਆਂ ਹਨ ਅਤੇ ਸਥਾਨਕ ਅਧਿਕਾਰੀ ਥੋੜ੍ਹੇ ਸਮੇਂ ਦੇ ਨੋਟਿਸ 'ਤੇ ਕਰਫਿਊ ਅਤੇ ਹੋਰ ਪਾਬੰਦੀਆਂ ਲਗਾ ਸਕਦੇ ਹਨ ਤੇ ਅਫਵਾਹਾਂ ਤੋਂ ਬਚਣ ਲਈ ਸਥਾਨਕ ਪ੍ਰਸ਼ਾਸਨ ਮੋਬਾਈਲ ਅਤੇ ਇੰਟਰਨੈੱਟ ਨੈੱਟਵਰਕ ਕਵਰੇਜ ਸਮੇਤ ਆਵਾਜਾਈ ਅਤੇ ਜਨਤਕ ਸੇਵਾਵਾਂ ਥੋੜ੍ਹੇ ਸਮੇਂ ਦੇ ਨੋਟਿਸ 'ਤੇ ਵਿਘਨ ਪਾ ਸਕਦੀਆਂ ਹਨ।

ਯੂ.ਕੇ. ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਵਿਰੋਧ ਪ੍ਰਦਰਸ਼ਨਾਂ ਤੋਂ ਬਚਾਅ ਕਰਨ ਦੇ ਨਾਲ ਧਾਰਮਿਕ ਸਥਾਨਾਂ, ਖੇਡ ਸਟੇਡੀਅਮਾਂ ਅਤੇ ਸ਼ਾਪਿੰਗ ਸੈਂਟਰਾਂ ਸਮੇਤ ਵੱਡੇ ਇਕੱਠਾਂ ਦੇ ਆਲੇ-ਦੁਆਲੇ ਸਾਵਧਾਨ ਰਹਿਣ ਲਈ ਕਿਹਾ ਹੈ ਅਤੇ ਸਥਾਨਕ ਅਧਿਕਾਰੀਆਂ ਅਤੇ ਆਪਣੀ ਯਾਤਰਾ ਕੰਪਨੀ ਦੀ ਸਲਾਹ ਦੀ ਪਾਲਣਾ ਕਰਨ ਦੇ ਨਾਲ ਸਥਾਨਕ ਮੀਡੀਆ ਦੀ ਨਿਗਰਾਨੀ ਕਰਨ ਅਤੇ ਕਿਸੇ ਵੀ ਕਰਫਿਊ ਪਾਬੰਦੀਆਂ ਦੀ ਪਾਲਣਾ ਕਰਨ ਲਈ ਸੁਚੇਤ ਕੀਤਾ ਗਿਆ ਹੈ। ਯੂ.ਕੇ. ਸਰਕਾਰ ਨੇ ਭਾਰਤ ਜਾਣ ਵਾਲੇ ਨਾਗਰਿਕਾਂ ਨੂੰ ਸੁਚੇਤ ਕਰਦਿਆਂ ਲਿਖਿਆ ਹੈ ਕਿ ਭਾਰਤ ਵਿਚ ਕੰਮ ਕਰ ਰਹੇ ਅੱਤਵਾਦੀ ਅਤੇ ਵਿਦਰੋਹੀ ਸਮੂਹਾਂ ਵਿਚ ਕਸ਼ਮੀਰ ਵਿਚ ਲਸ਼ਕਰ-ਏ-ਤਾਇਬਾ (ਐੱਲ.ਈ.ਟੀ.), ਜੈਸ਼-ਏ-ਮੁਹੰਮਦ (ਜੇ.ਈ.ਐੱਮ.), ਭਾਰਤ ਦੇ ਪੂਰਬੀ ਰਾਜਾਂ ਵਿਚ ਸਰਗਰਮ ਨਕਸਲੀ (ਕਮਿਊਨਿਸਟ ਵਿਦਰੋਹੀ) ਸਮੂਹ ਸਰਗਰਮ ਹਨ ਅਤੇ ਪੰਜਾਬ ਵਿਚ ਹਿੰਦ-ਪਾਕਿ ਬਾਰਡਰ 'ਤੇ ਸੁਰੱਖਿਆ ਨੂੰ ਲੈ ਕੇ ਸੁਚੇਤ ਰਹਿਣ ਲਈ ਆਖਿਆ ਗਿਆ ਹੈ। ਨਾਲ ਹੀ ਪੰਜਾਬ ਵਿਚ ਖਾਲਿਸਤਾਨੀ ਕੱਟੜਪੰਥੀ ਮੁੱਖ ਤੌਰ 'ਤੇ ਸਰਗਰਮ ਦੱਸਿਆ ਗਿਆ ਹੈ ਤੇ ਭਾਰਤੀ ਉਪ ਮਹਾਂਦੀਪ ਵਿਚ ਅਲਕਾਇਦਾ ਅਤੇ ਹੋਰ ਸਮੂਹਾਂ ਦੇ ਸਰਗਰਮ ਹੋਣ ਬਾਰੇ ਯੂ.ਕੇ. ਨਾਗਰਿਕ ਨੂੰ ਭਾਰਤ ਜਾਣ ਸਮੇਂ ਸੁਚੇਤ ਰਹਿਣ ਅਤੇ ਬਗੈਰ ਕੋਈ ਜ਼ਰੂਰ ਕੰਮ ਤੋਂ ਭਾਰਤ ਜਾਣ ਤੋਂ ਵਰਜਿਤ ਕੀਤਾ ਗਿਆ ਹੈ।

ਸਫਾ 1 ਦਾ ਬਾਕੀ

## ਲੋਕ ਸਭਾ ਚੋਣਾਂ ਤੋਂ ਪਹਿਲਾਂ ਦਲ ਬਦਲੀ ਦਾ ਜ਼ੋਰ!...

ਰਿਹਾ ਸੀ ਕਿ ਉਨ੍ਹਾਂ ਦੀ ਪਤਨੀ ਕਦੋਂ ਅਧਿਕਾਰਤ ਤੌਰ 'ਤੇ ਭਾਜਪਾ 'ਚ ਸ਼ਾਮਲ ਹੋਵੇਗੀ ਪਰ ਬਿੱਟੂ ਨੇ ਕਿਸੇ ਨੂੰ ਕੰਨੋ-ਕੰਨ ਖ਼ਬਰ ਨਹੀਂ ਹੋਣ ਦਿੱਤੀ, ਜਿਸ ਤੋਂ ਬਾਅਦ ਸਭ ਦੀਆਂ ਨਜ਼ਰਾਂ ਕਾਂਗਰਸ ਦੇ ਆਨੰਦਪੁਰ ਸਾਹਿਬ ਦੇ ਐੱਮ.ਪੀ. ਮਨੀਸ਼ ਤਿਵਾੜੀ 'ਤੇ ਲੱਗ ਗਈਆਂ, ਜਿਨ੍ਹਾਂ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ। ਇਨ੍ਹਾਂ 'ਚ ਪਹਿਲਾਂ ਇਹ ਕਿਹਾ ਜਾ ਰਿਹਾ ਸੀ ਕਿ ਕਾਂਗਰਸ ਵੱਲੋਂ ਬਿੱਟੂ ਨੂੰ ਆਨੰਦਪੁਰ ਸਾਹਿਬ ਤੋਂ ਅਤੇ ਤਿਵਾੜੀ ਨੂੰ ਵਾਪਸ ਲੁਧਿਆਣਾ ਭੇਜਿਆ ਜਾ ਸਕਦਾ ਹੈ।

ਇਸ ਤੋਂ ਇਲਾਵਾ ਤਿਵਾੜੀ ਸਬੰਧੀ ਇਹ ਵੀ ਚਰਚਾ ਸੁਣਨ ਨੂੰ ਮਿਲ ਰਹੀ ਸੀ ਕਿ ਚੰਡੀਗੜ੍ਹ ਜਾਂ ਲੁਧਿਆਣਾ ਤੋਂ ਚੋਣ ਲੜਨ ਲਈ ਉਹ ਭਾਜਪਾ 'ਚ ਸ਼ਾਮਲ ਹੋ ਸਕਦੇ ਹਨ ਪਰ ਹੁਣ ਬਿੱਟੂ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਲੁਧਿਆਣਾ ਦਾ ਮੁੱਦਾ ਖਤਮ ਹੋ ਗਿਆ ਹੈ ਅਤੇ ਚੰਡੀਗੜ੍ਹ ਦੀ ਸੰਭਾਵਨਾ ਅਜੇ ਵੀ ਬਰਕਰਾਰ ਹੈ, ਜਿਸ ਸਬੰਧੀ ਤਸਵੀਰ ਆਉਣ ਵਾਲੇ ਦਿਨਾਂ 'ਚ ਭਾਜਪਾ ਅਤੇ ਕਾਂਗਰਸ ਵੱਲੋਂ ਪੰਜਾਬ ਦੇ ਉਮੀਦਵਾਰਾਂ ਦਾ ਐਲਾਨ ਤੋਂ ਬਾਅਦ ਸਾਫ ਹੋ ਸਕਦੀ ਹੈ।

ਬਿੱਟੂ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਹੁਣ ਲੁਧਿਆਣਾ ਤੋਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦਾ ਉਮੀਦਵਾਰ ਕੌਣ ਹੋਵੇਗਾ। ਇਨ੍ਹਾਂ 'ਚੋਂ ਮਨੀਸ਼ ਤਿਵਾੜੀ ਲੁਧਿਆਣਾ ਨਾ ਆਏ ਜਾਂ ਭਾਜਪਾ 'ਚ ਸ਼ਾਮਲ ਹੋ ਗਏ ਤਾਂ ਕਾਂਗਰਸ ਟਿਕਟ ਲਈ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦਾ ਨਾਂ ਸਭ ਤੋਂ ਜ਼ਿਆਦਾ ਚਰਚਾ 'ਚ ਆ ਗਿਆ ਹੈ, ਜਿਸ ਦਾ ਕਾਰਨ ਆਸ਼ੂ ਦੀਆਂ ਗਾਂਧੀ ਪਰਿਵਾਰ ਨਾਲ ਨਜ਼ਦੀਕੀਆਂ ਨੂੰ ਮੰਨਿਆ ਜਾ ਰਿਹਾ ਹੈ। ਉਹ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ ਅਤੇ ਇਸ ਸਮੇਂ ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਹਨ।

ਬਿੱਟੂ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਹੁਣ ਸਿਆਸੀ ਗਲਿਆਰੇ 'ਚ ਇਕ ਹੀ ਚਰਚਾ ਸੁਣਨ ਨੂੰ ਮਿਲ ਰਹੀ ਹੈ ਕਿ ਉਨ੍ਹਾਂ ਦੇ ਭਰਾ ਗੁਰਕੀਰਤ ਕੋਟਲੀ ਦਾ ਅਗਲਾ ਕਦਮ ਕੀ ਹੋਵੇਗਾ। ਉਹ ਬਿੱਟੂ ਤੋਂ ਪਹਿਲਾਂ ਸਿਆਸਤ 'ਚ ਸਰਗਰਮ ਰਹੇ ਹਨ ਅਤੇ ਖੰਨਾ ਤੋਂ 2 ਵਾਰ ਵਿਧਾਇਕ ਅਤੇ ਮੰਤਰੀ ਰਹੇ ਹਨ। ਹੁਣ ਉਨ੍ਹਾਂ ਨੂੰ ਕਾਂਗਰਸ ਵੱਲੋਂ ਆਲ ਇੰਡੀਆ ਦਾ ਸੈਕਟਰੀ ਬਣਾਇਆ ਗਿਆ ਹੈ। ਹੁਣ ਸਵਾਲ ਖੜ੍ਹੇ ਹੋ ਰਹੇ ਹਨ ਕਿ ਕੀ ਬਿੱਟੂ ਨੇ ਭਾਜਪਾ 'ਚ ਸ਼ਾਮਲ ਹੋਣ ਤੋਂ ਪਹਿਲਾਂ ਗੁਰਕੀਰਤ ਨੂੰ ਭਰੋਸੇ 'ਚ ਨਹੀਂ ਲਿਆ ਜਾਂ ਫਿਰ ਉਨ੍ਹਾਂ ਨੂੰ ਇਸ ਦੀ ਜਾਣਕਾਰੀ ਪਹਿਲਾਂ ਤੋਂ ਸੀ ਕਿਉਂਕਿ ਜਦੋਂ ਬਿੱਟੂ ਦਿੱਲੀ ਵਿਚ ਭਾਜਪਾ ਵਿਚ ਸ਼ਾਮਲ ਹੋ ਰਹੇ ਸਨ ਤਾਂ ਉਹ ਸਮੇਂ ਗੁਰਕੀਰਤ ਲੋਕ ਸਭਾ ਚੋਣਾਂ ਦੇ ਲਈ ਰਣਨੀਤੀ ਬਣਾਉਣ ਲਈ ਚੰਡੀਗੜ੍ਹ ਵਿਚ ਹੋ ਰਹੀ ਪੰਜਾਬ ਕਾਂਗਰਸ ਦੇ ਆਹਲਾ ਨੇਤਾਵਾਂ ਦੀ ਮੀਟਿੰਗ ਵਿਚ ਮੌਜੂਦ ਸਨ।

ਸਫਾ 1 ਦਾ ਬਾਕੀ

## ਬਾਲਟੀਮੋਰ 'ਚ ਭਿਆਨਕ ਹਾਦਸਾ, ਕਾਰਗੋ ਜਹਾਜ਼ ਦੇ ਟਕਰਾਉਣ...

ਕਿ ਪੁਲ ਡਿੱਗਣ ਤੋਂ ਬਾਅਦ ਕਈ ਕਾਰਾਂ ਅਤੇ ਲੋਕ ਪਾਣੀ ਵਿਚ ਡੁੱਬ ਗਏ। ਕਈ ਲੋਕਾਂ ਦੇ ਲਾਪਤਾ ਹੋਣ ਦੀ ਵੀ ਖ਼ਬਰ ਹੈ। ਕੁੱਲ ਮਿਲਾ ਕੇ ਇਹ ਹਾਦਸਾ ਵੱਡੇ ਨੁਕਸਾਨ ਵੱਲ ਇਸ਼ਾਰਾ ਕਰ ਰਿਹਾ ਹੈ। ਬਾਲਟੀਮੋਰ ਫਾਇਰ ਡਿਪਾਰਟਮੈਂਟ ਦੇ ਡਾਇਰੈਕਟਰ ਕੇਵਿਨ ਕਾਰਟਰਾਈਟ ਨੇ ਪੁਸ਼ਟੀ ਕੀਤੀ ਕਿ ਕਈ ਵਾਹਨ ਨਦੀ ਵਿਚ ਵਹਿ ਗਏ ਸਨ।

ਤੱਟ ਰੱਖਿਅਕ ਅਧਿਕਾਰੀ ਨੇ ਦੱਸਿਆ ਕਿ ਜਹਾਜ਼ 'ਤੇ ਸਿੰਗਾਪੁਰ ਦਾ ਝੰਡਾ ਸੀ। ਮਾਲਵਾਹਕ ਜਹਾਜ਼ ਦਾ ਨਾਂ ਡਾਲੀ ਹੈ ਅਤੇ ਇਹ 948 ਫੁੱਟ ਲੰਬਾ ਹੈ। ਇਹ ਜਹਾਜ਼ ਬਾਲਟੀਮੋਰ ਤੋਂ ਕੋਲੰਬੋ, ਸ਼੍ਰੀਲੰਕਾ ਲਈ ਰਵਾਨਾ ਹੋਇਆ ਸੀ। ਇਸ ਦੌਰਾਨ ਜਹਾਜ਼ ਫਰਾਂਸਿਸ ਸਕਾਟ ਬ੍ਰਿਜ ਨਾਲ ਟਕਰਾ ਗਿਆ। ਇਹ ਪੁਲ 1977 ਵਿਚ ਆਮ ਲੋਕਾਂ ਲਈ ਖੋਲ੍ਹਿਆ ਗਿਆ ਸੀ। ਇਸ ਦਾ ਨਾਂ ਮਸ਼ਹੂਰ ਅਮਰੀਕੀ ਲੇਖਕ ਫਰਾਂਸਿਸ ਸਕਾਟ ਦੇ ਨਾਂ 'ਤੇ ਰੱਖਿਆ ਗਿਆ ਸੀ। ਫਰਾਂਸਿਸ ਸਕਾਟ ਬ੍ਰਿਜ 1.6 ਮੀਲ ਲੰਬਾ ਹੈ।

ਸਫਾ 1 ਦਾ ਬਾਕੀ

## ਲੋਕ ਸਭਾ ਚੋਣਾਂ: ਸੀਟਾਂ ਦੀ ਵੰਡ ਬਣੀ ਅਕਾਲੀ-ਭਾਜਪਾ ਗਠਜੋੜ...

ਕਹਿਣਾ ਹੈ ਕਿ ਗੱਠਜੋੜ ਨਾ ਹੋਣ ਦੀ ਸਥਿਤੀ 'ਚ ਉਸ ਨੂੰ ਘੱਟ ਨੁਕਸਾਨ ਹੈ।

ਸਭ ਤੋਂ ਵੱਧ ਨੁਕਸਾਨ ਤਾਂ ਅਕਾਲੀ ਦਲ ਨੂੰ ਹੀ ਸਹਿਣਾ ਪਵੇਗਾ ਕਿਉਂਕਿ ਅਕਾਲੀ ਦਲ ਹਮੇਸ਼ਾ ਸ਼ਹਿਰਾਂ ਤੇ ਛੋਟੇ ਸ਼ਹਿਰਾਂ 'ਚ ਭਾਜਪਾ ਦੀ ਵੋਟ ਬੈਂਕ ਕਾਰਨ ਜਿੱਤ ਹਾਸਲ ਕਰਦਾ ਆਇਆ ਹੈ। ਜੇ ਉਸ ਨੂੰ ਭਾਜਪਾ ਦੀਆਂ ਵੋਟਾਂ ਨਹੀਂ ਮਿਲਦੀਆਂ ਤਾਂ ਸੂਬੇ 'ਚ ਉਸ ਲਈ ਇਕ ਸੀਟ 'ਤੇ ਵੀ ਆਪਣੀ ਜਿੱਤ ਯਕੀਨੀ ਬਣਾਉਣੀ ਔਖੀ ਹੋ ਜਾਵੇਗੀ। ਪੰਜਾਬ 'ਚ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਚੋਣਾਂ ਲਈ ਗੱਠਜੋੜ ਹੋਵੇਗਾ ਜਾਂ ਨਹੀਂ ਇਸ 'ਤੇ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੋਵਾਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ। ਦੋਵਾਂ ਪਾਰਟੀਆਂ ਦਾ ਮੰਨਣਾ ਸੀ ਕਿ ਜੇ ਗੱਠਜੋੜ ਹੋ ਜਾਂਦਾ ਹੈ ਤਾਂ ਉਨ੍ਹਾਂ ਨੂੰ ਆਪਣੀ ਰਣਨੀਤੀ 'ਤੇ ਮੁੜ ਵਿਚਾਰ ਕਰਨਾ ਪੈਂਦਾ। ਗੱਠਜੋੜ ਨਾ ਹੋਣ ਦੀ ਸਥਿਤੀ 'ਚ ਆਮ ਆਦਮੀ ਪਾਰਟੀ ਦੇ ਕਈ ਉਮੀਦਵਾਰ ਖੁਸ਼ ਹਨ ਅਤੇ ਨਾਲ ਹੀ ਦੂਜੇ ਪਾਸੇ ਕਾਂਗਰਸ ਦੇ ਕੁਝ ਉਮੀਦਵਾਰਾਂ ਨੇ ਵੀ ਰਾਹਤ ਮਹਿਸੂਸ ਕੀਤੀ ਹੈ। ਹੁਣ ਗੱਠਜੋੜ ਨਾ ਹੋਣ ਕਾਰਨ ਪੰਜਾਬ 'ਚ ਵਧੇਰੇ ਸੀਟਾਂ 'ਤੇ ਚਾਰ ਕੋਣੀ ਮੁਕਾਬਲੇ ਹੋਣਗੇ।

## ਕੈਨੇਡਾ 'ਚ ਅੰਮ੍ਰਿਤਧਾਰੀ ਜੋੜੇ ਦੇ ਕਤਲ ਦੇ ਚਾਰ ਮਹੀਨੇ ਬਾਅਦ ਵੀ ਦੋਸ਼ੀ ਪੁਲਿਸ ਗ੍ਰਿਫ਼ਤ ਤੋਂ ਬਾਹਰ



ਜਸਪ੍ਰੀਤ ਕੌਰ ਘਟਨਾ ਤੋਂ ਪਹਿਲਾਂ ਆਪਣੇ ਮਾਪਿਆਂ ਨਾਲ।

**ਵੈਨਕੂਵਰ, (ਪੰਜਾਬ ਮੇਲ)-** ਚਾਰ ਕੁ ਮਹੀਨੇ ਪਹਿਲਾਂ ਬਰੈਂਪਟਨ ਤੇ ਕੈਲੇਡਨ ਨੂੰ ਵੰਡਦੀ ਮੇਅ ਫੀਲਡ ਰੋਡ ਨੇੜਲੇ ਕਿਰਾਏ ਦੇ ਘਰ ਵਿਚ ਮਾਰੇ ਗਏ ਅੰਮ੍ਰਿਤਧਾਰੀ ਜੋੜੇ ਜਗਤਾਰ ਸਿੰਘ (57) ਤੇ ਹਰਭਜਨ ਕੌਰ (55) ਦੇ ਕਾਤਲ ਅਤੇ 13 ਗੋਲੀਆਂ ਕਾਰਨ ਉਮਰ ਭਰ ਲਈ ਅਪਾਹਜ ਹੋਈ ਉਨ੍ਹਾਂ ਦੀ ਧੀ ਜਸਪ੍ਰੀਤ ਕੌਰ (28) ਦੇ ਦੋਸ਼ੀ ਅਜੇ ਪੁਲਿਸ ਗ੍ਰਿਫਤ ਤੋਂ ਬਾਹਰ ਹਨ। ਦੰਪਤੀ ਕੁਝ ਦਿਨ ਪਹਿਲਾਂ ਹੀ ਪੰਜਾਬ ਤੋਂ ਪੁੱਤਰ ਤੇ ਧੀ ਕੋਲ ਪਹੁੰਚੇ ਸਨ। ਇਸੇ ਸਬੰਧ 'ਚ ਕੀਤੇ ਗਏ ਪੱਤਰਕਾਰ ਸੰਮੇਲਨ ਵਿਚ ਪੁਲਿਸ ਜਾਂਚ ਟੀਮ ਦੇ ਇੰਸਪੈਕਟਰ ਬਰੈਨ ਮੈਕਡੌਗਮਟ ਨੇ ਕਿਹਾ ਕਿ ਬਿਨਾਂ ਸ਼ੱਕ ਪਰਿਵਾਰ ਗਲਤ ਪਛਾਣ ਦਾ ਸ਼ਿਕਾਰ ਹੋਇਆ ਹੈ। ਚੰਗਾ ਹੋਇਆ ਕਿ ਉਸ ਮੌਕੇ ਜੋੜੇ ਦਾ ਪੁੱਤਰ ਗੁਰਦਿੱਤ ਸਿੰਘ (30) ਘਰ 'ਚ ਮੌਜੂਦ ਨਹੀਂ ਸੀ। ਉਨ੍ਹਾਂ ਕਿ ਬੀਤੇ ਸਾਲ 20 ਨਵੰਬਰ ਦੀ ਰਾਤ ਨੂੰ ਵਾਪਰੀ ਘਟਨਾ ਉਸ ਤੋਂ ਕੁਝ ਦਿਨ ਪਹਿਲਾਂ ਵਾਪਰੀਆਂ ਗੋਲੀਬਾਰੀ ਦੀਆਂ 6 ਹੋਰ ਘਟਨਾਵਾਂ ਨਾਲ ਸਬੰਧਤ ਹੈ। 15 ਨਵੰਬਰ ਨੂੰ ਬਰੈਂਪਟਨ ਦਾ ਰਹਿਣ ਵਾਲਾ ਜਗਰਾਜ ਸਿੰਘ (29) ਦਾ ਕਤਲ ਇਸੇ ਕੜੀ ਦਾ ਹਿੱਸਾ ਹੈ।

## ਕੈਨੇਡਾ 'ਚ ਮਾਰਚ ਦੇ ਸ਼ੁਰੂ ਵਿਚ ਇਕ ਦਿਨ 'ਚ ਲੱਗੇ 2000 ਵਾਰ ਭੂਚਾਲ ਦੇ ਝਟਕੇ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਤੱਟ 'ਤੇ ਮਾਰਚ 2024 ਦੇ ਸ਼ੁਰੂ 'ਚ ਇੱਕ ਦਿਨ ਵਿਚ ਲਗਭਗ 2,000 ਵਾਰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਜੇਕਰ ਵਿਗਿਆਨੀਆਂ ਦੀ ਮੰਨੀਏ ਤਾਂ ਇਹ ਝਟਕੇ ਇਸ ਗੱਲ ਦਾ ਸੰਕੇਤ ਹੋ ਸਕਦੇ ਹਨ ਕਿ ਡੂੰਘੇ ਸਮੁੰਦਰ ਵਿਚ ਮੈਗਮੈਟਿਕ ਫਟਣ ਨਾਲ ਇੱਕ ਨਵੀਂ ਸਮੁੰਦਰੀ ਪਰਤ ਪੈਦਾ ਹੋਣ ਵਾਲੀ ਹੈ। ਹਾਲਾਂਕਿ ਚੰਗੀ ਗੱਲ ਇਹ ਹੈ ਕਿ ਭੂਚਾਲ ਕਾਰਨ ਲੋਕਾਂ ਨੂੰ ਕੋਈ ਖਤਰਾ ਨਹੀਂ ਸੀ।

ਭੂਚਾਲ ਦੇ ਇਨ੍ਹਾਂ ਝਟਕਿਆਂ ਨੂੰ ਘੱਟ ਤੀਬਰਤਾ ਵਾਲਾ ਦੱਸਿਆ ਗਿਆ, ਜਿਨ੍ਹਾਂ ਦਾ ਕੇਂਦਰ ਵੈਨਕੂਵਰ ਟਾਪੂ ਦੇ ਤੱਟ ਤੋਂ ਲਗਭਗ 150 ਮੀਲ (240 ਕਿਲੋਮੀਟਰ) ਦੂਰ ਐਂਡੇਵਰ ਸਾਈਟ ਨਾਮਕ ਸਥਾਨ 'ਤੇ ਪਾਇਆ ਗਿਆ ਸੀ। ਇਹ ਸਥਾਨ ਕਈ ਹਾਈਡ੍ਰੋਥਰਮਲ ਵੈਂਟਸ ਦੀ ਮੇਜ਼ਬਾਨੀ ਕਰਦਾ ਹੈ ਅਤੇ ਜੁਆਨ ਡੇ ਫੂਕਾ ਰਿਜ 'ਤੇ ਹੈ। ਉੱਥੇ ਸਮੁੰਦਰ ਦਾ ਪੱਧਰ ਦੂਰ ਤੱਕ ਫੈਲਿਆ ਹੋਇਆ ਹੈ।

ਵਾਸ਼ਿੰਗਟਨ ਯੂਨੀਵਰਸਿਟੀ ਵਿਚ ਸਮੁੰਦਰੀ ਭੂ-ਭੌਤਿਕ ਵਿਗਿਆਨ ਵਿਚ ਡਾਕਟਰੇਟ ਦੇ ਉਮੀਦਵਾਰ ਜੇ ਕ੍ਰਾਸ ਦੇ ਹਵਾਲੇ ਨਾਲ ਇਸ ਬਾਰੇ ਸਾਇੰਸ ਨਿਊਜ਼ ਵੈੱਬਸਾਈਟ 'ਲਾਈਵ ਸਾਇੰਸ' ਦੀ ਰਿਪੋਰਟ ਵਿਚ ਕਿਹਾ ਗਿਆ ਕਿ ਇਹ ਖੇਤਰ ਇਕ ਸਬਡਕਸ਼ਨ ਜ਼ੋਨ ਹੈ, ਜਿੱਥੇ ਇਕ ਟੈਕਟੋਨਿਕ ਪਲੇਟ ਦੂਜੀ ਪਲੇਟ ਦੇ ਹੇਠਾਂ ਮੈਂਟਲ ਵਿਚ ਡੁੱਬ ਰਹੀ ਹੈ। ਇਹ ਅਜਿਹਾ ਖੇਤਰ ਹੈ ਜੋ ਤੱਟ ਨੇੜੇ ਵੱਡੇ ਵਿਨਾਸ਼ਕਾਰੀ ਭੂਚਾਲ ਦਾ ਕਾਰਨ ਬਣ ਸਕਦਾ ਹੈ। ਜੇਅ ਕਰਾਸ ਅਨੁਸਾਰ, "ਮੱਧ-ਸਮੁੰਦਰ ਦੀਆਂ ਪਹਾੜੀਆਂ ਇੰਨੇ ਵੱਡੇ ਭੂਚਾਲ ਪੈਦਾ ਕਰਨ ਦੇ ਸਮਰੱਥ ਨਹੀਂ ਹਨ।" ਹਾਲਾਂਕਿ ਉਹ ਮੰਨਦਾ ਹੈ ਕਿ ਇਹ ਭੂਚਾਲ ਵਿਗਿਆਨਕ ਤੌਰ 'ਤੇ ਦਿਲਚਸਪ ਹਨ ਕਿਉਂਕਿ ਉਹ ਇਸ ਬਾਰੇ ਵੇਰਵੇ ਪ੍ਰਦਾਨ ਕਰ ਸਕਦੇ ਹਨ ਕਿ ਸਮੁੰਦਰੀ ਤਲ ਕਿਵੇਂ ਵੱਖ ਹੁੰਦੇ ਹਨ ਅਤੇ ਨਵੀਆਂ ਪਰਤਾਂ ਬਣਦੇ ਹਨ।

# ਕੈਨੇਡਾ ਸਰਕਾਰ ਵੱਲੋਂ ਕੱਚੇ ਵਿਦੇਸ਼ੀ ਕਾਮਿਆਂ ਦੀ ਗਿਣਤੀ 'ਚ ਵੱਡੀ ਕਟੌਤੀ

- ਵਿਦੇਸ਼ੀ ਵਿਦਿਆਰਥੀਆਂ ਪਿੱਛੋਂ ਵਿਦੇਸ਼ੀ ਕਾਮਿਆਂ ਦੀ ਗਿਣਤੀ ਵੀ ਘਟਾਈ




**ਵੈਨਕੂਵਰ, (ਪੰਜਾਬ ਮੇਲ)-** ਵਿਦੇਸ਼ੀ ਵਿਦਿਆਰਥੀਆਂ ਦੀ ਆਮਦ ਸੀਮਤ ਕਰਨ ਤੋਂ ਬਾਅਦ ਕੈਨੇਡਾ ਸਰਕਾਰ ਕੱਚੇ ਵਿਦੇਸ਼ੀ ਕਾਮਿਆਂ ਦੀ ਗਿਣਤੀ 'ਚ ਵੱਡੀ ਕਟੌਤੀ ਕਰ ਰਹੀ ਹੈ। ਇਸ ਮੌਕੇ ਇਥੇ ਅਸਥਾਈ ਤੌਰ 'ਤੇ ਰਹਿੰਦੇ 25 ਲੱਖ ਵਿਦੇਸ਼ੀਆਂ (ਟੀ.ਆਰ.) ਦੀ ਗਿਣਤੀ ਨੂੰ ਆਉਂਦੇ ਸਤੰਬਰ ਤੱਕ ਘਟਾ ਕੇ 20 ਲੱਖ ਕੀਤਾ ਜਾਏਗਾ। ਆਵਾਸ ਮੰਤਰੀ ਮਾਈਕ ਮਿਲਰ ਨੇ ਵਿਭਾਗ ਵਲੋਂ ਲਏ ਫੈਸਲੇ ਬਾਰੇ ਬੀਤੇ ਸ਼ੁੱਕਰਵਾਰ ਨੂੰ ਦੱਸਿਆ ਸੀ ਕਿ ਸਰਕਾਰ ਆਵਾਸ ਨਿਯਮਾਂ ਵਿਚਲੀਆਂ ਚੋਰ ਮੋਰੀਆਂ ਰਾਹੀਂ ਬੇਈਮਾਨ ਲੋਕਾਂ ਵਲੋਂ ਕੀਤੇ ਜਾਂਦੇ ਕਾਲੇ ਧੰਦੇ ਬੰਦ ਕਰਨਾ ਚਾਹੁੰਦੀ ਹੈ, ਜਿਸ ਲਈ ਸਖਤ ਫੈਸਲੇ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਮੰਤਰੀ ਨੇ ਕਿਹਾ ਦੇਸ਼ 'ਚ ਕੁੱਲ ਆਬਾਦੀ ਦਾ ਸਵਾ 6 ਫੀਸਦ ਕੱਚੇ ਕਾਮੇ ਹਨ, ਜਿਸ ਨੂੰ ਘਟਾ ਕੇ ਸਤੰਬਰ ਤੱਕ 5 ਫੀਸਦੀ ਕੀਤਾ ਜਾਏਗਾ। ਉਨ੍ਹਾਂ ਦੱਸਿਆ ਕਿ ਵਪਾਰਕ ਅਦਾਰਿਆਂ ਨੂੰ 30 ਫੀਸਦੀ ਕੱਚੇ ਵਿਦੇਸ਼ੀ ਕਾਮੇ ਸੱਦਣ ਦੀ ਛੋਟ ਹੁਣ 20 ਫੀਸਦੀ ਹੋਵੇਗੀ। ਆਵਾਸ ਮੰਤਰੀ ਦੇ ਨਾਲ ਬੈਠੀ ਰੁਜ਼ਗਾਰ ਮੰਤਰੀ ਰੈਂਡੀ ਬੋਇਸਨੌਲਟ ਨੇ ਇਸ 10 ਫੀਸਦੀ ਦੇ ਤੋੜ ਦਾ ਬਦਲ ਸੁਝਾਉਂਦਿਆਂ ਦੱਸਿਆ ਕਿ ਵਪਾਰਕ ਅਦਾਰੇ ਹੁਣ ਦੇਸ਼ 'ਚ ਪਨਾਹ ਮੰਗਣ ਵਾਲਿਆਂ ਨੂੰ ਕੰਮ 'ਤੇ ਰੱਖ ਸਕਣਗੇ ਤੇ ਉਨ੍ਹਾਂ ਪਨਾਹੀਆਂ ਲਈ ਕੰਮ ਦਾ ਉਹ ਤਜ਼ਰਬਾ ਉਨ੍ਹਾਂ ਦੇ ਪੱਕੇ ਹੋਣ ਵਿਚ ਸਹਾਈ ਹੋਵੇਗਾ। ਅਮਾਈਕ ਮਿਲਰ ਨੇ ਸਪਸ਼ਟ ਕੀਤਾ ਕਿ ਸਿਸਟਮ ਨੂੰ ਵਿਦੇਸ਼ੀ ਕੱਚੇ ਕਾਮਿਆਂ ਦੀ ਨਿਰਭਰਤਾ 'ਚੋਂ ਉਭਾਰਨ ਲਈ ਕਾਰਜਕੁਸ਼ਲ ਤੇ ਸਵੈ-ਨਿਰਭਰ ਬਣਾਉਣਾ ਸਮੇਂ ਦੀ ਲੋੜ ਹੈ, ਜਿਸ ਕਾਰਨ ਸਖਤ ਫੈਸਲੇ ਲਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਗਲੇ ਦਿਨਾਂ 'ਚ ਉਹ ਸੂਬਾਈ ਸਰਕਾਰਾਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੀਆਂ ਲੋੜਾਂ ਸਮਝਣਗੇ ਤੇ ਆਵਾਸ ਨੀਤੀਆਂ ਨੂੰ ਹੋਰ ਕਾਰਜ-ਕੁਸ਼ਲ ਬਣਾਉਣ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਵਿਦੇਸ਼ੀਆਂ ਦੀ ਆਮਦ 'ਤੇ ਇਹ ਪਾਬੰਦੀਆਂ ਪਹਿਲੀ ਮਈ ਤੋਂ ਲਾਗੂ ਹੋਣਗੀਆਂ ਤੇ ਸਤੰਬਰ ਤੱਕ ਗਿਣਤੀ ਘਟਾ ਲਈ ਜਾਏਗੀ। ਇਹ ਫੈਸਲਾ ਤਿੰਨ ਸਾਲ ਤੱਕ ਲਾਗੂ ਰਹੇਗਾ। ਮੰਤਰੀ ਦੇ ਐਲਾਨ ਤੋਂ ਬਾਅਦ ਇਥੇ ਰੁਜ਼ਗਾਰ ਭਾਲਦੇ ਲੋਕਾਂ ਨੂੰ ਕੁਝ ਰਾਹਤ ਮਿਲੀ ਹੈ ਪਰ ਰੁਜ਼ਗਾਰ ਪੱਤਰ ਵਿਕਰੇਤਾਵਾਂ ਦੇ ਚਿਹਰੇ 'ਤੇ ਨਿਰਾਸ਼ਾ ਦੀਆਂ ਲਕੀਰਾਂ ਡੂੰਘੀਆਂ ਹੋਈਆਂ ਹਨ।

# ਕੇਂਦਰ ਵੱਲੋਂ ਪਾਕਿਸਤਾਨ ਨਾਲ ਵਪਾਰਕ ਰਿਸ਼ਤੇ ਖਤਮ ਕੀਤੇ ਨੂੰ ਪੰਜ ਸਾਲ ਹੋਏ ਪੂਰੇ

- ਆਈ.ਸੀ.ਪੀ. ਅਟਾਰੀ 'ਤੇ ਅਰਬਾਂ ਦਾ ਕਾਰੋਬਾਰ ਹੋਇਆ ਖ਼ਤਮ
- ਉੱਜੜ ਚੁੱਕੇ ਹਨ 20 ਹਜ਼ਾਰ ਪਰਿਵਾਰ

**ਅੰਮ੍ਰਿਤਸਰ, (ਪੰਜਾਬ ਮੇਲ)-** ਪੁਲਵਾਮਾ ਹਮਲੇ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਪਾਕਿਸਤਾਨ ਨਾਲ ਵਪਾਰਕ ਰਿਸ਼ਤੇ ਖ਼ਤਮ ਕੀਤੇ ਜਾਣ ਦਾ ਪੰਜ ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਹਮਲੇ ਦੇ ਬਾਅਦ ਪਾਕਿਸਤਾਨ ਤੋਂ ਦਰਾਮਦ ਕੀਤੀਆਂ ਗਈਆਂ ਵਸਤਾਂ 'ਤੇ ਕੇਂਦਰ ਸਰਕਾਰ ਨੇ 22 ਫਰਵਰੀ 2019 ਦੇ ਦਿਨ 200 ਫੀਸਦੀ ਡਿਊਟੀ ਲਗਾ ਕੇ ਅਸਿੱਧੇ ਤੌਰ 'ਤੇ ਆਈ.ਸੀ.ਪੀ. ਅਟਾਰੀ ਬਾਰਡਰ 'ਤੇ ਭਾਰਤ-ਪਾਕਿਸਤਾਨ ਦਰਮਿਆਨ ਹੋਣ ਵਾਲਾ ਅਰਬਾਂ ਰੁਪਏ ਦਾ ਕਾਰੋਬਾਰ ਖ਼ਤਮ ਕਰ ਦਿੱਤਾ, ਜੋ ਅਜੇ ਤੱਕ ਬੰਦ ਹੈ। ਇਸ ਕਾਰਨ ਆਈ.ਸੀ.ਪੀ. ਅਟਾਰੀ ਸਿਰਫ਼ ਅਫਗਾਨੀ ਦਰਾਮਦ ਤੱਕ ਸੀਮਤ ਰਹਿ ਗਈ ਹੈ, ਜਦਕਿ 150 ਕਰੋੜ ਰੁਪਏ ਦੀ ਲਾਗਤ ਨਾਲ ਆਈ.ਸੀ.ਪੀ. ਨੂੰ ਪਾਕਿਸਤਾਨ ਨਾਲ ਦਰਾਮਦ-ਬਰਾਮਦ ਕਰਨ ਲਈ ਤਿਆਰ ਕੀਤਾ ਗਿਆ ਸੀ।

ਇੰਨਾ ਹੀ ਨਹੀਂ, ਕਰੋੜਾਂ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਏਅਰ ਕੰਡੀਸ਼ਨਡ ਇੰਟਰਨੈਸ਼ਨਲ ਅਟਾਰੀ ਰੇਲਵੇ ਸਟੇਸ਼ਨ ਵੀ ਖੰਡਰ ਬਣਦਾ ਜਾ ਰਿਹਾ ਹੈ ਕਿਉਂਕਿ ਹੁਣ ਨਾ ਤਾਂ ਸਮਝੌਤਾ ਐਕਸਪ੍ਰੈੱਸ ਆਉਂਦੀ ਹੈ ਅਤੇ ਨਾ ਹੀ ਪਾਕਿਸਤਾਨ ਨਾਲ ਮਾਲਗੱਡੀ ਦਾ ਆਵਾਜਾਈ ਹੁੰਦੀ ਹੈ। ਅੰਤਰਰਾਸ਼ਟਰੀ ਰੇਲ ਕਾਰਗੋ ਦਾ ਵੀ ਇਹੀ ਹਾਲ ਹੈ ਅਤੇ ਉੱਥੇ ਤਾਲੇ ਲੱਗੇ ਹੋਏ ਮਿਲਦੇ ਹਨ ਪਰ ਇਸੇ ਆਈ.ਸੀ.ਪੀ. ਅਟਾਰੀ ਬਾਰਡਰ ਦੇ ਨਾਲ ਬਣੇ ਜੇ.ਸੀ.ਪੀ. (ਜੁਆਇੰਟ ਚੈੱਕ ਪੋਸਟ) ਅਟਾਰੀ ਬਾਰਡਰ 'ਤੇ ਬੀ.ਐੱਸ.ਐੱਫ. ਤੇ ਪਾਕਿਸਤਾਨ ਰੇਂਜਰਸ ਦਰਮਿਆਨ ਹੋਣ ਵਾਲੀ ਪਰੇਡ ਅੱਜ ਵੀ ਜਾਰੀ ਹੈ, ਹਾਲਾਂਕਿ ਇਸ ਪਰੇਡ 'ਚ ਬੀ.ਐੱਸ.ਐੱਫ. ਵੱਲੋਂ ਝੰਡਾ ਉਤਾਰਣ ਦੀ ਰਸਮ ਨੂੰ ਪੂਰਾ ਕੀਤਾ ਜਾਂਦਾ ਹੈ ਅਤੇ ਇਹ ਰਵਾਇਤ ਵੀ ਹੈ। ਪਾਕਿਸਤਾਨ ਨਾਲ ਦਰਾਮਦ-ਬਰਾਮਦ ਬੰਦ ਹੋਣ ਨਾਲ ਅਟਾਰੀ ਤੇ ਅੰਮ੍ਰਿਤਸਰ ਖੇਤਰ ਦੇ ਲਗਭਗ 20 ਹਜ਼ਾਰ ਪਰਿਵਾਰ ਪਿਛਲੇ ਪੰਜ ਸਾਲਾਂ ਤੋਂ ਬੇਰੁਜ਼ਗਾਰ ਹੋ ਚੁੱਕੇ ਹਨ ਅਤੇ ਉੱਜੜ ਚੁੱਕੇ ਹਨ। ਇਨ੍ਹਾਂ ਪਰਿਵਾਰਾਂ 'ਚ ਦਰਾਮਦਕਾਰ, ਬਰਾਮਦਕਾਰ, ਪੰਜ ਹਜ਼ਾਰ ਦੇ ਲੱਗਭਗ ਕੁਲੀ, ਹੈਲਪਰ, ਟਰਾਂਸਪੋਰਟਰ, ਟਰਾਂਸਪੋਰਟ ਲੇਬਰ, ਸੀ.ਐੱਚ.ਏ. ਤੇ ਹੋਰ ਕਰਮਚਾਰੀ ਸ਼ਾਮਲ ਹਨ, ਜਿਨ੍ਹਾਂ ਦੀ ਰੋਜ਼ੀ ਰੋਟੀ ਆਈ.ਸੀ.ਪੀ. ਅਟਾਰੀ 'ਤੇ ਹੋਣ ਵਾਲੇ ਦਰਾਮਦ-ਬਰਾਮਦ ਨਾਲ ਚੱਲਦੀ ਸੀ। ਸਰਹੱਦੀ ਜ਼ਿਲ੍ਹਾ ਹੋਣ ਕਾਰਨ ਇਨ੍ਹਾਂ ਹਜ਼ਾਰਾਂ ਪਰਿਵਾਰਾਂ ਕੋਲ ਆਮਦਨ ਦਾ ਕੋਈ ਹੋਰ ਸਾਧਨ ਵੀ ਨਹੀਂ ਰਿਹਾ ਹੈ ਅਤੇ ਨਾ ਹੀ ਕਿਸੇ ਕੇਂਦਰ ਤੇ ਸੂਬਾ ਸਰਕਾਰ ਦੇ ਅਧਿਕਾਰੀ ਨੇ ਇਨ੍ਹਾਂ ਪਰਿਵਾਰਾਂ ਦੀ ਖ਼ਬਰ ਲਈ ਹੈ। ਸਰਹੱਦੀ ਇਲਾਕਾ ਹੋਣ ਕਾਰਨ ਇਥੇ ਕੋਈ ਹੋਰ ਕਾਰੋਬਾਰ ਵੀ ਨਹੀਂ ਹੈ। ਇੰਡਸਟਰੀ ਪਹਿਲਾਂ ਹੀ

# ਭਾਰਤ ਦੇ ਇਕ ਫ਼ੀਸਦ ਧਨਾਢਾਂ ਕੋਲ 40 ਫ਼ੀਸਦੀ ਦੌਲਤ; ਕੌਮਾਂਤਰੀ ਅਧਿਐਨ ’ਚ ਖੁਲਾਸਾ



- ਭਾਰਤ ’ਚ ਦੱਖਣੀ ਅਫਰੀਕਾ, ਬ੍ਰਾਜ਼ੀਲ ਤੇ ਅਮਰੀਕਾ ਤੋਂ ਵੱਧ ਆਰਥਿਕ ਨਾਬਰਾਬਰੀ
- ਅਰਬਪਤੀਆਂ ’ਤੇ ਸੁਪਰ ਟੈਕਸ ਲਾਉਣ ਦਾ ਸੁਝਾਅ

ਨਵੀਂ ਦਿੱਲੀ, (ਪੰਜਾਬ ਮੇਲ)- ਇਕ ਕੌਮਾਂਤਰੀ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਕੌਮਾਂਤਰੀ ਮਾਪਦੰਡਾਂ ਦੇ ਮੁਕਾਬਲੇ ਭਾਰਤ ਵਿਚ ਆਰਥਿਕ ਨਾਬਰਾਬਰੀ ਆਪਣੇ ਸਿਖਰ ’ਤੇ ਹੈ। ਇਹ ਦੱਖਣੀ ਅਫਰੀਕਾ, ਬ੍ਰਾਜ਼ੀਲ ਤੇ ਅਮਰੀਕਾ ਤੋਂ ਵੀ ਵੱਧ ਹੈ। ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ 2022-23 ਵਿਚ ਦੇਸ਼ ਦੀ ਸਭ ਤੋਂ ਅਮੀਰ ਇਕ ਫੀਸਦੀ ਆਬਾਦੀ ਦੀ ਕੌਮੀ ਆਮਦਨ ’ਚ ਹਿੱਸੇਦਾਰੀ ਵਧ ਕੇ 22.6 ਫੀਸਦੀ ਹੋ ਗਈ ਹੈ। ਉਧਰ ਧਨ ਸੰਪਤੀ ਵਿਚ ਉਨ੍ਹਾਂ ਦੀ ਹਿੱਸੇਦਾਰੀ ਵਧ ਕੇ 40.1 ਫੀਸਦੀ ਹੋ ਗਈ ਹੈ। ਇਹ ਅੰਕੜਾ 1922 ਮਗਰੋਂ ਦਰਜ ਸਿਖਰਲਾ ਪੱਧਰ ਹੈ। ਦਿ ਵਰਲਡ ਇਨਇਕੁਐਲਿਟੀ ਲੈਬ ਵੱਲੋਂ ਭਾਰਤ ਵਿਚ ਨਾਬਰਾਬਰੀ ਦੀ ਇਕ ਸਦੀ ਲੰਮੀ ਜਾਂਚ ਤੋਂ ਇਹ ਸਿੱਟਾ ਕੱਢਿਆ ਗਿਆ ਹੈ। ‘ਭਾਰਤ ਵਿਚ ਆਮਦਨ ਤੇ ਧਨ-ਸੰਪਤੀ ਨਾਬਰਾਬਰੀ 1922-2023: ਅਰਬਪਤੀ ਰਾਜ ਦਾ ਉਭਾਰ’ ਸਿਰਲੇਖ ਵਾਲੇ ਅਧਿਐਨ ਵਿਚ ਕਿਹਾ ਗਿਆ ਹੈ ਕਿ ਦੇਸ਼ ਆਜ਼ਾਦੀ ਤੋਂ ਬਾਅਦ ਦੇ ਅਰਸੇ ਵਿਚ ਨਾਬਰਾਬਰੀ ਘੱਟ ਗਈ ਸੀ, ਪਰ 1980 ਦੇ ਦਹਾਕੇ ਦੀ ਸ਼ੁਰੂਆਤ ਵਿਚ ਇਹ ਵਧਣੀ ਸ਼ੁਰੂ ਹੋ ਗਈ ਅਤੇ 2000 ਦੇ ਦਹਾਕੇ ਦੀ ਸ਼ੁਰੂਆਤ ਵਿਚ ਅਸਮਾਨੀ ਚੜ੍ਹ ਗਈ। ਇਹ ਨਾਬਰਾਬਰੀ 2022-23 ਵਿਚ ਸਿਖਰ ’ਤੇ ਪਹੁੰਚ ਗਈ।

ਇਹ ਰਿਪੋਰਟ ਥੌਮਸ ਪਿਕੈੱਟੀ (ਪੈਰਿਸ ਸਕੂਲ ਆਫ਼ ਇਕਨਾਮਿਕਸ ਐਂਡ ਵਰਲਡ ਇਨਇਕੁਐਲਿਟੀ ਲੈਬ) ਤੇ ਨਿਤਿਨ ਕੁਮਾਰ ਭਾਰਤੀ (ਨਿਊਯਾਰਕ ਯੂਨੀਵਰਸਿਟੀ ਅਤੇ ਵਰਲਡ ਇਨਇਕੁਐਲਿਟੀ ਲੈਬ) ਵੱਲੋਂ ਤਿਆਰ ਕੀਤੀ ਗਈ ਹੈ। ਖੱਬੇ-ਪੱਖੀਆਂ ਵੱਲ ਝੁਕਾਅ ਰੱਖਣ ਵਾਲੇ ਚਾਰ ਅਰਥਸ਼ਾਸਤਰੀਆਂ ਦੇ ਇਸ ਪੇਪਰ ਵਿਚ ਲਿਖਿਆ ਗਿਆ ਹੈ ਕਿ ਭਾਰਤ ਦੇ ਆਧੁਨਿਕ ਪੂੰਜੀਪਤੀ ਵਰਗ ਦੀ ਅਗਵਾਈ ਵਾਲਾ ‘ਅਰਬਪਤੀ ਰਾਜ’ ਹੁਣ ਉਪਨਿਵੇਸ਼ਵਾਦੀ ਤਾਕਤਾਂ ਦੀ ਅਗਵਾਈ ਵਾਲੇ ਬ੍ਰਿਟਿਸ਼ ਰਾਜ ਦੀ ਤੁਲਨਾ ਵਿਚ ਵਧੇਰੇ ਅਸਮਾਨ ਹੈ। ਉਂਜ ਇਹ ਸਪੱਸ਼ਟ ਨਹੀਂ ਹੈ ਕਿ ਇਸ ਤਰ੍ਹਾਂ ਦੀ ਨਾਬਰਾਬਰੀ ਦਾ ਪੱਧਰ ਵੱਡੇ ਸਮਾਜਿਕ ਤੇ ਸਿਆਸੀ ਫੇਰਬਦਲ ਤੋਂ ਬਗੈਰ ਕਿੰਨੇ ਸਮੇਂ ਲਈ ਬਣਿਆ ਰਹਿ ਸਕਦਾ ਹੈ।

ਰਿਪੋਰਟ ਵਿਚ ਫੋਰਬਸ ਅਰਬਪਤੀ ਦਰਜਾਬੰਦੀ ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ 1 ਅਰਬ ਡਾਲਰ ਤੋਂ ਵੱਧ ਦੀ ਕੁੱਲ ਸੰਪਤੀ ਵਾਲੇ ਭਾਰਤੀਆਂ ਦੀ ਗਿਣਤੀ 1991 ਵਿਚ ਸਿਰਫ਼ ਇਕ ਸੀ, ਜੋ 2022 ਵਿਚ ਵਧ ਕੇ 162 ਹੋ ਗਈ। ਭਾਰਤ ਦੇ 10,000 ਸਭ ਤੋਂ ਅਮੀਰ ਵਿਅਕਤੀਆਂ ਕੋਲ ਔਸਤਨ 2260 ਕਰੋੜ ਰੁਪਏ ਦੀ ਧਨ ਸੰਪਤੀ ਹੈ, ਜੋ ਦੇਸ਼ ਦੀ ਔਸਤ ਦਾ 16,763 ਗੁਣਾ ਹੈ।

ਰਿਪੋਰਟ ਤਿਆਰ ਕਰਨ ਵਾਲਿਆਂ ਨੇ ਅਰਬਪਤੀਆਂ ਨੂੰ ਸੁਪਰ ਟੈਕਸ ਲਾਉਣ ਦਾ ਸੁਝਾਅ ਦਿੱਤਾ ਹੈ। ਸਾਲ 2022-23 ਦੇ ਅੰਕੜਿਆਂ ਮੁਤਾਬਕ 167 ਸਭ ਤੋਂ ਧਨਾਢ ਭਾਰਤੀਆਂ ਦੀ ਸ਼ੁੱਧ ਸੰਪਤੀ ’ਤੇ 2 ਫੀਸਦੀ ਦਾ ਸੁਪਰ ਟੈਕਸ ਕੌਮੀ ਆਮਦਨ ਦੇ 0.5 ਫੀਸਦ ਦੇ ਬਰਾਬਰ ਮਾਲੀਆ ਦੇਵੇਗਾ। ਇਸ ਨਾਲ ਸਿੱਖਿਆ, ਸਿਹਤ, ਜਨਤਕ ਬੁਨਿਆਦੀ ਢਾਂਚਾ ਜਿਹੀਆਂ ਯੋਜਨਾਵਾਂ ਦੀ ਫੰਡਿੰਗ ਹੋ ਸਕੇਗੀ।

**ਬਰਤਾਨਵੀ ਰਾਜ ਨਾਲੋਂ ਵਧੇਰੇ ਨਾਬਰਾਬਰੀ ਵਾਲਾ ਹੈ ਅੱਜ ਦਾ ਅਰਬਪਤੀ ਰਾਜ : ਕਾਂਗਰਸ**

ਕਾਂਗਰਸ ਨੇ ਪਿਛਲੇ ਲਗਭਗ ਇਕ ਸਦੀ ਤੋਂ ਵੀ ਵੱਧ ਸਮੇਂ ਤੋਂ ਭਾਰਤ ਵਿਚ ਆਮਦਨ ਤੇ ਸੰਪਤੀ ਨੂੰ ਲੈ ਕੇ ਨਾਬਰਾਬਰੀ ਬਾਰੇ ਰਿਪੋਰਟ ਦੇ ਹਵਾਲੇ ਨਾਲ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ‘ਨਰਿੰਦਰ ਮੋਦੀ ਦਾ ਅਰਬਪਤੀ ਰਾਜ’ ਬਰਤਾਨਵੀ ਰਾਜ ਨਾਲੋਂ ਵੀ ਵੱਧ ਨਾਬਰਾਬਰੀ ਵਾਲਾ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਥੌਮਸ ਪਿਕੈੱਟੀ ਸਣੇ ਉੱਘੇ ਆਲਮੀ ਅਰਥਸ਼ਾਸਤਰੀਆਂ ਵੱਲੋਂ ਪ੍ਰਕਾਸ਼ਿਤ ਰਿਪੋਰਟ, ਜਿਸ ਦਾ ਸਿਰਲੇਖ ‘ਇਨਕਮ ਐਂਡ ਵੈਲਥ ਇਨਕੁਐਲਿਟੀ ਇਨ ਇੰਡੀਆ, 1922-2023: ਦਿ ਰਾਈਜ਼ ਆਫ ਦਿ ਬਿਲੀਅਨੇਅਰ ਰਾਜ’, ਵਿਚਲੀਆਂ ਲੱਭਤਾਂ ਬੇਹੱਦ ਫਿਕਰਮੰਦ ਕਰਨ ਵਾਲੀਆਂ ਹਨ। ਉਨ੍ਹਾਂ ਕਿਹਾ, ‘ਮੁੱਕਦੀ ਗੱਲ ਇਹ ਹੈ ਕਿ ਨਰਿੰਦਰ ਮੋਦੀ ਦਾ ਬਿਲੀਅਨੇਅਰ ਰਾਜ, ਜਿਸ ਵਿਚ ਪ੍ਰਧਾਨ ਮੰਤਰੀ ਨੇ ਆਪਣੇ ਯਾਰਾਂ-ਦੋਸਤਾਂ ਨੂੰ ਰਿਆਇਤਾਂ ਦਿੱਤੀਆਂ ਤੇ ਚੋਣ ਪ੍ਰਚਾਰ ਲਈ ਆਪਣੀ ਪਾਰਟੀ ਦੇ ਖ਼ਜ਼ਾਨੇ ਭਰੇ, ਬਰਤਾਨਵੀ ਰਾਜ ਨਾਲੋਂ ਵੱਧ ਨਾਬਰਾਬਰੀ ਵਾਲਾ ਹੈ।” ਰਮੇਸ਼ ਨੇ ਕਿਹਾ ਕਿ ਭਾਰਤ ਦੇ ਸਿਖਰਲੇ 1 ਫੀਸਦੀ ਦਾ ਕੌਮੀ ਆਮਦਨ ਵਿਚਲੀ ਹਿੱਸੇਦਾਰੀ ਅੱਜ ਆਪਣੇ ਸਿਖਰਲੇ ਇਤਿਹਾਸਕ ਪੱਧਰ ’ਤੇ ਹੈ ਤੇ ਆਲਮੀ ਪੱਧਰ ’ਤੇ ਇਹ ਅੰਕੜਾ ਸਭ ਤੋਂ ਵੱਧ ਹੈ। ਕਾਂਗਰਸ ਆਗੂ ਨੇ ਕਿਹਾ ਕਿ 2014 ਤੋਂ 2023 ਦੇ ਅਰਸੇ ਦੌਰਾਨ ਨਾਬਰਾਬਰੀ ਨੇ ਸ਼ੂਟ ਵੱਟੀ, ਜੋ ‘ਦਸ ਸਾਲ ਅਨਿਆਂਏ ਕਾਲ’ ਨਾਲ ਸਬੰਧਤ ਹੈ ਤੇ ਮੋਦੀ ਸਰਕਾਰ ਦੀਆਂ ਨੀਤੀਆਂ, ਜੋ ਤਿੰਨ ਢੰਗ ਤਰੀਕਿਆਂ ਧਨਾਢਾਂ ਨੂੰ ਹੋਰ ਮਾਲਾਮਾਲ ਕਰਨਾ, ਗਰੀਬਾਂ ਨੂੰ ਕੰਗਾਲ ਕਰਨਾ ਤੇ ਡੇਟਾ ਲੁਕਾਉਣ ’ਤੇ ਅਧਾਰਿਤ ਹਨ; ਸਿੱਧੇ ਤੌਰ ’ਤੇ ਇਸ ਪੁੱਠੇ ਉਭਾਰ ਲਈ ਜ਼ਿੰਮੇਵਾਰ ਹਨ।

# ਵਿਸ਼ਵ ਦੇ ਖੁਸ਼ਹਾਲ ਦੇਸ਼ਾਂ ਦੀ ਸੂਚੀ ਭਾਰਤ 143 ’ਚੋਂ 126ਵੇਂ ਸਥਾਨ ’ਤੇ !

ਨਿਊਯਾਰਕ, (ਪੰਜਾਬ ਮੇਲ)- ਗਲੋਬਲ ਹੈਪੀਨੈਸ ਇੰਡੈਕਸ ’ਚ ਭਾਰਤ 143 ਦੇਸ਼ਾਂ ਵਿਚੋਂ 126ਵੇਂ ਸਥਾਨ ’ਤੇ ਰਿਹਾ। ਇਸ ਵਿਚ ਕਿਹਾ ਗਿਆ ਹੈ ਕਿ ਦੁਨੀਆਂ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਵਿਚ ਵੱਡੀ ਉਮਰ ਉੱਚ ਜੀਵਨ ਸੰਤੁਸ਼ਟੀ ਨਾਲ ਜੁੜੀ ਹੋਈ ਹੈ। ਗਲੋਬਲ ਹੈਪੀਨੈਸ ਰਿਪੋਰਟ 2024 ਵਿਚ ਸਿਖਰ ’ਤੇ ਰਹਿੰਦੇ ਹੋਏ ਫਿਨਲੈਂਡ ਦੁਨੀਆਂ ਦਾ ਸਭ ਤੋਂ ਖੁਸ਼ਹਾਲ ਦੇਸ਼ ਬਣ ਕੇ ਉਭਰਿਆ ਹੈ। ਇਹ ਲਗਾਤਾਰ ਸੱਤਵਾਂ ਸਾਲ ਹੈ, ਜਦੋਂ ਦੇਸ਼ ਨੇ ਸੂਚੀ ਚਿ ਸਿਖਰ ’ਤੇ ਜਗ੍ਹਾ ਬਣਾਈ ਹੈ।

ਚੋਟੀ ਦੇ 10 ਦੇਸ਼ਾਂ ਵਿਚ ਡੈਨਮਾਰਕ, ਆਈਸਲੈਂਡ, ਸਵੀਡਨ, ਇਜ਼ਰਾਈਲ, ਨੀਦਰਲੈਂਡ, ਨਾਰਵੇ, ਲਕਸਮਬਰਗ, ਸਵਿਟਜ਼ਰਲੈਂਡ ਅਤੇ ਆਸਟ੍ਰੇਲੀਆ ਹਨ। ਸੰਯੁਕਤ ਰਾਸ਼ਟਰ ਦੇ ‘ਅੰਤਰਰਾਸ਼ਟਰੀ ਹੈਪੀਨੈਸ ਦਿਵਸ’ ਦੇ ਮੌਕੇ ’ਤੇ ਐਲਾਨੇ ਗਏ ਨਤੀਜਿਆਂ ਦੇ ਮੁਤਾਬਕ ਲੀਬੀਆ, ਇਰਾਕ, ਫਲਸਤੀਨ ਅਤੇ ਨਾਈਜਰ ਵਰਗੇ ਦੇਸ਼ਾਂ ਦੇ ਬਾਅਦ ਭਾਰਤ ਸੂਚੀ ’ਚ 126ਵੇਂ ਸਥਾਨ ’ਤੇ ਹੈ। ‘ਵਰਲਡ ਹੈਪੀਨੈਸ ਰਿਪੋਰਟ’ ਗੈਲਪ, ਆਕਸਫੋਰਡ ਵੈਲਬਿੰਗ ਰਿਸਰਚ ਸੈਂਟਰ, ਸੰਯੁਕਤ ਰਾਸ਼ਟਰ ਸਸਟੇਨੇਬਲ ਡਿਵੈਲਪਮੈਂਟ ਸੋਲਿਊਸ਼ਨਜ਼ ਨੈੱਟਵਰਕ ਅਤੇ ਡਬਲਯੂ.ਐੱਚ.ਆਰ. ਦੇ ਸੰਪਾਦਕੀ ਬੋਰਡ ਦੇ ਵਿਚਕਾਰ ਇੱਕ ਸਹਿਯੋਗ ਹੈ। ਭਾਰਤ ਵਿਚ ਨੌਜਵਾਨ “ਸਭ ਤੋਂ ਵੱਧ ਖੁਸ਼” ਹਨ, ਜਦੋਂ ਕਿ “ਨਿਮਨ ਮੱਧ ਵਰਗ” ਲੋਕ ਸਭ ਤੋਂ ਘੱਟ ਖੁਸ਼ ਹਨ। ਵਰਲਡ ਹੈਪੀਨੈਸ ਰਿਪੋਰਟ ਪਹਿਲੀ ਵਾਰ 2012 ਵਿਚ ਪ੍ਰਕਾਸ਼ਿਤ ਹੋਈ ਸੀ ਅਤੇ ਉਦੋਂ ਤੋਂ ਇਹ ਪਹਿਲਾ ਮੌਕਾ ਹੈ, ਜਦੋਂ ਅਮਰੀਕਾ (23ਵੇਂ ਸਥਾਨ ’ਤੇ) ਚੋਟੀ ਦੇ 20 ਵਿਚੋਂ ਬਾਹਰ ਹੋ ਗਿਆ ਹੈ। ਇਹ 30 ਸਾਲ ਤੋਂ ਘੱਟ ਉਮਰ ਦੇ ਅਮਰੀਕੀ ਲੋਕਾਂ ਦੀ ਭਲਾਈ ਵਿਚ ਵੱਡੀ ਗਿਰਾਵਟ ਕਾਰਨ ਹੋਇਆ ਹੈ। ਅਫਗਾਨਿਸਤਾਨ ਵਿਸ਼ਵ ਦੇ ‘ਸਭ ਤੋਂ ਦੁਖੀ’ ਦੇਸ਼ ਵਜੋਂ ਸਮੁੱਚੀ ਰੈਂਕਿੰਗ ਵਿਚ ਸਭ ਤੋਂ ਹੇਠਲੇ ਸਥਾਨ ’ਤੇ ਬਣਿਆ ਹੋਇਆ ਹੈ।


ਪਾਕਿਸਤਾਨ ਇਸ ਸੂਚੀ ’ਚ 108ਵੇਂ ਸਥਾਨ ’ਤੇ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵੱਡੀ ਉਮਰ ਭਾਰਤ ਵਿਚ ਉੱਚ ਜੀਵਨ ਸੰਤੁਸ਼ਟੀ ਨਾਲ ਜੁੜੀ ਹੋਈ ਹੈ, “ਉਨ੍ਹਾਂ ਦਾਅਵਿਆਂ ਦੇ ਉਲਟ ਕਿ ਉਮਰ ਅਤੇ ਜੀਵਨ ਸੰਤੁਸ਼ਟੀ ਵਿਚਕਾਰ ਸਕਾਰਾਤਮਕ ਸਬੰਧ ਸਿਰਫ ਉੱਚ ਆਮਦਨੀ ਵਾਲੇ ਦੇਸ਼ਾਂ ਵਿਚ ਮੌਜੂਦ ਹੈ।” ਇਸ ਵਿਚ ਕਿਹਾ ਗਿਆ ਹੈ ਕਿ ਔਸਤਨ, ਭਾਰਤ ਵਿਚ ਬਜ਼ੁਰਗ ਪੁਰਸ਼ ਬਜ਼ੁਰਗ ਔਰਤਾਂ ਦੇ ਮੁਕਾਬਲੇ ਜੀਵਨ ਤੋਂ ਜ਼ਿਆਦਾ ਸੰਤੁਸ਼ਟ ਹਨ, ਪਰ ਹੋਰ ਸਾਰੇ ਮਾਪਦੰਡਾਂ ਨੂੰ ਧਿਆਨ ਵਿਚ ਰੱਖਦੇ ਹੋਏ, ਬਜ਼ੁਰਗ ਔਰਤਾਂ ਆਪਣੇ ਪੁਰਸ਼ ਹਮਰੁਤਬਾ ਨਾਲੋਂ ਜ਼ਿਆਦਾ ਜੀਵਨ ਸੰਤੁਸ਼ਟੀ ਦਿਖਾਉਂਦੀਆਂ ਹਨ। ਰਿਪੋਰਟ ਵਿਚ ਕਿਹਾ ਗਿਆ ਹੈ, “ਭਾਰਤ ਦੀ ਬਜ਼ੁਰਗ ਆਬਾਦੀ ਦੁਨੀਆਂ ਭਰ ਵਿਚ ਦੂਜੀ ਸਭ ਤੋਂ ਵੱਡੀ ਆਬਾਦੀ ਹੈ, ਜਿਸ ਵਿਚ 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ 14 ਕਰੋੜ ਭਾਰਤੀ ਹਨ, ਜੋ 25 ਕਰੋੜ ਚੀਨੀ ਹਮਰੁਤਬਾ ਤੋਂ ਬਾਅਦ ਦੂਜੇ ਨੰਬਰ ’ਤੇ ਹਨ। ਇਸ ਤੋਂ ਇਲਾਵਾ, 60 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਭਾਰਤੀਆਂ ਦੀ ਔਸਤ ਵਿਕਾਸ ਦਰ ਦੇਸ਼ ਦੀ ਕੁੱਲ ਆਬਾਦੀ ਵਿਕਾਸ ਦਰ ਨਾਲੋਂ ਤਿੰਨ ਗੁਣਾ ਵੱਧ ਹੈ।”


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਹਥਿਆਰ ਰੱਖਣ ਦੇ ਮਾਮਲੇ 'ਚ ਪੰਜਾਬਣਾਂ ਵੀ ਕਿਸੇ ਤੋਂ ਘੱਟ ਨਹੀਂ !

- ਪੰਜਾਬ ਵਿਚ ਔਰਤਾਂ ਕੋਲ ਵੀ ਹਨ 4300 ਲਾਇਸੈਂਸੀ ਹਥਿਆਰ
- ਸੱਠ ਹਜ਼ਾਰ ਕੋਲ ਦੋ-ਦੋ ਹਥਿਆਰ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚ ਹਥਿਆਰਾਂ ਰੱਖਣ ਦੇ ਮਾਮਲੇ 'ਚ ਪੰਜਾਬਣਾਂ ਵੀ ਕਿਸੇ ਤੋਂ ਘੱਟ ਨਹੀਂ ਅਖਵਾਉਂਦੀਆਂ। ਪੰਜਾਬ 'ਚ ਔਰਤਾਂ ਵੱਲੋਂ ਅਸਲਾ ਲਾਇਸੈਂਸ ਬਣਾਉਣ ਦਾ ਰੁਝਾਨ ਵਧਿਆ ਹੈ। ਪੰਜਾਬੀ ਗੀਤਾਂ ਤੇ ਫਿਲਮਾਂ ਨੇ ਇਸ ਸ਼ੌਕ ਨੂੰ ਹਵਾ ਦਿੱਤੀ ਹੈ। ਪੰਜਾਬ ਸਰਕਾਰ ਦੇ ਤਾਜ਼ਾ ਅੰਕੜੇ ਹਨ ਕਿ ਸੂਬੇ ਵਿਚ 3784 ਔਰਤਾਂ ਕੋਲ ਅਸਲਾ ਲਾਇਸੈਂਸ ਹਨ, ਜਿਨ੍ਹਾਂ ਦੇ ਆਧਾਰ 'ਤੇ 4328 ਹਥਿਆਰ ਰੱਖੇ ਹੋਏ ਹਨ। ਚੋਣਾਂ ਕਰ ਕੇ ਇਨ੍ਹਾਂ ਔਰਤਾਂ ਨੂੰ ਵੀ ਹੁਣ ਆਪਣੇ ਹਥਿਆਰ ਜਮ੍ਹਾ ਕਰਵਾਉਣੇ ਪੈਣੇ ਹਨ।

ਪੰਜਾਬ ਵਿਚ ਇਸ ਵੇਲੇ 2.38 ਲੱਖ ਅਸਲਾ ਲਾਇਸੈਂਸ ਹਨ, ਜਿਨ੍ਹਾਂ 'ਤੇ 2.87 ਲੱਖ ਹਥਿਆਰ ਚੜ੍ਹੇ ਹੋਏ ਹਨ। ਆਰਮਜ਼ ਐਕਟ 1959 ਦੇ ਸਾਲ 2016 ਵਿਚ ਸੋਧੇ ਹੋਏ ਨਿਯਮਾਂ ਅਨੁਸਾਰ ਆਮ ਵਿਅਕਤੀ ਇਕ ਅਸਲਾ ਲਾਇਸੈਂਸ 'ਤੇ ਦੋ ਹਥਿਆਰ ਰੱਖਣ ਦਾ ਹੱਕਦਾਰ ਹੈ, ਜਦੋਂਕਿ ਸਪੋਰਟਸ ਕਰਨ ਵਾਲਿਆਂ ਨੂੰ ਇੱਕੋ ਲਾਇਸੈਂਸ 'ਤੇ ਦੋ ਤੋਂ ਜ਼ਿਆਦਾ ਹਥਿਆਰ ਰੱਖਣ ਦੀ ਸੁਵਿਧਾ ਹੈ। ਸੂਬੇ 'ਚੋਂ ਬਠਿੰਡਾ ਜ਼ਿਲ੍ਹਾ ਲਾਇਸੈਂਸਾਂ 'ਚ ਪਹਿਲੇ ਨੰਬਰ 'ਤੇ ਹੈ, ਜਿਥੇ 20,184 ਅਸਲਾ ਲਾਇਸੈਂਸ ਹਨ ਅਤੇ ਜ਼ਿਲ੍ਹੇ ਵਿਚ 26,229 ਲਾਇਸੈਂਸੀ ਹਥਿਆਰ ਹਨ।

ਔਰਤਾਂ ਕੋਲ ਲਾਇਸੈਂਸਾਂ ਦੀ ਗੱਲ ਕਰੀਏ ਤਾਂ ਪਟਿਆਲਾ ਜ਼ਿਲ੍ਹੇ ਵਿਚ ਸਭ ਤੋਂ ਵੱਧ 375 ਔਰਤਾਂ ਕੋਲ ਲਾਇਸੈਂਸ ਹਨ, ਜਿਨ੍ਹਾਂ 'ਤੇ 453 ਹਥਿਆਰ ਦਰਜ ਹਨ। ਦੂਜਾ ਨੰਬਰ ਜ਼ਿਲ੍ਹਾ ਮੁਕਤਸਰ ਸਾਹਿਬ ਦਾ ਹੈ, ਜਿਥੇ ਔਰਤਾਂ ਕੋਲ 323 ਲਾਇਸੈਂਸਾਂ 'ਤੇ 383 ਹਥਿਆਰ ਦਰਜ ਹਨ। ਤੀਜਾ ਨੰਬਰ ਬਠਿੰਡਾ ਜ਼ਿਲ੍ਹੇ ਦਾ ਆਉਂਦਾ ਹੈ, ਜਿਥੇ ਔਰਤਾਂ ਕੋਲ 314 ਲਾਇਸੈਂਸ ਹਨ, ਜਦੋਂਕਿ ਹਥਿਆਰਾਂ ਦੀ ਗਿਣਤੀ 400 ਹੈ। ਫਿਰੋਜ਼ਪੁਰ ਵਿਚ ਔਰਤਾਂ ਕੋਲ 245 ਅਤੇ ਗੁਰਦਾਸਪੁਰ 'ਚ 241 ਕੋਲ ਲਾਇਸੈਂਸ ਹਨ।

ਪੰਜਾਬੀ 'ਵਰਸਿਟੀ ਪਟਿਆਲਾ ਦੇ ਮਨੋਵਿਗਿਆਨ ਵਿਭਾਗ ਦੀ ਡਾ. ਸੁਖਮਿੰਦਰ ਕੌਰ ਦਾ ਕਹਿਣਾ ਹੈ ਕਿ ਔਰਤਾਂ ਸਮਾਜ ਵਿਚ ਵਾਪਰ ਰਹੀਆਂ ਦਿਲ ਹਿਲਾਊ ਘਟਨਾਵਾਂ ਦੇ ਮੱਦੇਨਜ਼ਰ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ, ਜਿਸ ਕਰਕੇ ਉਨ੍ਹਾਂ ਨੇ ਲਾਇਸੈਂਸ ਲੈਣ ਵੱਲ ਕਦਮ ਵਧਾਏ ਹਨ। ਵੇਰਵਿਆਂ ਅਨੁਸਾਰ ਪੰਜਾਬ ਦੀ ਆਰਥਿਕ ਰਾਜਧਾਨੀ ਸਮਝੇ ਜਾਂਦੇ ਜ਼ਿਲ੍ਹਾ ਲੁਧਿਆਣਾ 'ਚ ਸਿਰਫ 104 ਔਰਤਾਂ ਕੋਲ ਲਾਇਸੈਂਸ ਹਨ। ਜ਼ਿਲ੍ਹਾ ਸੰਗਰੂਰ 'ਚ ਔਰਤਾਂ ਕੋਲ 227 ਤੇ ਬਰਨਾਲਾ 'ਚ 77 ਔਰਤਾਂ ਕੋਲ ਲਾਇਸੈਂਸ ਹਨ। ਕਿਰਤੀ ਕਿਸਾਨ ਯੂਨੀਅਨ ਦੇ ਇਸਤਰੀ ਵਿੰਗ ਦੀ ਸੂਬਾ ਕਨਵੀਨਰ ਹਰਪਾਲ ਕੌਰ ਕੋਟਲਾ ਨੇ ਕਿਹਾ ਕਿ ਸਵੈ-ਰੱਖਿਆ ਲਈ ਹਥਿਆਰ ਰੱਖਣਾ ਕੋਈ ਮਾੜੀ ਗੱਲ ਨਹੀਂ ਹੈ ਕਿਉਂਕਿ ਔਰਤਾਂ ਨੂੰ ਬਹੁਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪੰਜਾਬ ਵਿਚ ਕੁੱਲ ਲਾਇਸੈਂਸਾਂ ਚੋਂ ਕਰੀਬ 60,144 ਅਸਲਾ ਲਾਇਸੈਂਸਾਂ 'ਤੇ 1,21,845 ਹਥਿਆਰ ਦਰਜ ਹਨ, ਜਿਸ ਦਾ ਮਤਲਬ ਹੈ ਕਿ ਇਨ੍ਹਾਂ ਲੋਕਾਂ ਕੋਲ ਦੋ-ਦੋ ਹਥਿਆਰ ਹਨ। ਫਿਰੋਜ਼ਪੁਰ ਜ਼ਿਲ੍ਹੇ ਦੇ 5057 ਲਾਇਸੈਂਸਾਂ 'ਤੇ 10,206 ਹਥਿਆਰ ਚੜ੍ਹੇ ਹੋਏ ਹਨ, ਜਦੋਂਕਿ ਤਰਨ ਤਾਰਨ ਜ਼ਿਲ੍ਹੇ ਵਿਚ 4096 ਲਾਇਸੈਂਸਾਂ 'ਤੇ 8281 ਹਥਿਆਰ ਦਰਜ ਹਨ। ਫਰੀਦਕੋਟ 'ਚ 3232 ਲਾਇਸੈਂਸਾਂ 'ਤੇ 6520 ਹਥਿਆਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ 3732 ਲੋਕਾਂ ਕੋਲ 7668 ਹਥਿਆਰ ਹਨ।

ਦਿੱਲੀ 'ਵਰਸਿਟੀ ਦੇ ਪੰਜਾਬੀ ਵਿਭਾਗ ਦੇ ਡਾ. ਰਵਿੰਦਰ ਰਵੀ ਅਲੱਗ ਨਜ਼ਰੀਏ ਤੋਂ ਦੇਖਦੇ ਹਨ, ਜਿਨ੍ਹਾਂ ਦਾ ਕਹਿਣਾ ਹੈ ਕਿ ਪੰਜਾਬੀ ਕਲਚਰ 'ਚ ਗੀਤਾਂ ਤੇ ਫਿਲਮਾਂ ਨੇ ਗੰਨ ਨੂੰ ਵੀ ਸਟੇਟਸ ਸਿੰਬਲ ਬਣਾ ਦਿੱਤਾ ਹੈ। ਆਰਥਿਕ ਖੇਤਰ ਵਿਚ ਔਰਤ ਦਾ ਦਬਦਬਾ ਵਧਿਆ ਹੈ ਅਤੇ ਉਹ ਬਰਾਬਰ ਦੀ ਭਾਗੀਦਾਰ ਬਣਨ ਲੱਗੀ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ ਪੱਖੋਂ ਲਾਇਸੈਂਸ ਲੈਣ ਵਾਲੀਆਂ ਔਰਤਾਂ ਦੀ ਗਿਣਤੀ ਘੱਟ ਹੋਵੇਗੀ, ਜਦੋਂਕਿ ਜ਼ਿਆਦਾ ਮਸਲਾ ਸਟੇਟਸ ਸਿੰਬਲ ਦਾ ਜਾਪਦਾ ਹੈ।

# ਜੂਲੀਅਨ ਅਸਾਂਜ ਨੂੰ ਫੌਰੀ ਅਮਰੀਕਾ ਹਵਾਲੇ ਨਹੀਂ ਕੀਤਾ ਜਾ ਸਕਦਾ : ਅਦਾਲਤ



ਜੂਲੀਅਨ ਅਸਾਂਜ ਮਾਮਲੇ 'ਚ ਸੁਣਵਾਈ ਦੌਰਾਨ ਉਨ੍ਹਾਂ ਦੀ ਪਤਨੀ ਸਟੈਲਾ ਅਸਾਂਜ ਅਦਾਲਤ ਜਾਂਦੀ ਹੋਈ।

**ਲੰਡਨ, (ਪੰਜਾਬ ਮੇਲ)-** ਬਰਤਾਨੀਆ ਦੀ ਕੋਰਟ ਨੇ ਕਿਹਾ ਕਿ ਜਾਸੂਸੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜ ਨੂੰ ਫੌਰੀ ਅਮਰੀਕਾ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ। ਕੋਰਟ ਦੀਆਂ ਇਹ ਟਿੱਪਣੀਆਂ ਅਸਾਂਜ ਲਈ ਅੰਸ਼ਕ ਜਿੱਤ ਹੈ। ਹਾਈ ਕੋਰਟ ਦੇ ਦੋ ਜੱਜਾਂ ਨੇ ਕਿਹਾ ਕਿ ਜਦੋਂ ਤੱਕ ਅਮਰੀਕੀ ਅਥਾਰਿਟੀਜ਼ ਇਹ ਭਰੋਸਾ ਨਹੀਂ ਦਿਵਾਉਂਦੀਆਂ ਕਿ ਅਸਾਂਜ ਦਾ ਕੀ ਹੋਵੇਗਾ, ਉਹ ਵਿਕੀਲੀਕਸ ਦੇ ਬਾਨੀ ਨੂੰ ਆਪਣੀ ਹਵਾਲਗੀ ਖਿਲਾਫ਼ ਨਵੀਂ ਅਪੀਲ ਦਾਖ਼ਲ ਕਰਨ ਦੀ ਖੁੱਲ੍ਹ ਦੇ ਸਕਦੇ ਹਨ। ਕੋਰਟ ਦੇ ਫੈਸਲੇ ਤੋਂ ਇਹ ਤਾਂ ਸਾਫ਼ ਹੈ ਕਿ ਪਿਛਲੇ ਇਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਚੱਲ ਰਹੀ ਕਾਨੂੰਨ ਲੜਾਈ ਜਾਰੀ ਰਹੇਗੀ। ਕੇਸ ਦੀ ਅਗਲੀ ਸੁਣਵਾਈ 20 ਮਈ ਨੂੰ ਹੋਵੇਗੀ। ਜੱਜ ਵਿਕਟੋਰੀਆ ਸ਼ਾਰਪ ਤੇ ਜੱਜ ਜੈਰੇਮੀ ਜੌਹਨਸਨ ਨੇ ਕਿਹਾ ਕਿ ਅਮਰੀਕਾ ਵੱਲੋਂ ਜੇਕਰ ਕੋਈ ਭਰੋਸਾ ਨਾ ਦਿੱਤਾ ਗਿਆ, ਤਾਂ ਉਹ ਅਸਾਂਜ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਤੇ ਮੌਤ ਦੀ ਸਜ਼ਾ ਸੁਣਾਏ ਜਾਣ ਦੇ ਖ਼ਦਸ਼ਿਆਂ ਦੇ ਆਧਾਰ 'ਤੇ ਹਵਾਲਗੀ ਨੂੰ ਚੁਣੌਤੀ ਦੇਣ ਲਈ ਨਵੀਂ ਅਰਜ਼ੀ ਦਾਖ਼ਲ ਕਰਨ ਦੀ ਪ੍ਰਵਾਨਗੀ ਦੇ ਦੇਣਗੇ।

# ਰੂਸ ਜੇਲ੍ਹ 'ਚ ਬੰਦ ਅਮਰੀਕੀ ਪੱਤਰਕਾਰ ਦੀ ਗ੍ਰਿਫਤਾਰੀ ਦੀ ਮਿਆਦ 'ਚ ਵਾਧਾ



**ਮਾਸਕੋ, (ਪੰਜਾਬ ਮੇਲ)-** ਮਾਸਕੋ ਦੀ ਇਕ ਅਦਾਲਤ ਨੇ ਇਕ ਸਾਲ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਵਾਲ ਸਟ੍ਰੀਟ ਜਰਨਲ ਦੇ ਪੱਤਰਕਾਰ ਇਵਾਨ ਗਿੰਗਕੋਵਿਕ ਨੂੰ ਘੱਟੋ-ਘੱਟ 30 ਜੂਨ ਤੱਕ ਜੇਲ੍ਹ 'ਚ ਰੱਖਣ ਦਾ ਆਦੇਸ਼ ਦਿੱਤਾ। ਉਸਨੂੰ ਜਾਸੂਸੀ ਦੇ ਦੋਸ਼ਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਅਦਾਲਤ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਮਰੀਕਾ ਦੇ 32 ਸਾਲਾ ਨਾਗਰਿਕ ਨੂੰ ਰਿਪੋਰਟਿੰਗ ਦੇ ਸਿਲਸਿਲੇ ਵਿਚ ਕੀਤੀ ਗਈ ਯਾਤਰਾ ਦੌਰਾਨ 2023 'ਚ ਮਾਰਚ ਦੇ ਅਖੀਰ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਲਗਭਗ ਇਕ ਸਾਲ ਤੋਂ ਜੇਲ੍ਹ ਵਿਚ ਹਨ ਅਤੇ ਹੁਣ ਅਦਾਲਤ ਨੇ 30 ਜੂਨ ਤੱਕ ਉਸਦੀ ਗ੍ਰਿਫ਼ਤਾਰੀ ਦੀ ਮਿਆਦ ਵਧਾ ਦਿੱਤੀ ਹੈ।

ਗਿੰਗਕੋਵਿਕ ਅਤੇ ਉਸਦੇ ਮਾਲਕ ਦੁਆਰਾ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਗਿਆ ਸੀ। ਅਮਰੀਕੀ ਸਰਕਾਰ ਨੇ ਇਹ ਵੀ ਕਿਹਾ ਸੀ ਕਿ ਉਨ੍ਹਾਂ ਨੂੰ ਗ਼ਲਤ ਢੰਗ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਰੂਸ ਦੇ ਯਾਕਟਰਿਨਬਰਗ ਸ਼ਹਿਰ ਵਿਚ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਸੀ ਕਿ ਜਾਸੂਸੀ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤੇ ਗਏ ਪੱਤਰਕਾਰ ਖ਼ਿਲਾਫ਼ ਕੋਈ ਸਬੂਤ ਹੈ, ਤਾਂ ਉਹ ਕੀ ਹੈ। ਮਾਸਕੋ ਦੀ ਲੇਫੋਤੋਰਵੋ ਜੇਲ੍ਹ ਵਿਚ ਗਿੰਗਕੋਵਿਕ ਨੂੰ ਰੱਖਿਆ ਗਿਆ ਹੈ, ਜੋ ਆਪਣੇ ਸਖ਼ਤ ਹਾਲਤਾਂ ਲਈ ਬਦਨਾਮ ਹੈ।

ਵਿਸ਼ਲੇਸ਼ਕਾਂ ਨੇ ਕਿਹਾ ਕਿ ਯੂਕ੍ਰੇਨ ਖ਼ਿਲਾਫ਼ ਫੌਜੀ ਮੁਹਿੰਮ ਨਾਲ ਵਾਸ਼ਿੰਗਟਨ ਅਤੇ ਮਾਸਕੋ ਵਿਚਕਾਰ ਪੈਦਾ ਹੋਏ ਤਣਾਅ ਕਾਰਨ ਰੂਸ ਆਪਣੇ ਇੱਥੇ ਜੇਲ੍ਹ ਵਿਚ ਬੰਦ ਅਮਰੀਕੀਆਂ ਨੂੰ ਸੌਦੇਬਾਜ਼ੀ ਦੇ ਸਾਧਨ ਵਜੋਂ ਇਸਤੇਮਾਲ ਕਰ ਸਕਦਾ ਹੈ।


# ਅਵੈਕਿਊ ਪ੍ਰਾਪਰਟੀ

**ਅਮਰਬੀਰ ਸਿੰਘ ਚੀਮਾ**
ਸਰਹਿੰਦ, ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
(Punjab Mail USA)



ਹਰ ਲਿਖਤ ਦਾ ਕੋਈ ਨਾ ਕੋਈ ਸਬੱਬ ਜਾਂ ਕਾਰਨ ਹੁੰਦਾ ਹੈ ਜਾਂ ਬਣ ਜਾਂਦਾ ਹੈ। ਗਾਇਕ ਸਿੱਧੂ ਮੂਸੇ ਆਲੇ ਦੀ ਮੌਤ ਤੋਂ ਬਾਅਦ ਉਸ ਵਲੋਂ ਬਣਾਈ ਉਸਦੀ ਹਵੇਲੀ ਦੇ ਬਹੁਤ ਚਰਚੇ ਹਨ। ਸਾਡਾ ਪਿੰਡ ਵਾਲਾ ਘਰ ਐਡਾ ਤਾਂ ਨਹੀਂ ਸੀ ਪਰ ਆਪਣੇ ਸਮੇਂ 'ਚ ਆਪਣੇ ਇਲਾਕੇ 'ਚ ਸਭ ਤੋਂ ਵੱਡਾ ਘਰ ਬਣਾਇਆ ਸੀ ਸਾਡੇ ਮਾਂ-ਬਾਪ ਨੇ। ਸਾਡੇ ਜੱਦੀ ਪਿੰਡ ਛਲੇੜੀ ਖੁਰਦ (ਹਸਨਪੁਰ) ਵਿਖੇ ਅੱਜ ਵੀ ਕਿਸੇ ਦੀ ਜ਼ੁਬਾਨੀ ਸੁਣ ਜਾਂ ਪੁੱਛ ਸਕਦੇ ਹੋ। ਉਸ ਸਮੇਂ ਮੈਂ ਬਹੁਤ ਛੋਟਾ ਸੀ। ਘਰਦੇ ਦੱਸਦੇ ਹੁੰਦੇ ਹਨ ਕਿ ਉਸ ਸਮੇਂ 'ਚ ਉਨ੍ਹਾਂ ਨੂੰ ਵੀ ਪਿੰਡ ਘਰ ਬਣਾਉਣ ਤੋਂ ਸਾਰਿਆਂ ਨੇ ਰੋਕਿਆ ਸੀ ਕਿ ਪਿੰਡ 'ਚ ਇੰਨੇ ਪੈਸੇ ਲਗਾਉਣ ਦਾ ਕੀ ਫਾਇਦਾ ਹੈ। ਉਸ ਸਮੇਂ ਪਿੰਡਾਂ ਤੋਂ ਸ਼ਹਿਰਾਂ ਵੱਲ ਪਰਵਾਸ ਦੀ ਟਾਵੀਂ-ਟਾਵੀਂ ਸ਼ੁਰੂਆਤ ਹੋ ਚੁੱਕੀ ਸੀ। ਪਰ ਸਾਡੇ ਮਾਪਿਆਂ ਨੇ 1976 'ਚ ਸਾਡੇ ਪਿੰਡ 'ਚ ਬਹੁਤ ਵੱਡਾ, ਸੋਹਣਾ ਤੇ ਖੁੱਲ੍ਹਾ-ਡੁੱਲ੍ਹਾ ਘਰ ਬਣਾਇਆ।

ਐਲ ਸ਼ੇਪ 'ਚ ਇੱਕ ਪਾਸਿਓਂ ਸ਼ੁਰੂ ਕਰਕੇ ਵੱਡੇ-ਵੱਡੇ 4 ਕਮਰੇ ਤੇ ਪੰਜਵੀਂ ਓਡੀ ਹੀ ਰਸੋਈ। ਰਸੋਈ ਸਮੇਤ ਸਾਰੇ ਕਮਰੇ ਅੰਦਰੋਂ ਵੀ ਆਪਸ 'ਚ ਖੁੱਲ੍ਹਦੇ ਸਨ। ਰਸੋਈ ਤੋਂ ਅੱਗੇ ਭਈਏ ਦਾ ਕਮਰਾ ਸੀ। ਸਾਰੇ ਕਮਰਿਆਂ ਦੇ ਨਾਲੋਂ-ਨਾਲ ਵੱਡਾ ਸਾਰਾ ਬਰਾਂਡਾ ਤੇ ਉਸਦੇ ਨਾਲ ਹੀ ਖੁੱਲ੍ਹਾ ਜਿਹਾ ਵਿਹੜਾ ਸੀ। ਘਰ ਦੇ ਅੰਦਰ ਭਾਵੇਂ ਟਰੱਕ ਵਾੜ ਦਿਓ। ਪਿੰਡ ਸਾਡਾ ਸ਼ਹਿਰੋਂ ਹਟਵਾਂ ਹੈ, ਉਸ ਸਮੇਂ ਪਿੰਡ ਨਾ ਕੋਈ ਸੜਕ ਸੀ ਤੇ ਨਾ ਹੀ ਬੱਸ, ਇਸ ਲਈ ਸਰਹਿੰਦ ਰਹਿ ਕੇ ਪੜ੍ਹਾਈ ਕੀਤੀ। 20-22 ਸਾਲਾਂ ਬਾਅਦ ਮੇਰੇ ਮਾਪੇ ਵੀ ਸਰਹਿੰਦ ਆ ਗਏ। ਸਾਡਾ ਪਿੰਡ ਵਾਲਾ ਹਵੇਲੀਨੁਮਾ ਘਰ ਵੀਰਾਨ ਹੋ ਗਿਆ। ਪਹਿਲਾਂ-ਪਹਿਲਾਂ ਹਰ ਹਫ਼ਤੇ, ਫੇਰ 15 ਦਿਨੀਂ ਤੇ ਫੇਰ ਪਿੰਡ ਫੇਰਾ ਪਾਉਣ ਨੂੰ ਕਈ ਵਾਰ ਕਈ ਮਹੀਨੇ ਵੀ ਟੱਪ ਜਾਂਦੇ। 5-4 ਮਹੀਨਿਆਂ ਬਾਅਦ ਸਫਾਈ ਵੀ ਕਰਵਾਉਂਦੇ, 5-7 ਸਾਲਾਂ ਬਾਅਦ ਰੰਗ ਰੋਗਨ ਵੀ ਕਰਵਾ ਦਿੰਦੇ। ਸਾਡੇ ਤਿੰਨਾਂ ਭੈਣ-ਭਰਾਵਾਂ ਦੇ ਵਿਆਹਾਂ ਉਪਰੰਤ ਇੱਕ ਵਾਰ ਸਾਰੇ ਘਰ ਦੀ ਮੁਰੰਮਤ ਕਰਵਾ ਕੇ ਪਿੰਡ ਅਖੰਡ ਪਾਠ ਵੀ ਕਰਵਾਇਆ, ਸਾਰੇ ਰਿਸ਼ਤੇਦਾਰ ਸੱਦੇ ਪਰ ਸਿਆਣੇ ਕਹਿੰਦੇ ਨੇ ਕਿ ਘਰ ਤਾਂ ਰਹਿਣ ਦੇ ਹੀ ਹੁੰਦੇ ਹਨ। ਕੁਝ ਦਿਨਾਂ ਬਾਅਦ ਹੀ ਫੇਰ ਉੱਚਾ-ਉੱਚਾ ਘਾਹ ਫੁੱਟ ਪੈਂਦਾ। ਦਰਵਾਜ਼ਿਆਂ ਤੇ ਖਿੜਕੀਆਂ ਨੂੰ ਸਿਓਂਕ ਖਾ ਗਈ। ਬਰਸਾਤਾਂ ਦੇ ਦਿਨਾਂ 'ਚ ਛੱਤਾਂ ਚੋਣ ਕਾਰਨ ਅੰਦਰ ਪਿਆ ਸਾਮਾਨ ਵੀ ਖਰਾਬ ਹੋ ਗਿਆ। ਵਾਹਦਰਾ ਡਿੱਗਣਾ ਸ਼ੁਰੂ ਹੋ ਗਿਆ ਤੇ ਲੋਹੇ ਦਾ ਵੱਡਾ ਮੇਨ ਗੇਟ ਵੀ ਜੰਗਾਲ ਖਾ ਗਿਆ। ਇੱਕ-ਦੋ ਵਾਰ ਕਿਸੇ ਨੂੰ ਰਹਿਣ ਲਈ ਵੀ ਦਿੱਤਾ ਪਰ ਉਹ ਵੀ ਬਦਲੀ ਹੋ ਜਾਣ ਕਾਰਨ ਜ਼ਿਆਦਾ ਦੇਰ ਨਾ ਰਹੇ। ਅਸੀਂ ਆਪਣੇ ਰੁਝੇਵਿਆਂ 'ਚ ਰੁੱਝੇ ਰਹੇ। ਇੱਕੋ ਪੜਦਾਦੇ ਦੇ ਪੜਪੋਤੇ ਜਵਾਨ ਹੋ ਕੇ ਸ਼ਰੀਕ ਬਣ ਟੱਕਰੇ। ਆਨੇ-ਬਹਾਨੇ ਦਾਅਵੇਦਾਰੀਆਂ ਤੇ ਹਿੱਸੇਦਾਰੀਆਂ ਠੋਕਣ ਲੱਗੇ, ਜਦਕਿ ਉਨ੍ਹਾਂ ਦੇ ਘਰ ਤੇ ਜ਼ਮੀਨ ਸਭ ਕੁਝ ਸ਼ੁਰੂ ਤੋਂ ਹੀ ਵੱਖ ਸੀ। ਬਜ਼ੁਰਗਾਂ ਦੇ ਪੁਰਾਣੇ ਇੱਕਰਾਰਨਾਮੇ ਤੋਂ ਇਲਾਵਾ ਫਰਦ 'ਚ ਵੀ ਨਾਂ ਬੋਲਦਾ ਸੀ। 2-1 ਵਾਰ ਉਨ੍ਹਾਂ ਵੱਲੋਂ ਦਿੱਤੀ ਦਰਖਾਸਤ 'ਤੇ ਮਿਣਤੀ ਲਈ ਪਟਵਾਰੀ ਤੇ ਕਾਨੂੰਗੋ ਵੀ ਆਏ ਪਰ ਸਾਰੇ ਕਾਗਜ਼ ਦੇਖ ਉਹ ਵੀ ਵਾਪਸ ਪਰਤ ਗਏ।



ਫੇਰ ਉਨ੍ਹਾਂ ਅਫਵਾਹਾਂ ਫੈਲਾਈਆਂ ਕਿ ਇਥੇ ਤਾਂ ਭੂਤ ਰਹਿੰਦੇ ਹਨ, ਕਦੇ ਕੋਈ ਕਹਿੰਦਾ ਕਿ ਸੱਪ ਘੁੰਮਦੇ ਹਨ। ਇਸ ਤਰ੍ਹਾਂ ਦੀਆਂ ਬੇਸਿਰ ਪੈਰ ਟਿੱਪਣੀਆਂ ਸਾਨੂੰ ਵੀ ਪ੍ਰੇਸ਼ਾਨ ਕਰਨ ਲੱਗੀਆਂ। ਜਦੋਂ ਵੀ ਪਿੰਡ ਜਾਣਾ ਤਾਂ ਉਥੇ ਕਹਿਣਾ ਕਿ ਕੋਠੀ ਤਾਂ ਢਹਿ ਹੀ ਗਈ ਹੈ। ਇੱਕ ਸਾਲ ਬਰਸਾਤਾਂ 'ਚ ਚਾਰਦੀਵਾਰੀ ਵਾਲੀ ਕੰਧ ਡਿੱਗ ਗਈ, ਹੌਲੀ-ਹੌਲੀ ਉਹ ਸਭ ਇੱਟਾਂ ਗਾਇਬ ਹੋ ਗਈਆਂ ਜਾਂ ਚੁੱਕ ਲਈਆਂ। ਏਦਾਂ ਕਰਦੇ-ਕਰਦੇ ਵੀ ਕਈ ਸਾਲ ਲੰਘ ਗਏ। ਫੇਰ ਹੌਲੀ-ਹੌਲੀ ਉਨ੍ਹਾਂ ਉਪਰੋਂ ਮਿੱਠੇ ਬਣ ਸਾਨੂੰ ਉਕਤ ਗੱਲਾਂ 'ਚ ਪੁੱਲੋ ਕੇ ਸਾਡਾ ਹਵੇਲੀ ਵਰਗਾ ਘਰ ਸਰਕਾਰੀ ਮੁੱਲ ਤੋਂ ਵੀ ਘੱਟ ਰੇਟ 'ਚ ਖਰੀਦ ਲਿਆ। ਘਰ ਵੇਚਣ ਦੀ ਨਾ ਕੋਈ ਮਜਬੂਰੀ ਸੀ ਤੇ ਨਾ ਉਹ ਪੈਸੇ ਅਸੀਂ ਆਪਣੇ ਕਿਸੇ ਨਿੱਜੀ ਮੁਨਾਫ ਲਈ ਵਰਤੇ, ਬਲਕਿ ਉਨ੍ਹਾਂ ਪੈਸਿਆਂ ਵਿਚ ਹੋਰ ਰਕਮ ਪਾ ਕੇ ਆਪਣੇ ਖੇਤ ਨਾਲ ਲੱਗਦੀ ਅੱਧਾ ਕਿੱਲ੍ਹਾ ਭੋਇੰ ਖਰੀਦ ਲਈ। ਦਰਅਸਲ ਹਾਲਾਤ ਅਜਿਹੇ ਬਣ ਜਾਂਦੇ ਹਨ ਜਾਂ ਬਣਾ ਦਿੱਤੇ ਜਾਂਦੇ ਹਨ, ਜਦੋਂ ਕਈ ਵਾਰ ਨਾ ਚਾਹੁੰਦਿਆਂ ਹੋਇਆਂ ਵੀ ਕੋਈ ਅਜਿਹਾ ਕੰਮ ਹੋ ਜਾਂਦਾ ਹੈ। ਬਾਕੀ ਹੋਣਾ ਤਾਂ ਉਹੀ ਹੈ, ਜੋ ਉਸ ਪ੍ਰਮਾਤਮਾ ਨੂੰ ਮਨਜ਼ੂਰ ਹੁੰਦਾ ਹੈ।

# PUNJAB MAIL USA

TV Channel, Newspaper, Radio

All over America, Canada, Australia & Europe

## 24 Hours 7 Days



Gold # 2867, Gem # 375, TV Zon # 6888,

Glow TV # 1828, Tashan # 131, Real TV etc.

You can also watch on our website: PunjabMailUSA.com

For any Information & Advertisement Call at

+1-916-280-8811 or +1-916-320-9444

E-mail: punjabmailtv@gmail.com Web: punjabmailusa.com

# ਮੁੱਦਿਆਂ ਰਹਿਤ ਰਹੇਗੀ ਲੋਕ ਸਭਾ ਚੋਣ

ਦੇਸ਼ ਵਿਚ ਵਿਰੋਧੀਆਂ ਨੂੰ ਨੁਕਰੇ ਲਾਕੇ ਲੋਕ ਸਭਾ ਚੋਣਾਂ ਵਿਚ ਵੱਡੀ ਜਿੱਤ ਪ੍ਰਾਪਤ ਕਰਨ ਦੇ ਮੌਜੂਦਾ ਹਾਕਮ ਧਿਰ ਦੇ ਯਤਨ ਲਗਾਤਾਰ ਜਾਰੀ ਹਨ। "ਕਾਂਗਰਸ ਮੁਕਤ" ਭਾਰਤ ਦੇ ਵਿਚਾਰਾਂ ਤੋਂ ਅੱਗੇ ਤੁਰਦਿਆਂ, ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦੇਸ਼ ਨੂੰ "ਆਪੋਜ਼ੀਸ਼ਨ ਮੁਕਤ ਭਾਰਤ" ਬਨਾਉਣ ਦੀ ਮੁਹਿੰਮ ਆਰੰਭੀ ਹੋਈ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਿਛਲੇ ਦਿਨੀਂ ਜੇਲ੍ਹ ਭੇਜ ਦਿੱਤੇ ਗਏ ਹਨ। ਉਨ੍ਹਾਂ ਨੂੰ ਕੇਂਦਰੀ ਏਜੰਸੀ ਈ.ਡੀ. (ਇਨਫੋਰਸਮੈਂਟ ਡਿਪਾਰਟਮੈਂਟ) ਵਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੁਰੇਨ ਪਹਿਲਾਂ ਹੀ ਜੇਲ੍ਹ ਵਿਚ ਹਨ। ਭਾਰਤੀ ਚੋਣ ਕਮਿਸ਼ਨ ਵਲੋਂ ਕੀ ਲੋਕ ਸਭਾ ਚੋਣ ਤਾਰੀਖਾਂ ਮਿੱਥਣ ਉਪਰੰਤ ਨੇਤਾਵਾਂ ਨੂੰ ਜੇਲ੍ਹੀਂ ਡੱਕਣਾ ਜਾਇਜ਼ ਹੈ। ਇਹ ਸਵਾਲ ਲਗਾਤਾਰ ਉੱਠ ਰਹੇ ਹਨ।

ਈ.ਡੀ. ਵਲੋਂ ਇੱਕ ਬਿਆਨ ਜਾਰੀ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਦਿੱਲੀ ਸ਼ਰਾਬ ਘੁਟਾਲੇ ਦਾ ਮੁੱਖ ਦੋਸ਼ੀ ਅਰਵਿੰਦ ਕੇਜਰੀਵਾਲ ਹੈ। ਦੇਸ਼ ਦੀ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਵੀ ਕਿਹਾ ਸੀ ਕਿ ਇਸ ਸ਼ਰਾਬ ਘੁਟਾਲੇ ਵਿਚ 300 ਕਰੋੜ ਤੋਂ ਵੱਧ ਦਾ ਲੈਣ-ਦੇਣ ਹੋਇਆ ਹੈ।

ਆਮ ਆਦਮੀ ਪਾਰਟੀ, ਕਾਂਗਰਸ, ਆਰ.ਜੇ.ਡੀ. ਅਤੇ ਕਈ ਹੋਰ ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਕੇਂਦਰੀ ਏਜੰਸੀਆਂ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕਾਰਵਾਈਆਂ ਕਰ ਰਹੀਆਂ ਹਨ ਜਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਦੀਆਂ ਹਨ ਪਰ ਸੱਤਾਧਾਰੀ ਭਾਜਪਾ ਦੇ ਆਗੂਆਂ ਵਿਰੁੱਧ ਉਹ ਕੋਈ ਅਜਿਹੀ ਕਾਰਵਾਈ ਨਹੀਂ ਕਰਦੀਆਂ।

ਇੱਕ ਅਨੁਮਾਨ ਅਨੁਸਾਰ ਭ੍ਰਿਸ਼ਟਾਚਾਰ ਦੀਆਂ ਕਾਰਵਾਈਆਂ ਰੋਕਣ ਸਬੰਧੀ ਕੇਂਦਰੀ ਏਜੰਸੀਆਂ ਵਲੋਂ ਦਰਜ ਕੀਤੇ ਕੁੱਲ ਕੇਸਾਂ ਵਿਚੋਂ 95 ਫੀਸਦੀ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਹੀ ਹਨ। ਇੰਜ ਭਾਜਪਾ ਵਲੋਂ ਵਿਰੋਧੀ ਪਾਰਟੀਆਂ ਨੂੰ ਭ੍ਰਿਸ਼ਟਾਚਾਰੀ, ਨਿਕੰਮੀਆਂ ਅਤੇ ਵਿਕਾਸ ਦੀਆਂ ਦੋਖੀ ਗਰਦਾਨਕੇ, ਲੋਕ ਕਟਿਹਰੇ 'ਚ ਉਨ੍ਹਾਂ ਦੀ ਦਿੱਖ ਖਰਾਬ ਕਰਨ ਲਈ ਪੂਰਾ ਟਿੱਲ ਲਾਇਆ ਜਾ ਰਿਹਾ ਹੈ।

ਦੂਜੇ ਪਾਸੇ ਦੇਸ਼ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਭਾਜਪਾ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਚੋਣ ਬਾਂਡ ਮਾਮਲੇ ਸਬੰਧੀ ਵੱਡੇ ਸਵਾਲ ਖੜ੍ਹੇ ਕੀਤੇ ਹਨ, ਕਿਉਂਕਿ ਸੁਪਰੀਮ ਕੋਰਟ ਵਿਚ ਸੁਣਵਾਈ ਦੌਰਾਨ ਚੋਣ ਬਾਂਡ ਸਬੰਧੀ ਭਾਜਪਾ ਨਿਸ਼ਾਨੇ 'ਤੇ ਰਹੀ। ਕਾਂਗਰਸ ਨੇ ਦੋਸ਼ ਲਾਇਆ ਕਿ ਚੋਣ ਬਾਂਡ 'ਚ ਘੁਟਾਲਾ ਹੋਇਆ ਹੈ ਅਤੇ ਇਹ ਚਾਰ ਤਰੀਕਿਆਂ ਨਾਲ ਕੀਤਾ ਗਿਆ ਹੈ। ਕਾਂਗਰਸ ਨੇਤਾਵਾਂ ਮੁਤਾਬਕ ਪਹਿਲਾ ਤਰੀਕਾ "ਚੰਦਾ ਦਿਓ, ਧੰਦਾ ਲਓ" ਸੀ, ਭਾਵ ਇਹ ਪ੍ਰੀਪੇਡ ਰਿਸ਼ਵਤ ਸੀ। ਦੂਜਾ ਤਰੀਕਾ "ਠੇਕਾ ਲਓ, ਰਿਸ਼ਵਤ ਦਿਓ" ਸੀ। ਇਹ 'ਪੋਸਟਪੇਡ' ਰਿਸ਼ਵਤ ਸੀ'। ਤੀਜਾ ਤਰੀਕਾ "ਹਫ਼ਤਾ ਵਸੂਲੀ" ਦਾ ਸੀ, ਯਾਨੀ ਛਾਪੇ ਮਾਰਨ ਤੋਂ ਬਾਅਦ ਰਿਸ਼ਵਤ। ਚੌਥਾ ਤਰੀਕਾ ਫਰਜ਼ੀ ਕੰਪਨੀਆਂ ਦਾ ਸੀ। ਕਾਂਗਰਸੀ ਦਾਅਵਾ ਕਰਦੇ ਹਨ ਕਿ 30 ਅਜਿਹੇ ਕਾਰਪੋਰੇਟ ਗਰੁੱਪਾਂ ਨੇ "ਚੋਣ ਬਾਂਡ" ਰਾਹੀਂ ਚੰਦਾ ਦਿੱਤਾ ਹੈ, ਜਿਨ੍ਹਾਂ ਨੂੰ ਕੇਂਦਰ ਜਾਂ ਭਾਜਪਾ ਦੀਆਂ ਸੂਬਾ ਸਰਕਾਰਾਂ ਤੋਂ 179 ਮੁੱਖ ਪ੍ਰਾਜੈਕਟ ਮਿਲੇ ਹਨ।



ਕਾਂਗਰਸ ਦਾ ਦੋਸ਼ ਹੈ ਕਿ ਹਾਕਮ ਧਿਰ 'ਭ੍ਰਿਸ਼ਟਾਚਾਰ' ਨੂੰ ਕਾਨੂੰਨੀ ਬਣਾ ਰਿਹਾ ਹੈ ਤੇ ਇਸ ਨੂੰ ਲੁਕਾਉਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ।

ਦੋਵੇਂ ਭੱਖਦੇ ਮਾਮਲਿਆਂ ਸਬੰਧੀ ਹਾਕਮ ਧਿਰ ਅਤੇ ਵਿਰੋਧੀ ਧਿਰ ਗੁੱਥਮ-ਗੁੱਥਾ ਹਨ ਅਤੇ ਇੱਕ-ਦੂਜੇ ਉਤੇ ਚਿੱਕੜ ਸੁੱਟ ਰਹੀਆਂ ਹਨ। ਭਾਵੇਂ ਕਿ ਹਮਾਮ ਵਿਚ ਸਭ ਕੁਝ ਨੰਗਾ ਹੀ ਨੰਗਾ ਹੈ।

ਆਮ ਤੌਰ 'ਤੇ ਚੋਣ ਸਮੇਂ ਦੌਰਾਨ ਸਿਆਸੀ ਪਾਰਟੀਆਂ ਆਪਣੇ ਮੈਨੀਫੈਸਟੋ ਜਾਰੀ ਕਰਦੀਆਂ ਹਨ। ਹਾਕਮ ਧਿਰ ਆਪਣੀਆਂ ਪ੍ਰਾਪਤੀਆਂ ਨੂੰ ਲੋਕਾਂ ਸਾਹਵੇਂ ਪੇਸ਼ ਕਰਦੀਆਂ ਹਨ ਅਤੇ ਤਵੱਕੋ ਰੱਖਦੀਆਂ ਹਨ ਕਿ ਲੋਕ ਉਨ੍ਹਾਂ ਨੂੰ ਵੋਟ ਪਾਉਣ। ਆਪੋਜ਼ੀਸ਼ਨ, ਹਾਕਮ ਧਿਰ ਦੀ ਅਲੋਚਨਾ ਕਰਦੀ ਹੈ, ਉਸ ਵਲੋਂ ਕੀਤੇ ਗਲਤ ਕੰਮਾਂ ਦੀ ਵਿਆਖਿਆ ਕਰਦੀ ਹੈ। ਲੋਕ ਮੁੱਦੇ ਉਠਾਉਂਦੀ ਹੈ ਅਤੇ ਵੋਟਾਂ ਦੀ ਮੰਗ ਕਰਦੀ ਹੈ।

ਪਰ ਅੱਜ ਸਥਿਤੀ ਕੀ ਹੈ। ਭਾਜਪਾ ਵਿਕਾਸ ਅਤੇ ਤਬਦੀਲੀ ਦੇ ਨਾਂਅ ਉਤੇ ਵੋਟਾਂ ਮੰਗਣ ਤੋਂ ਪਹਿਲਾਂ ਧਰਮ ਆਧਾਰਿਤ ਰਾਜਨੀਤੀ ਦਾ ਪੱਤਾ ਸੁੱਟ ਚੁੱਕੀ ਹੈ। ਉਸ ਵਲੋਂ ਆਯੋਧਿਆ ਮੰਦਰ ਦੇ ਨਿਰਮਾਣ ਨੂੰ ਆਪਣੀ ਵੱਡੀ ਪ੍ਰਾਪਤੀ ਦੱਸਿਆ ਜਾ ਰਿਹਾ ਹੈ। ਧਾਰਾ 370 ਦੇ ਖ਼ਾਤਮੇ, ਸੀ.ਏ.ਏ. (ਨਾਗਰਿਕ ਕਾਨੂੰਨ) ਨੂੰ ਲਾਗੂ ਕਰਨ ਨੂੰ ਲੋਕ ਹਿੱਤ 'ਚ ਕਿਹਾ ਜਾ ਰਿਹਾ ਹੈ।

ਨਰੇਂਦਰ ਮੋਦੀ ਪ੍ਰਧਾਨ ਮੰਤਰੀ ਵਲੋਂ ਵੋਟਾਂ ਲਈ "ਗਰੰਟੀਆਂ ਦੇਣ ਦਾ ਕਾਰੋਬਾਰ" ਹਰ ਪੱਧਰ ਉਤੇ ਭਾਵ ਪਾਰਟੀ ਪੱਧਰ, ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ ਅਤੇ ਇਸ਼ਤਿਹਾਰਾਂ ਰਾਹੀਂ ਧੂੰਆਂਧਾਰ ਢੰਗ ਨਾਲ ਪ੍ਰਚਾਰਿਆ ਜਾ ਰਿਹਾ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਹੈ। ਕੀ ਭਾਰਤ ਵਿਸ਼ਵਗੁਰੂ ਬਣ ਰਿਹਾ ਹੈ। ਪਰ ਗਰੀਬੀ, ਬੇਰੁਜ਼ਗਾਰੀ, ਅਸਮਾਨਤਾ, ਸਬੰਧੀ ਭਾਜਪਾ ਦੀ ਚੁੱਪੀ ਰੜਕਦੀ ਹੈ। ਕੀ ਦੇਸ਼ ਵਿਚ ਵਿਕਾਸ ਤੇ ਪਰਿਵਰਤਨ ਦਿਖਦਾ ਹੈ। ਰਤਾ ਪੇਂਡੂ ਭਾਰਤ ਦੀ ਇੱਕ ਝਾਤੀ ਤਾਂ ਮਾਰੋ। ਹਾਂ ਸੜਕਾਂ ਬਣੀਆਂ ਹਨ, ਇੰਟਰਨੈਟ ਨੇ ਧੁੰਮ ਮਚਾ ਰੱਖੀ ਹੈ। ਪਰ ਗਰੀਬੀ ਰੇਖਾ ਤੋਂ ਥੱਲੇ ਵਾਲੇ ਲੋਕ ਦੋ ਅਮਰੀਕੀ ਡਾਲਰ (160 ਰੁਪਏ) ਨਾਲ ਹੀ ਜੀਵਨ ਬਸਰ ਕਰਦੇ ਹਨ।

ਇੱਕ ਕੌਮਾਂਤਰੀ ਅਧਿਐਨ ਅਨੁਸਾਰ ਭਾਰਤ ਦੇ ਇੱਕ ਫੀਸਦੀ ਧਨਾਢਾਂ ਕੋਲ 40 ਫ਼ੀਸਦੀ ਦੌਲਤ ਹੈ। ਅਰਬਪਤੀ ਵਿਅਕਤੀਆਂ ਦੀ ਗਿਣਤੀ 'ਚ ਵਾਧਾ ਹੋਇਆ ਹੈ। ਸਾਲ 1991 'ਚ ਅਰਬਪਤੀਆਂ ਦੀ ਗਿਣਤੀ ਸਿਰਫ਼ ਇੱਕ ਸੀ, ਜੋ 2022 'ਚ ਵਧਕੇ 162 ਹੋ ਗਈ। ਭਾਰਤ ਦੇ 10,000 ਸਭ ਤੋਂ ਅਮੀਰ ਵਿਅਕਤੀਆਂ ਕੋਲ ਔਸਤਨ 2260 ਕਰੋੜ ਰੁਪਏ ਦੀ ਧਨ ਸੰਪਤੀ ਹੈ, ਜੋ ਦੇਸ਼ ਦੀ ਔਸਤ ਪ੍ਰਤੀ ਜੀਅ ਦੀ ਸੰਪਤੀ ਦਾ 16,763 ਗੁਣਾ ਹੈ। ਐਡੀ ਅਸਮਾਨਤਾ ਦਾ ਦੌਰ ਭਾਜਪਾ ਰਾਜ 'ਚ ਸਭ ਤੋਂ ਵੱਧ ਹੈ।

ਕਾਂਗਰਸ ਇਸ ਸਬੰਧੀ ਕਿੰਤੂ-ਪਰੰਤੂ ਕਰਦਿਆਂ ਇਹ ਤਾਂ ਆਖਦੀ ਹੈ ਕਿ ਅੱਜ ਦਾ ਰਾਜ, ਅਰਬਪਤੀ ਰਾਜ ਹੈ ਅਤੇ ਬਰਤਾਨੀਆਂ ਰਾਜ ਨਾਲੋਂ ਵਧੇਰੇ ਨਾ ਬਰਾਬਰੀ ਵਾਲਾ ਹੈ। ਪਰ ਗਰੀਬੀ, ਅਸਮਾਨਤਾ, ਬੇਰੁਜ਼ਗਾਰੀ ਰੋਕਣ ਲਈ ਵਿਰੋਧੀ ਧਿਰ ਵਜੋਂ ਉਸਨੇ ਲੋਕ ਸਭਾ ਜਾਂ ਸੂਬਿਆਂ ਦੀ ਵਿਰੋਧੀ ਧਿਰ 'ਚ ਬੈਠਕੇ ਕੀ ਰੋਲ ਅਦਾ ਕੀਤਾ? ਕੀ ਉਸ ਵਲੋਂ ਦੇਸ਼ 'ਚ ਲੋਕਾਂ ਦੇ ਮਸਲਿਆਂ ਸਬੰਧੀ ਲੋਕ ਲਹਿਰ ਚਲਾਈ? ਲੋਕਾਂ ਨੂੰ ਉਨ੍ਹਾਂ ਨਾਲ ਹੁੰਦੀ ਬੇਇਨਸਾਫੀ ਪ੍ਰਤੀ ਜਾਗਰੂਕ ਕੀਤਾ? ਹਜ਼ਾਰਾਂ ਬੁੱਧੀਜੀਵੀ ਜੇਲ੍ਹਾਂ ਅੰਦਰ ਡੱਕ ਦਿੱਤੇ ਗਏ। ਦੇਸ਼ 'ਚ ਬੁਲਡੋਜ਼ਰ ਦੀ ਨੀਤੀ ਅਪਨਾਈ ਗਈ। ਕਾਂਗਰਸ ਨੇ ਵਿਰੋਧ 'ਚ ਦੇਸ਼ ਵਿਆਪੀ ਕੋਈ ਅੰਦੋਲਨ ਛੇੜਿਆ? ਸਿਰਫ ਲੋਕ ਸਭਾ 'ਚ ਕੁਝ ਮੁੱਦੇ ਚੁੱਕ ਕੇ ਅਤੇ ਬਾਈਕਾਟ ਕਰਕੇ ਹੀ ਉਹ ਆਪਣਾ ਵਿਰੋਧੀ ਧਿਰ ਦਾ ਰੋਲ ਅਦਾ ਕੀਤੇ ਜਾਣ ਨੂੰ ਹੀ ਪੂਰਿਆਂ ਹੋ ਗਿਆ ਸਮਝਦੀ ਹੈ?

ਕੀ ਦੇਸ਼ ਵਿਚੋਂ ਆਰਥਿਕਤਾ ਦਾ ਮੁੱਦਾ ਮੁੱਕ ਗਿਆ ਹੈ? ਕੀ ਸਿਹਤ ਤੇ ਸਿੱਖਿਆ ਨਾਲ ਸਬੰਧਤ ਮੁੱਦੇ ਖ਼ਤਮ ਹੋ ਗਏ ਹਨ। ਦੇਸ਼ 'ਚ ਅੱਛੀ ਸਿੱਖਿਆ ਨਹੀਂ। ਆਧੁਨਿਕ ਸਿਹਤ ਸਹੂਲਤਾਂ ਨਹੀਂ। ਕਰੋਨਾ ਕਾਲ 'ਚ ਲੋਕਾਂ ਦੀ ਹੋਈ ਦੁਰਦਸ਼ਾ ਹਾਲੇ ਵੀ ਲੋਕ ਚੇਤਿਆਂ 'ਚ ਹੈ। ਲੋਕਾਂ ਨੂੰ ਰੁਜ਼ਗਾਰ ਲਈ ਆਪਣੇ ਘਰ ਛੱਡ ਕੇ ਦੂਰ ਸ਼ਹਿਰਾਂ 'ਚ ਜਾਣਾ ਪੈਂਦਾ ਹੈ, ਕੀ ਇਹ ਆਪੋਜ਼ੀਸ਼ਨ ਕੋਲ ਵੱਡਾ ਮੁੱਦਾ ਨਹੀਂ? ਕੀ ਕੁਦਰਤੀ ਸੋਮਿਆਂ ਦੀ ਲੁੱਟ ਅਤੇ ਵਾਤਾਵਰਨ ਨਾਲ ਸਬੰਧਤ ਮੁੱਦੇ ਉਠਾਉਣਾ ਹੁਣ ਤਰਕਸੰਗਤ ਨਹੀਂ ਰਿਹਾ? ਕੀ ਨਸ਼ਿਆਂ, ਗੈਂਗਸਟਰਾਂ, ਮਾਫੀਏ ਦੀ ਗੱਲ ਕਰਨੀ ਸਿਆਸਤਦਾਨ ਭੁੱਲੀ ਬੈਠੇ ਹਨ? ਉਂਜ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਭੁੱਲਣ ਵੀ ਕਿਉਂ ਨਾ, ਵੱਡੀ ਗਿਣਤੀ 'ਚ ਮਾਫੀਏ, ਨਸ਼ਿਆਂ ਦੇ ਵਪਾਰੀਆਂ ਦੇ ਭਾਈਵਾਲ ਤਾਂ ਵਿਧਾਨ ਸਭਾਵਾਂ ਲੋਕ ਸਭਾ ਵਿਚ ਮੈਂਬਰ ਬਣਕੇ "ਦੇਸ਼ ਸੇਵਕ" ਦਾ ਦਰਜਾ ਹਾਸਲ ਕਰੀਂ ਬੈਠੇ ਹਨ। ਇਹ "ਕਰੋਨਾ" ਲਗਭਗ ਸਭ ਪਾਰਟੀਆਂ 'ਚ ਫੈਲ ਚੁੱਕਾ ਹੈ।

ਦੇਸ਼ ਕਰਜ਼ਾਈ ਹੈ। ਹਾਕਮ ਧਿਰ ਲਗਾਤਾਰ ਦੇਸ਼ ਦੇ ਖਜ਼ਾਨੇ ਨੂੰ ਦੋਵੀਂ ਹੱਥੀਂ ਲੁਟਾਈ ਜਾ ਰਹੀ ਹੈ। ਦੇਸ਼ ਦਾ ਕਿਸਾਨ ਪ੍ਰੇਸ਼ਾਨ ਹੈ। ਆਪਣੇ ਮੁੱਦਿਆਂ ਨੂੰ ਸੜਕਾਂ 'ਤੇ ਲਿਆ ਰਿਹਾ ਹੈ। ਦੇਸ਼ ਦਾ ਮਜ਼ਦੂਰ ਬੇਹਾਲ ਹੈ। ਵਿਦਿਆਰਥੀ ਤੇ ਨੌਜਵਾਨ ਪ੍ਰੇਸ਼ਾਨ ਹੈ। ਪਰ ਦੇਸ਼ ਦਾ ਸਿਆਸਤਦਾਨ ਮਿਹਣੋਂ-ਮਿਹਣੀ ਹੈ।

ਦੇਸ਼ ਦਾ ਕਾਰਪੋਰੇਟ ਲਗਾਤਾਰ ਕਿਸਾਨਾਂ ਦੀ ਜ਼ਮੀਨ ਖੋਹਣ ਹਿੱਤ ਸਰਕਾਰ ਉਤੇ ਦਬਾਅ ਵਧਾਅ ਰਿਹਾ ਹੈ। ਆਪਣੇ ਕਾਰੋਬਾਰ ਦੀ ਸੁਰੱਖਿਆ ਲਈ ਉਹ ਸਰਕਾਰ ਨੂੰ ਨਿੱਜੀਕਰਨ ਦੇ ਰਾਹ ਤੋਰ ਰਿਹਾ ਹੈ। ਸਰਕਾਰ ਨੇ ਤਾਂ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਅਤੇ ਕੁਰਸੀ ਪੱਕੇ ਪੈਰੀਂ ਕਰਨ ਦੀ ਉਨ੍ਹਾਂ ਦੀ ਸਹਾਇਤਾ/ਸਹਿਯੋਗ ਨੂੰ ਪ੍ਰਵਾਨ ਕਰਨਾ ਹੀ ਹੋਇਆ, ਪਰ ਵਿਰੋਧੀ ਧਿਰ ਦੀ ਚੁੱਪੀ ਪ੍ਰੇਸ਼ਾਨੀ ਕਰਨ ਵਾਲੀ ਹੈ। ਕੀ ਵਿਰੋਧੀ ਧਿਰ ਦੇਸ਼ 'ਚ ਸਮਾਜਿਕ ਵਿਤਕਰੇ ਦੇ ਵਾਧੇ, ਸੋਸ਼ਣ ਵਿਰੁੱਧ ਜਾਂ ਵੱਧ ਰਹੀ ਮਹਿੰਗਾਈ ਵਿਰੁੱਧ ਲੋਕ ਲਾਮਬੰਦੀ ਨਹੀਂ ਸੀ ਕਰ ਸਕਦੀ? ਕੀ ਉਹ ਵੀ ਕਾਰਪੋਰੇਟਾਂ ਦਾ ਹੱਥ ਠੋਕਾ ਬਣੀ ਹੋਈ ਹੈ?

ਦੇਸ਼ ਦੀਆਂ ਸਥਾਨਕ ਸਰਕਾਰਾਂ, (ਪੰਚਾਇਤਾਂ, ਨਗਰਪਾਲਿਕਾਂ) ਨੂੰ ਪੰਗੂ ਬਣਾ ਦਿੱਤਾ ਗਿਆ। ਦੇਸ਼ ਦੀਆਂ ਸੂਬਾ ਸਰਕਾਰਾਂ ਦੇ ਅਧਿਕਾਰ ਸੀਮਤ ਕਰ ਦਿੱਤੇ ਗਏ ਹਨ। ਦੇਸ਼ ਦੇ ਸੰਘੀ ਢਾਂਚੇ ਨੂੰ ਵੱਡੀ ਸੱਟ ਮਾਰੀ ਜਾ ਰਹੀ ਹੈ। ਦੇਸ਼ ਦਾ ਲੋਕਤੰਤਰ ਖ਼ਤਰੇ 'ਚ ਦਿੱਸਦਾ ਹੈ। ਤਾਂ ਫਿਰ ਵੀ ਵਿਰੋਧੀ ਧਿਰ ਦੇਸ਼ 'ਚ ਉਨ੍ਹਾਂ ਮੁੱਦਿਆਂ ਨੂੰ ਹੋਰ ਕਿਸੇ ਸਮੇਂ ਨਾ ਸਹੀ, ਇਸ ਚੋਣਾਂ ਦੇ ਸਮੇਂ 'ਤੇ ਹੀ ਗੰਭੀਰਤਾ ਨਾਲ ਕਿਉਂ ਨਹੀਂ ਉਠਾ ਰਹੀ?

ਭ੍ਰਿਸ਼ਟਾਚਾਰ ਦਾ ਮੁੱਦਾ ਹੀ ਦੇਸ਼ ਦਾ ਇੱਕੋ-ਇੱਕ ਮਸਲਾ ਨਹੀਂ ਹੈ। ਦੇਸ਼ ਦੇ ਵੱਡੇ ਮੁੱਦੇ ਹਨ। ਦੇਸ਼ ਦੇ ਵਿਚ ਲੋਕਤੰਤਰ ਦੀ ਰਾਖੀ ਮੁੱਖ ਮੁੱਦਾ ਹੈ। ਸੰਵਿਧਾਨ ਨੂੰ ਤਰੋੜਨ-ਮਰੋੜਨ ਦਾ ਯਤਨ ਹੋ ਰਿਹਾ ਹੈ। ਦੇਸ਼ ਦੇ ਕੁਦਰਤੀ ਸੋਮਿਆਂ ਦੀ ਧੰਨ-ਕੁਬੇਰਾਂ ਵਲੋਂ ਲੁੱਟ-ਖਸੁੱਟ ਤੋਂ ਰਾਖੀ ਮੁੱਦਾ ਹੈ। ਦੇਸ਼ ਦੀ ਸੀ.ਬੀ.ਆਈ., ਈ.ਡੀ., ਭਾਰਤੀ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਦੀ ਖੁਦਮੁਖਤਾਰੀ ਬਣਾਈ ਰੱਖਣਾ ਵਿਸ਼ੇਸ਼ ਮੁੱਦਾ ਹੈ। ਦੇਸ਼ ਦੇ ਵੰਨ-ਸੁਵੰਨੇ ਸੱਭਿਆਚਾਰਾਂ, ਬੋਲੀਆਂ ਦੀ ਰਾਖੀ ਦਾ ਮੁੱਦਾ ਵੀ ਤਾਂ ਦੇਸ਼ ਅੱਗੇ ਮੂੰਹ ਅੱਡੀ ਖੜ੍ਹਾ ਹੈ।

ਦੇਸ਼ ਧਰਮ ਨਿਰਪੱਖ ਰਹੇ। ਹਰ ਧਰਮ, ਹਰ ਸੱਭਿਆਚਾਰ, ਹਰ ਬੋਲੀ ਇਥੇ ਵਧੇ ਫੁੱਲੇ। ਹਰ ਖਿੱਤੇ ਦੇ ਲੋਕ ਇਥੇ ਸੁਰੱਖਿਅਤ ਮਹਿਸੂਸ ਕਰਨ। ਦੇਸ਼ ਦਾ ਕੋਈ ਵੀ ਹਿੱਸਾ ਇਹ ਮਹਿਸੂਸ ਨਾ ਕਰੇ ਕਿ ਉਸ ਨਾਲ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ। ਦੇਸ਼ ਦੀਆਂ ਘੱਟ ਗਿਣਤੀਆਂ ਆਪਣੇ ਆਪ ਨੂੰ ਦੋ ਨੰਬਰ ਦਾ ਸ਼ਹਿਰੀ ਨਾ ਸਮਝਣ। ਇਹ ਸਮੇਂ ਦੀ ਲੋੜ ਹੈ।

ਪਰ ਜਾਪਦਾ ਹੈ ਦੇਸ਼ ਦਾ ਸਿਆਸਤਦਾਨ ਲੋਕ ਮੁੱਦੇ ਭੁਲਾ ਬੈਠਾ ਹੈ। ਉਸਨੂੰ ਆਪਣੀ ਚਾਰ ਟੰਗੀ ਕੁਰਸੀ ਤੋਂ ਬਿਨ੍ਹਾਂ ਹੋਰ ਕੁਝ ਵਿਖਾਈ ਨਹੀਂ ਦਿੰਦਾ, ਜਿਸ ਨੂੰ ਪ੍ਰਾਪਤ ਕਰਨ ਲਈ ਉਹ ਕਿਸੇ ਵੇਲੇ ਵੀ, ਕੁਝ ਵੀ, ਕਰ ਸਕਦਾ ਹੈ। ਉਹ ਸਿਆਸੀ ਪਾਰਟੀ ਬਦਲ ਸਕਦਾ ਹੈ। ਉਹ ਆਪਣੀ ਬੋਲੀ ਲਗਵਾ ਸਕਦਾ ਹੈ। ਉਹ ਆਪਣੇ ਅਸੂਲ ਤਿਆਗ ਸਕਦਾ ਹੈ। ਮੌਜੂਦਾ ਹਾਕਮਾਂ ਨੇ ਪਿਛਲੇ ਸਾਲਾਂ 'ਚ ਵਿਰੋਧੀ ਪਾਰਟੀਆਂ ਦੀਆਂ ਅਨੇਕਾਂ ਸਰਕਾਰਾਂ ਵੀ ਤੋੜੀਆਂ ਅਤੇ ਅਨੇਕਾਂ ਪਾਰਟੀਆਂ ਨੂੰ ਦੋਫਾੜ ਕੀਤਾ। ਜਿਸ ਵਿਚ ਕਰੋੜਾਂ-ਅਰਬਾਂ ਰੁਪਏ ਦਾ ਖੇਲਾ ਖੇਲਿਆ ਗਿਆ।

ਸਾਲ 2019 ਦੇ ਭਾਜਪਾ ਦੇ ਚੋਣ ਮੈਨੀਫੈਸਟੋ 'ਤੇ ਇੱਕ ਝਾਤ ਮਾਰੋ। ਉਹਦੇ ਸੰਕਲਪ ਪੱਤਰ 'ਚ ਦੇਸ਼ ਵਿਚੋਂ ਗਰੀਬੀ 10 ਫੀਸਦੀ ਘਟਾਉਣ ਦੀ ਗੱਲ ਕੀਤੀ ਗਈ। ਉਸਨੇ ਆਜ਼ਾਦੀ ਦੇ 75 ਸਾਲਾਂ ਲਈ 75 ਵਾਇਦੇ ਕੀਤੇ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਇਦਾ ਮੁੱਖ ਸੀ। ਹਰ ਘਰ ਬਿਜਲੀ, ਹਰ ਘਰ ਵਿਚ ਸ਼ੌਚਾਲਿਆ, ਹਰ ਪਰਿਵਾਰ ਲਈ ਪੱਕਾ ਮਕਾਨ ਆਦਿ ਮੁੱਖ ਸਨ। ਕਿੰਨੇ ਵਾਇਦੇ ਇਨ੍ਹਾਂ ਪੰਜ ਸਾਲਾਂ 'ਚ ਪੂਰੇ ਹੋਏ?

ਕਾਂਗਰਸ ਨੇ ਗਰੀਬੀ ਉਤੇ ਵਾਰ ਕਰਨ ਦਾ ਵਾਇਦਾ ਕੀਤਾ ਤੇ ਲੋਕਾਂ ਦੀ ਸਾਲਾਨਾ ਆਮਦਨ 72000 ਰੁਪਏ ਕਰਨ ਦਾ ਵਚਨ ਦਿੱਤਾ। ਹਰ ਸਾਲ 22 ਲੱਖ ਸਰਕਾਰੀ ਨੌਕਰੀਆਂ, 10 ਲੱਖ ਨੌਜਵਾਨਾਂ ਨੂੰ ਸਥਾਨਕ ਸਰਕਾਰਾਂ 'ਚ ਨੌਕਰੀਆਂ ਦਾ ਵਾਇਦਾ ਕੀਤਾ। ਸਿਹਤ, ਸਿੱਖਿਆ ਸੁਧਾਰ ਦੀ ਗੱਲ ਵੀ ਕੀਤੀ। ਭਾਵ ਸਿੱਧਾ ਇਹ ਕਿ ਭਾਰਤ ਦੇਸ਼ 'ਚ ਗਰੀਬੀ ਦੀ ਸਮੱਸਿਆ ਨੂੰ ਮੁੱਖ ਮੰਨਿਆ। ਬੇਰੁਜ਼ਗਾਰੀ ਨੂੰ ਮੁੱਖ ਮੰਨਿਆ।

ਆਪਣੇ ਕਾਰਜ 'ਚ ਗਰੀਬੀ ਹਟਾਓ ਦਾ ਨਾਹਰਾ ਕਾਂਗਰਸ ਦਾ ਮੁੱਖ ਨਾਹਰਾ ਰਿਹਾ। ਜਿਸਨੂੰ ਸਿਰਫ਼ ਵੋਟ ਪ੍ਰਾਪਤੀ ਦਾ ਇੱਕ ਸੰਦ ਕਾਂਗਰਸ ਵਲੋਂ ਮੰਨਿਆ ਜਾਂਦਾ ਰਿਹਾ।

ਹੁਣ ਦੋਵੇਂ ਧਿਰਾਂ ਹਾਕਮ ਤੇ ਵਿਰੋਧੀ ਧਿਰਾਂ ਸਮੇਤ ਕਾਂਗਰਸ ਲੋਕਾਂ ਨੂੰ ਵਾਇਦਿਆਂ, ਵਚਨਾਂ ਤੋਂ ਅੱਗੇ "ਗਰੰਟੀਆਂ" ਦੇਣ ਦੇ ਰਾਹ ਹਨ। ਲੋਕ ਸਵਾਲ ਪੁੱਛ ਰਹੇ ਹਨ ਕਿ ਕੀ ਇਹ ਗਰੰਟੀਆਂ, ਵਾਇਦੇ, ਵਚਨ, ਚੋਣ ਦਸਤਾਵੇਜ਼, ਕਾਨੂੰਨੀ ਦਸਤਾਵੇਜ਼ ਬਣ ਸਕਦੇ ਹਨ? ਤਾਂ ਕਿ ਲੋਕ, ਨੇਤਾਵਾਂ ਨੂੰ, ਲੋਕ ਕਚਿਹਰੀ 'ਚ ਖੜ੍ਹਿਆ ਕਰ ਸਕਣ, ਜੇਕਰ ਉਹ ਦਿੱਤੀਆਂ ਗਰੰਟੀਆਂ ਤੋਂ ਮੁੱਖ ਮੋੜਨ ਜਾਂ ਉਨ੍ਹਾਂ ਤੋਂ ਪਿੱਛੇ ਹੱਟਦੇ ਹਨ।

ਪਰ ਜਾਪਦਾ ਹੈ ਦੇਸ਼ ਦਾ ਸਿਆਸਤਦਾਨ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰਕੇ, ਰਾਜਸੀ ਕਲਾਬਾਜ਼ੀਆਂ ਨਾਲ ਇੱਕ ਵੇਰ ਫੇਰ ਲੋਕਾਂ ਦੇ ਅੱਖਾਂ 'ਚ ਘੱਟਾ ਪਾਏਗਾ। ਚੋਣਾਂ ਦਾ ਇਹ ਮਹਾਂ ਕੁੰਭ, ਇਸ ਵੇਰ ਵੀ ਪੂਰੀ ਚਲਾਕੀ ਨਾਲ ਲੋਕਾਂ ਤੋਂ ਤਾਕਤ ਹਥਿਆਏਗਾ। ਬਾਤ ਲੋਕਾਂ ਦੀ ਪਾਏਗਾ, ਪਰ ਦੁਕਾਨ ਆਪਣੀ ਚਮਕਾਏਗਾ।

---

# ਲੰਘ ਗਏ ਪਾਣੀ

## ਮਿੰਨੀ ਕਹਾਣੀ

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



ਸ. ਬਖ਼ਤਾਵਰ ਸਿੰਘ ਅੱਜ ਤੋਂ ਕੋਈ ਵੀਹ ਕੁ ਵਰ੍ਹੇ ਪਹਿਲਾਂ ਇਕ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਸਨ। ਉਨ੍ਹਾਂ ਦਾ ਸਕੂਲ 'ਬਲਾਕ ਸਕੂਲ' ਹੋਣ ਕਰਕੇ ਉਸ ਹਲਕੇ ਦੇ ਕੋਈ 19-20 ਕੁ ਸਕੂਲ ਉਹਦੇ ਅੰਡਰ ਹੁੰਦੇ। ਬਲਾਕ ਦੀਆਂ ਸਕੂਲ ਖੇਡਾਂ, ਬਲਾਕ ਦਾ ਪ੍ਰੀਖਿਆ ਕੇਂਦਰ, ਮਾਸਟਰਾਂ ਦੇ ਸੈਮੀਨਾਰ ਅਤੇ ਬਲਾਕ ਸਕੂਲਾਂ ਦੀ ਸਾਰੀ ਡਾਕ ਹੀ ਇਥੇ ਇਕੱਤਰ ਹੋ ਕੇ ਅੱਗੇ ਡੀ.ਈ.ਓ. ਦਫਤਰ ਜਾਂਦੀ। ਪ੍ਰਿੰਸੀਪਲ ਸਾਬ ਬਹੁਤ ਮਿਹਨਤੀ ਅਤੇ ਇਮਾਨਦਾਰ ਸਨ। ਪਿੰਡ ਦੇ ਦਾਨੀ ਸੱਜਣਾਂ ਅਤੇ ਮੋਹਤਬਰਾਂ ਦੇ ਸਹਿਯੋਗ ਨਾਲ ਉਸ, ਸਕੂਲ ਦੀ ਨੁਹਾਰ ਬਦਲ ਦਿੱਤੀ। ਸਕੂਲ ਦੀ ਵੱਡ ਅਕਾਰੀ ਹਰੀ-ਭਰੀ ਇਮਾਰਤ, ਕਿਸੇ ਚੰਗੇ ਕਾਲਜ ਦਾ ਭੁਲੇਖਾ ਪਾਉਂਦੀ। ਪ੍ਰਿੰਸੀਪਲ ਸਾਬ ਦਾ ਬਹੁਤ ਰੋਅਬ-ਸ਼ੋਅਬ ਸੀ। ਸਕੂਲ ਕੰਪਲੈਕਸ ਵਿਚ ਹੀ ਨਹੀਂ, ਸਗੋਂ ਪੂਰੇ ਬਲਾਕ ਵਿਚ ਹੀ ਉਸ ਦੀ ਆਵਾਜ਼ ਦੀ ਗਰਜ਼ ਸੁਣੀਂਦੀ। ਇਸ ਸਕੂਲ ਵਿਚ ਕੋਈ 19-20 ਸਾਲ ਸੇਵਾਵਾਂ ਨਿਭਾਉਣ ਉਪਰੰਤ ਅਖ਼ੀਰ ਉਹ ਸੇਵਾ ਨਵਿਰਤ ਹੋ ਗਏ। ਸੁਣੀਂਦਾ ਸੀ ਕਿ ਉਹ ਇਸੇ ਹੀ ਸਕੂਲ ਵਿਚ ਪਹਿਲਾਂ ਲੈਕਚਰਾਰ ਹੁੰਦੇ ਸਨ, ਫਿਰ ਤਰੱਕੀ ਹੋ ਕੇ ਇਥੇ ਹੀ ਪ੍ਰਿੰਸੀਪਲ ਬਣ ਰਹੇ। ਅੱਜ ਉਨ੍ਹਾਂ ਨੂੰ ਸੇਵਾਮੁਕਤ ਹੋਇਆਂ ਵੀ ਕੋਈ 19-20 ਵਰ੍ਹੇ ਹੋ ਗਏ ਹੋਣਗੇ। ਬਹੁਤ ਹੀ ਅਜ਼ਬ ਨਜ਼ਾਰਾ ਅੱਜ, ਮੈਂ ਆਪਣੇ ਅੱਖੀਂ ਡਿੱਠਾ।

ਬੱਚਿਆਂ ਦੀ ਸਾਰੀ ਛੁੱਟੀ ਦਾ ਸਮਾਂ ਹੈ। ਸੜਕ ਪਾਰ ਸਕੂਲ ਸਾਹਮਣੇ ਇਕ ਮਿਸਤਰੀ ਪਾਸੋਂ ਮੈਂ ਆਪਣਾ ਸਕੂਟਰ ਠੀਕ ਕਰਵਾ ਰਿਹੈਂ। ਪ੍ਰਿੰਸੀਪਲ ਬਖਤਾਵਰ ਸਿੰਘ ਜੋ ਹੁਣ ਕੁੱਝ ਕਮਜ਼ੋਰ ਹੋਏ ਮਹਿਸੂਸ ਹੋਏ, ਆਪਣੀ ਬਾਈਕ 'ਤੇ ਆਏ। ਗੇਟ ਦੇ ਬਾਹਰ ਖੜ੍ਹੇ। ਸ਼ੈਦ ਉਹ ਆਪਣੀ ਪੋਤਰੀ ਨੂੰ ਲੈਣ ਆਏ ਹੋਏ ਨੇ। ਸਕੂਲ ਛੁੱਟੀ ਹੋਈ। ਬੱਚੇ ਬਾਹਰ ਆਉਣ ਲੱਗੇ। ਕੋਈ ਤਿੰਨ-ਸਾਢੇ ਤਿੰਨ ਸੌ ਵਿਦਿਆਰਥੀ ਅਤੇ 16-17 ਸਕੂਲ ਅਧਿਆਪਕ, ਪ੍ਰਿੰਸੀਪਲ ਸਾਬ ਕੋਲੋਂ ਉਵੇਂ ਹੀ ਲੰਘ ਗਏ। ਮੈਂ ਵੀ ਵੇਂਹਦਾ ਰਿਹਾ ਕਿ ਕਿਸੇ ਵੀ ਉਨ੍ਹਾਂ ਨੂੰ ਸਤਿ ਸ੍ਰੀ ਆਕਾਲ ਤੱਕ ਵੀ ਨਾ ਬੁਲਾਈ। ਸ਼ੈਦ ਉਨ੍ਹਾਂ ਨਵਿਆਂ ਲਈ, ਉਹ ਨਿੱਤ ਦੀ ਤਰ੍ਹਾਂ ਬੱਚਿਆਂ ਦੇ ਆਮ ਮਾਪੇ ਹੀ ਹੋਣਗੇ। ਅਖੇ 'ਲੱਖ ਮੇਰਾ ਸੀਸ ਚੁੰਮ ਗਏ-ਮੁੱਖੜਾ ਨਾ ਕਿਸੇ ਵੀ ਪਛਾਣਿਆਂ'। ਬੱਚੇ ਅਤੇ ਅਧਿਆਪਕਾਂ ਦੇ ਆਉਣ ਦਾ ਸਿਲਸਿਲਾ ਹਾਲੇ ਬਰਕਰਾਰ ਹੈ ਕਿ ਉਨ੍ਹਾਂ ਦੀ ਪੋਤਰੀ ਆਈ, ਪ੍ਰਿੰਸੀਪਲ ਸਾਬ ਨਾਲ ਬਾਈਕ 'ਤੇ ਬੈਠੀ ਤੇ ਉਹ ਉਥੋਂ ਚੱਲਣ ਲੱਗੇ। ਇਕ ਹਵਾ ਦਾ ਬੁੱਲ੍ਹਾ ਆਇਆ। ਦਰੱਖ਼ਤ ਜੋ ਬਹੁਤੇ ਉਨ੍ਹਾਂ ਆਪਣੇ ਹੱਥੀਂ ਹੀ ਲਾਏ ਅਤੇ ਪਾਲੇ ਹੋਏ ਸਨ, ਦੀਆਂ ਟਾਹਣੀਆਂ ਝੁਕੀਆਂ ਜਿਵੇਂ ਉਨ੍ਹਾਂ ਇਨਸਾਨੀਅਤ ਤੋਂ ਸ਼ਰਮਿੰਦਾ ਹੋ ਕੇ ਨਮਕ ਹਲਾਲੀ ਦਿਖਾਉਂਦਿਆਂ, ਉਨ੍ਹਾਂ ਨੂੰ ਝੁੱਕ ਕੇ ਨਮਸਕਾਰ ਕੀਤੀ ਹੋਵੇ। ਮੈਂ ਵੀ ਆਪਣੇ ਸਕੂਟਰ ਨੂੰ ਕਿੱਕ ਮਾਰ, ਪਿੰਡ ਵੱਲ ਤੁਰ ਪਿਆ। ਵਾਰ-ਵਾਰ ਮੇਰੇ ਜ਼ਿਹਨ ਵਿਚ ਕਦੇ ਸ਼ਿਵ ਦਾ ਗੀਤ 'ਲੱਖ ਮੇਰਾ ਸੀਸ ਚੁੰਮ ਗਏ', ਕਦੇ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਤ੍ਰਿੰਜਣ ਦੇ ਬੋਲ 'ਲੰਘ ਗਏ ਪਾਣੀ' ਆਪਸ ਵਿਚ ਟਕਰਾਉਂਦੇ ਰਹੇ।

# ਬੰਗਲੌਰ ਦੇ ਹਾਲਾਤ ਦੇਸ਼ ਲਈ ਚੇਤਾਵਨੀ ਹਨ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
(Punjab Mail USA)



ਦੱਖਣੀ ਅਫਰੀਕਾ, ਅਫਰੀਕਾ ਮਹਾਂਦੀਪ ਦਾ ਇੱਕ ਸਭ ਤੋਂ ਵਿਕਸਿਤ ਦੇਸ਼ ਹੈ। ਉਸ ਦੀ ਰਾਜਧਾਨੀ ਜੌਹਾਨਜ਼ਬਰਗ ਸ਼ਾਇਦ ਦੁਨੀਆਂ ਵਿਚ ਕਿਸੇ ਦੇਸ਼ ਦੀ ਪਹਿਲੀ ਰਾਜਧਾਨੀ ਹੈ, ਜਿਸ ਦਾ 2020 ਵਿਚ ਧਰਤੀ ਹੇਠਲਾ ਪਾਣੀ ਖਤਮ ਹੋ ਗਿਆ ਹੈ। ਇਸ ਤੋਂ ਇਲਾਵਾ ਸ਼ਹਿਰ ਨੂੰ ਪਾਣੀ ਸਪਲਾਈ ਕਰਨ ਵਾਲੀਆਂ ਝੀਲਾਂ ਵਿਚ ਭੰਡਾਰਨ ਸਮਰੱਥਾ ਦਾ ਸਿਰਫ 20% ਪਾਣੀ ਬਚਿਆ ਹੈ। ਇਸ ਸ਼ਹਿਰ ਵਿਚ ਪਾਣੀ ਦੀ ਖਾਤਰ ਹਿੰਸਕ ਮੁਜ਼ਾਹਰੇ ਹੋਣਾ ਆਮ ਗੱਲ ਬਣ ਗਈ ਹੈ, ਜਿਨ੍ਹਾਂ ਵਿਚ ਹੁਣ ਤੱਕ 100 ਦੇ ਕਰੀਬ ਸੁਰੱਖਿਆ ਦਸਤੇ ਅਤੇ ਆਮ ਨਾਗਰਿਕ ਮਾਰੇ ਜਾ ਚੁੱਕੇ ਹਨ ਤੇ ਸੈਂਕੜੇ ਜ਼ਖਮੀ ਹੋਏ ਹਨ। ਇਸ ਸ਼ਹਿਰ ਦੀ ਬਰਬਾਦੀ ਦੀ ਕਹਾਣੀ ਬਿਲਕੁਲ ਭਾਰਤੀ ਸ਼ਹਿਰਾਂ ਨਾਲ ਮੇਲ ਖਾਂਦੀ ਹੈ। ਵਾਤਾਵਰਣ ਦੀ ਤਬਦੀਲੀ ਕਾਰਨ ਘੱਟ ਹੋ ਰਹੀ ਬਾਰਸ਼ ਅਤੇ ਪੈਸੇ ਦੇ ਲਾਲਚ ਵਿਚ ਅੰਨ੍ਹੇ ਹੋ ਚੁੱਕੇ ਨੇਤਾਵਾਂ, ਅਫਸਰਾਂ ਅਤੇ ਕਲੋਨਾਈਜ਼ਰਾਂ ਵੱਲੋਂ ਕੀਤੀਆਂ ਗਈਆਂ ਅੰਧਾਧੁੰਦ ਉਸਾਰੀਆਂ ਮੁੱਖ ਕਾਰਨ ਹਨ, ਜਿਨ੍ਹਾਂ ਨੇ ਪਾਣੀ ਦੇ ਕੁਦਰਤੀ ਸੋਮੇ ਬਰਬਾਦ ਕਰ ਦਿੱਤੇ। ਇਸ ਵੇਲੇ ਭਾਰਤ ਦੇ ਸ਼ਹਿਰ ਬੰਗਲੌਰ ਵਿਚ ਵੀ ਇਹ ਹੀ ਹਾਲਾਤ ਬਣ ਚੁੱਕੇ ਹਨ।

ਬੰਗਲੌਰ ਕਰਨਾਟਕ ਦੀ ਰਾਜਧਾਨੀ ਹੈ, ਜਿਸ ਨੂੰ ਆਪਣੇ ਸ਼ਾਨਦਾਰ ਮੌਸਮ ਕਾਰਨ ਸਾਰੇ ਭਾਰਤ ਵਿਚ ਪਸੰਦ ਕੀਤਾ ਜਾਂਦਾ ਹੈ। ਇਥੇ ਗਰਮੀਆਂ ਵਿਚ ਤਾਪਮਾਨ 30 ਡਿਗਰੀ ਤੋਂ ਨਹੀਂ ਵਧਦਾ ਅਤੇ ਸਰਦੀਆਂ ਵਿਚ 20 ਡਿਗਰੀ ਤੋਂ ਥੱਲੇ ਨਹੀਂ ਜਾਂਦਾ। ਇਸ ਕਾਰਨ ਇਥੇ ਸੈਂਕੜੇ ਪ੍ਰਸਿੱਧ ਕੰਪਨੀਆਂ ਦੇ ਹੈੱਡਕਵਾਟਰ ਤੇ ਭਾਰਤ ਦੇ ਅਮੀਰ ਲੋਕਾਂ ਦੇ ਘਰ ਹਨ। ਬੰਗਲੌਰ ਅਜੇ ਪਿਛਲੇ ਸਾਲ ਮੌਨਸੂਨ ਦੌਰਾਨ ਆਏ ਹੜ੍ਹਾਂ ਤੋਂ ਉੱਭਰਿਆ ਨਹੀਂ ਸੀ ਕਿ ਇਸ ਦਾ ਧਰਤੀ ਹੇਠਲਾ ਪਾਣੀ ਖਤਮ ਹੋ ਗਿਆ ਹੈ। ਸਿਰਫ ਬੰਗਲੌਰ ਸ਼ਹਿਰ ਦਾ ਹੀ ਨਹੀਂ, ਆਸ-ਪਾਸ ਦੇ ਕਈ ਜ਼ਿਲ੍ਹਿਆਂ ਵਿਚ ਵੀ ਸੋਕਾ ਪੈ ਗਿਆ ਹੈ। ਝੀਲਾਂ, ਤਲਾਬ ਅਤੇ ਪਾਣੀ ਦੇ ਸਾਰੇ ਕੁਦਰਤੀ ਸੋਮੇ ਸੁੱਕ ਗਏ ਹਨ ਤੇ ਫਸਲਾਂ ਬਰਬਾਦ ਹੋ ਗਈਆਂ ਹਨ। ਸਰਕਾਰ ਦੇ ਇਸ ਸਥਿੱਤੀ ’ਤੇ ਕਾਬੂ ਪਾਉਣ ਵਿਚ ਅਸਫਲ ਹੋ ਜਾਣ ਕਾਰਨ ਪਾਣੀ ਮਾਫੀਆ ਵੱਲੋਂ ਸ਼ਹਿਰ ਵਿਚ ਮਹਿੰਗੇ ਰੇਟ ’ਤੇ ਟੈਂਕਰਾਂ ਨਾਲ ਗੰਦਾ-ਮੰਦਾ ਪਾਣੀ ਸਪਲਾਈ ਕੀਤਾ ਜਾ ਰਿਹਾ ਹੈ, ਜਿਸ ਦੀ ਕੀਮਤ ਚੁਕਾਉਣੀ ਆਮ ਬੰਦੇ ਦੇ ਵੱਸ ਦੀ ਗੱਲ ਨਹੀਂ ਹੈ। ਬੰਗਲੌਰ ਦੇ ਨਜ਼ਦੀਕ ਕੋਈ ਵੀ ਨਦੀ ਨਾਲਾ ਨਹੀਂ ਵਗਦਾ। ਸ਼ਹਿਰ ਵਿਚ ਪਾਣੀ ਦੀ ਪੂਰਤੀ 100 ਕਿ.ਮੀ. ਦੂਰ ਕਾਵੇਰੀ ਨਦੀ ਤੋਂ ਪਾਈਪਾਂ ਰਾਹੀਂ ਪਾਣੀ ਲਿਆ ਕੇ ਕੀਤੀ ਜਾਂਦੀ ਹੈ। ਪਰ ਕਾਵੇਰੀ ਦੇ ਪਾਣੀ ਨਾਲ ਬੰਗਲੌਰ ਦੀ ਇੱਕ ਕਰੋੜ ਪੈਂਤੀ ਲੱਖ ਆਬਾਦੀ ਦੀਆਂ ਜ਼ਰੂਰਤਾਂ ਪੂਰੀਆਂ ਨਾ ਹੋਣ ਕਾਰਨ ਕਰੀਬ ਅੱਧੇ ਸ਼ਹਿਰ ਨੂੰ ਟਿਊਬਵੈੱਲਾਂ ਦਾ ਪਾਣੀ ਸਪਲਾਈ ਕੀਤਾ ਜਾਂਦਾ ਸੀ, ਜੋ ਹੁਣ ਗਾਇਬ ਹੋ ਗਿਆ ਹੈ।

ਸ਼ਾਨਦਾਰ ਮੌਸਮ ਅਤੇ ਮਲਟੀਨੈਸ਼ਨਲ ਸਾਫਟਵੇਅਰ ਕੰਪਨੀਆਂ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਲੱਖਾਂ ਨੌਕਰੀਆਂ ਕਾਰਨ ਬੰਗਲੌਰ ਨੇ ਕੁਝ ਸਾਲਾਂ ਵਿਚ ਹੀ ਹੈਰਾਨੀਜਨਕ ਤਰੱਕੀ ਕੀਤੀ ਸੀ, ਜੋ ਹੁਣ ਇਸ ਦੀ ਬਰਬਾਦੀ ਦਾ ਕਰਨ ਬਣ ਗਈ ਹੈ। ਇਨ੍ਹਾਂ ਨੌਕਰੀਆਂ ਦੀ ਖਿੱਚ ਅਤੇ ਮਿਲਣ ਵਾਲੀਆਂ ਮੋਟੀਆਂ ਤਨਖਾਹਾਂ ਕਾਰਨ ਲੱਖਾਂ ਦੀ ਗਿਣਤੀ ਵਿਚ ਭਾਰਤੀ ਅਤੇ ਵਿਦੇਸ਼ੀ ਇਸ ਸ਼ਹਿਰ ਵਿਚ ਰਹਿਣ ਲਈ ਪਹੁੰਚ ਗਏ। ਕੁਦਰਤੀ ਹੈ ਕਿ ਸ਼ਹਿਰ ਵਿਚ ਜਿੰਨੀ ਅਬਾਦੀ ਹੋਵੇਗੀ, ਉਸ ਮੁਤਾਬਕ ਵਾਹਣ ਵੀ ਹੋਣਗੇ। ਬੰਗਲੌਰ ਵਿਚ ਇਸ ਵੇਲੇ 75 ਲੱਖ ਦੇ ਕਰੀਬ ਸਕੂਟਰਾਂ-ਮੋਟਰ ਸਾਈਕਲਾਂ ਸਮੇਤ ਇੱਕ ਕਰੋੜ ਤੋਂ ਵੱਧ ਵਾਹਣ ਹਨ। ਇਨ੍ਹਾਂ ਵੱਲੋਂ ਦਿਨ-ਰਾਤ ਉਗਲਿਆ ਜਾਂਦਾ ਜ਼ਹਿਰੀਲਾ ਧੂੰਆਂ (ਫੈਕਟਰੀਆਂ ਦਾ ਅਲੱਗ) ਵਾਤਾਵਰਣ ’ਤੇ ਮਾਰੂ ਅਸਰ ਪਾ ਰਿਹਾ ਹੈ, ਜਿਸ ਕਾਰਨ ਬੰਗਲੌਰ ਦਾ ਔਸਤ ਤਾਪਮਾਨ ਵਧ ਰਿਹਾ ਹੈ ਤੇ ਬਾਰਸ਼ਾਂ ਬੇਤਰਤੀਬੀਆਂ ਹੋ ਰਹੀਆਂ ਹਨ। ਅੱਜ ਤੋਂ 30-40 ਸਾਲ ਪਹਿਲਾਂ ਤੱਕ ਬੰਗਲੌਰ ਦੇ ਆਸ-ਪਾਸ ਵੱਡੀ ਗਿਣਤੀ ਵਿਚ ਝੀਲਾਂ, ਤਲਾਬ ਅਤੇ ਪਾਣੀ ਦੇ ਹੋਰ ਕੁਦਰਤੀ ਸਰੋਤ ਸਨ, ਜਿਨ੍ਹਾਂ ਦਾ ਪਾਣੀ ਸ਼ਹਿਰ ਦੀਆਂ ਜ਼ਰੂਰਤਾਂ ਅਤੇ ਖੇਤੀਬਾੜੀ ਵਾਸਤੇ ਵਰਤਿਆ ਜਾਂਦਾ ਸੀ। ਪਰ ਇਸ ਸਮੇਂ ਦੌਰਾਨ ਬੰਗਲੌਰ ਵਿਚ ਆਬਾਦੀ ਵਿਸਫੋਟ (40 ਸਾਲਾਂ ਵਿਚ 53% ਵਾਧਾ) ਹੋਇਆ ਤੇ ਉਨ੍ਹਾਂ ਨੂੰ ਰਿਹਾਇਸ਼ ਅਤੇ ਹੋਰ ਸ਼ਹਿਰੀ ਸਹੂਲਤਾਂ ਦੇਣ ਵਾਸਤੇ (ਅਸਲ ਵਿਚ ਮੋਟਾ ਮਾਲ ਕਮਾਉਣ ਖਾਤਰ) 80% ਦੇ ਕਰੀਬ ਝੀਲਾਂ ਤੇ ਤਲਾਬ ਸੀਮੈਂਟ ਦੇ ਜੰਗਲਾਂ ਹੇਠ ਦਫਨ ਕਰ ਦਿੱਤੇ ਗਏ।

1980 ਤੋਂ ਬਾਅਦ ਬੰਗਲੌਰ ਵਿਚ ਜ਼ਮੀਨ-ਜਾਇਦਾਦ ਦੇ ਰੇਟ ਅਸਮਾਨ ਨੂੰ ਚੜ੍ਹ ਗਏ ਸਨ, ਜਿਸ ਦਾ ਫਾਇਦਾ ਉਠਾਉਣ ਲਈ ਕਲੋਨਾਈਜ਼ਰਾਂ ਨੇ ਬੇਰਹਿਮੀ ਨਾਲ ਸੈਂਕੜੇ ਤਲਾਬਾਂ ਤੇ ਟੋਭਿਆਂ ਨੂੰ ਪੂਰ ਕੇ ਕਲੋਨੀਆਂ ਬਣਾ ਦਿੱਤੀਆਂ। ਜਿਸ ਸ਼ਹਿਰ ਦੇ 28 ਵਿਚੋਂ 26 ਵਿਧਾਇਕਾਂ ਨੇ ਚੋਣ ਕਮਿਸ਼ਨ ਨੂੰ ਦਿੱਤੇ ਹਲਫਨਾਮੇ ਵਿਚ ਆਪਣਾ ਕਾਰੋਬਾਰ ਪ੍ਰਾਪਰਟੀ ਡੀਲਿੰਗ ਲਿਖਿਆ ਹੋਵੇ, ਉਥੇ ਹੋਰ ਉਮੀਦ ਵੀ ਕੀ ਕੀਤੀ ਜਾ ਸਕਦੀ ਹੈ। ਕੀ ਇਹ ਲੋਕ ਸਰਕਾਰ ਨੂੰ ਆਪਣੇ ਕਾਰੋਬਾਰ ਦੀ ਕੀਮਤ ’ਤੇ ਸ਼ਹਿਰ ਦੇ ਹੜ੍ਹ ਜਾਂ ਸੋਕੇ ਦੀ ਸਮੱਸਿਆ ਹੱਲ ਕਰਨ ਲਈ ਕੋਈ ਸਖਤ ਫੈਸਲਾ ਲੈਣ ਜਾਂ ਕਾਨੂੰਨ ਬਣਾਉਣ ਦੀ ਆਗਿਆ ਦੇ ਸਕਦੇ ਹਨ? ਪੰਜਾਬੀ ਕਹਾਵਤ ‘ਛੋਲਿਆਂ ਦੇ ਬੋਹਲ ਦਾ ਗਧਾ ਰਖਵਾਲਾ’ ਵਾਲੀ ਗੱਲ ਹੋਈ ਪਈ ਹੈ। ਇਸ ਸ਼ਹਿਰ ਵਿਚ ਸੰਸਾਰ ਦੇ ਚੋਟੀ ਦੇ ਭੂ ਵਿਗਿਆਨੀ, ਜਾਗਰੂਕ ਨਾਗਰਿਕਾਂ ਦੀਆਂ ਜਥੇਬੰਦੀਆਂ ਅਤੇ ਤਕਨੀਕੀ ਮਾਹਰ ਵੀ ਵੱਸਦੇ ਹਨ, ਜੋ ਸਮੇਂ-ਸਮੇਂ ’ਤੇ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਬਚਾਉਣ ਬਾਰੇ ਰਾਜਨੀਤਿਕ ਅਤੇ ਸਮਾਜਿਕ ਪਲੇਟਫਾਰਮਾਂ ’ਤੇ ਅਵਾਜ਼ ਉਠਾਉਂਦੇ ਰਹਿੰਦੇ ਹਨ। ਇਸ ਸਬੰਧੀ ਸੈਂਕੜੇ ਪਟੀਸ਼ਨਾਂ ਅਦਾਲਤਾਂ ਵਿਚ ਲੰਬਿਤ ਹਨ, ਪਰ ਰਾਜਨੀਤਿਕ ਉਦਾਸੀਨਤਾ ਅਤੇ ਪੈਸੇ ਦੀ ਹਵਸ ਅੱਗੇ ਉਨ੍ਹਾਂ ਦੀ ਅਵਾਜ਼ ਨਗਾਰਖਾਨੇ ਵਿਚ ਤੂਤੀ ਦੀ ਅਵਾਜ਼ ਵਾਂਗ ਗੁੰਮ ਹੋ ਜਾਂਦੀ ਹੈ।

ਕੰਨੜ ਭਾਸ਼ਾ ਦੇ ਮਹਾਨ ਕਵੀ ਸਰਵਗਨ ਨੇ 17ਵੀਂ ਸਦੀ ਵਿਚ ਆਪਣੀ ਇੱਕ ਕਵਿਤਾ ਵਿਚ ਸਵਾਲ ਕੀਤਾ ਸੀ ਕਿ ਜੋ ਵਿਅਕਤੀ ਤਲਾਬ ਸੁਕਾ ਕੇ ਆਪਣਾ ਘਰ ਬਣਾਉਂਦਾ ਹੈ, ਕੀ ਉਸ ਨੂੰ ਹੜ੍ਹ ਤੋਂ ਡਰਨਾ ਨਹੀਂ ਚਾਹੀਦਾ? ਜਿਸ ਬੰਗਲੌਰ ਨੇ ਆਪਣੇ ਤਲਾਬ ਖੁਦ ਹੀ ਸੁਕਾ ਲਏ ਹਨ, ਕੀ ਉਹ ਹੁਣ ਲੋਕਾਂ ਦੇ ਪਾਣੀ ਦੀ ਜ਼ਰੂਰਤ ਟੈਂਕਰਾਂ ਰਾਹੀਂ ਪੂਰੀ ਕਰ ਸਕਦਾ ਹੈ? ਪਿਛਲੇ ਸਾਲ ਜਦੋਂ ਬੰਗਲੌਰ ਵਿਚ ਹੜ੍ਹ ਆਏ ਸਨ, ਤਾਂ ਪਾਣੀ ਪਾਸ਼ ਇਲਾਕਿਆਂ ਵਿਚ ਸੱਤਾਧਾਰੀਆਂ ਅਤੇ ਧਨਾਡਾਂ ਦੇ ਬੈੱਡਰੂਮਾਂ ਵਿਚ ਵੀ ਦਾਖਲ ਹੋ ਗਿਆ ਸੀ, ਕਈਆਂ ਨੂੰ ਤਾਂ ਕਿਸ਼ਤੀਆਂ ਰਾਹੀਂ ਬਾਹਰ ਕੱਢਣਾ ਪਿਆ ਸੀ। ਉਸ ਸਮੇਂ ਮੀਡੀਆ ਵਿਚ ਪਏ ਰੌਲੇ-ਗੌਲੇ ਕਾਰਨ ਜਨਤਾ ਦੇ ਹੰਝੂ ਕੁਝ ਦੇਰ ਲਈ ਪੂੰਝਣ ਖਾਤਰ ਸਰਕਾਰ ਨੇ ਸ਼ਹਿਰ ਵਿਚ ਪਾਣੀ ਦੇ ਕੁਦਰਤੀ ਰਸਤੇ ਰੋਕ ਕੇ ਕੀਤੀਆਂ ਉਸਾਰੀਆਂ ਢਾਹੁਣੀਆਂ ਸ਼ੁਰੂ ਕਰ ਦਿੱਤੀਆਂ ਸਨ। ਪਰ ਜਿਵੇਂ ਹੀ ਪੀਲਾ ਪੰਜਾ ਲੱਖਾਂ ਵੋਟਾਂ ਦੇ ਮਾਲਕ ਸਾਧਾਂ-ਬਾਬਿਆਂ ਦੇ ਡੇਰਿਆਂ, ਧਨਾਡਾਂ ਦੀਆਂ ਹਵੇਲੀਆਂ ਤੇ ਮਲਟੀਪਲੈਕਸਾਂ ਦੀਆਂ ਦੀਵਾਰਾਂ ਨਾਲ ਟਕਰਾਇਆ, ਤਾਂ ਸਰਕਾਰ ਹੁਕਮਾਂ ਦੀ ਮਾੜੇ ਟਾਇਰ ਵਾਂਗ ਹਵਾ ਨਿਕਲ ਗਈ। ਕੁਝ ਦਿਨਾਂ ਬਾਅਦ ਪਾਣੀ ਸ਼ਹਿਰ ਵਿਚੋਂ ਬਾਹਰ ਨਿਕਲ ਗਿਆ ਤੇ ਲੋਕ ਵੀ ਸਭ ਕੁਝ ਭੁੱਲ-ਭੁਲਾ ਗਏ।

ਇਸ ਵੇਲੇ ਹਾਲਾਤ ਐਨੇ ਭਿਆਨਕ ਹਨ ਕਿ ਟੈਂਕਰ ਜਿਹੜੇ ਟਿਊਬਵੈੱਲਾਂ ਤੋਂ ਪਾਣੀ ਲਿਆ ਰਹੇ ਸਨ, ਉਥੇ ਵੀ ਪਾਣੀ ਖਤਮ ਹੋ ਗਿਆ ਹੈ। ਇਸ ਸਮੇਂ ਬੰਗਲੌਰ ਵਿਚ ਪਾਣੀ ਦੀ ਰਾਸ਼ਨਿੰਗ ਕੀਤੀ ਜਾ ਰਹੀ ਹੈ ਤੇ ਸਪਲਾਈ ਵਿਚ 50 ਤੋਂ 75% ਤੱਕ ਕੱਟ ਲੱਗ ਰਹੇ ਹਨ। ਪੌਦਿਆਂ-ਲਾਅਨਾਂ ਨੂੰ ਪਾਣੀ ਦੇਣ ਜਾਂ ਕਾਰਾਂ ਆਦਿ ਧੋਣ ’ਤੇ ਵੱਡੇ ਜੁਰਮਾਨੇ ਵਸੂਲੇ ਜਾ ਰਹੇ ਹਨ। ਕਈ ਇਲਾਕਿਆਂ ਵਿਚ ਤਾਂ ਲੋਕਾਂ ਨੂੰ ਨਹਾਉਣ ਜਾਂ ਕੱਪੜੇ ਧੋਣ ਵਾਸਤੇ ਵੀ ਪਾਣੀ ਨਹੀਂ ਮਿਲ ਰਿਹਾ। ਬਹੁਮੰਜ਼ਿਲ ਇਮਾਰਤਾਂ ਦੀ ਹਾਲਤ ਤਾਂ ਹੋਰ ਵੀ ਬੁਰੀ ਹੈ ਕਿਉਂਕਿ ਪ੍ਰੈਸ਼ਰ ਘੱਟ ਹੋਣ ਕਾਰਨ ਉੱਪਰਲੀਆਂ ਮੰਜ਼ਿਲਾਂ ਤੱਕ ਪਾਣੀ ਨਹੀਂ ਪਹੁੰਚ ਰਿਹਾ। 55-60 ਸਾਲ ਦੀ ਉਮਰ ਵਾਲੀ ਸਾਡੀ ਪੀੜ੍ਹੀ ਨੇ ਦੇਸ਼ ਵਿਚ ਹਰੀ ਕ੍ਰਾਂਤੀ ਤੋਂ ਲੈ ਕੇ ਵੱਖ-ਵੱਖ ਖੇਤਰਾਂ ਵਿਚ ਹੋਈ ਹਰ ਪ੍ਰਕਾਰ ਦੀ ਤਰੱਕੀ ਵੇਖੀ ਹੈ। ਚਿੱਠੀਆਂ ਖਤ ਵੀ ਲਿਖੇ ਹਨ ਤੇ ਜੀਮੇਲ, ਵੱਟਸਐਪ ਆਦਿ ’ਤੇ ਮੈਸੇਜ ਵੀ ਭੇਜੇ ਹਨ। ਕਿਸਾਨਾਂ ਨੂੰ ਖੇਤਾਂ ਵਿਚ ਡੰਗਰਾਂ ਨਾਲ ਹਲ਼ ਵਾਹੁੰਦੇ ਤੇ ਇਨਸਾਨ ਨੂੰ ਚੰਦ ’ਤੇ ਉੱਤਰਦੇ ਵੇਖਿਆ ਹੈ। ਪਰ ਦਿਲ ਵਿਚ ਦਰਦ ਉਦੋਂ ਉੱਠਦਾ ਹੈ, ਜਦੋਂ ਵੇਖਦੇ ਹਾਂ ਕਿ ਪੰਜਾਬ ਵਿਚ ਤੀਹ-ਚਾਲੀ ਸਾਲ ਪਹਿਲਾਂ ਪਾਣੀ ਦਾ ਪੱਧਰ ਜੋ ਦਸ-ਪੰਦਰਾਂ ਫੁੱਟ ’ਤੇ ਹੁੰਦਾ ਸੀ, ਉਹ ਹੁਣ ਦੋ-ਢਾਈ ਸੌ ਫੁੱਟ ’ਤੇ ਪਹੁੰਚ ਗਿਆ ਹੈ। ਨਦੀਆਂ ਦਾ ਅੰਮ੍ਰਿਤ ਵਰਗਾ ਸ਼ੁੱਧ ਪਾਣੀ ਸ਼ਹਿਰਾਂ ਦੇ ਸੀਵਰੇਜ਼ ਨੇ ਜ਼ਹਿਰੀਲਾ ਕਰ ਦਿੱਤਾ ਹੈ।

ਸ਼ਹਿਰਾਂ ਵਿਚ ਖੁੰਬਾਂ ਵਾਂਗ ਬਣ ਰਹੇ ਬਹੁਮੰਜ਼ਿਲਾ ਫਲੈਟਾਂ ਨੂੰ ਵੇਖ ਕੇ ਕਈ ਵਾਰ ਸੋਚ ਆਉਂਦੀ ਸੀ ਕਿ ਜੇ ਪਾਣੀ ਖਤਮ ਹੋ ਗਿਆ ਤਾਂ ਇਹ ਲੋਕ ਕਿੱਥੇ ਜਾਣਗੇ? ਪਰ ਸੁਰਸਾ ਵਾਂਗ ਮੂੰਹ ਖੋਲ੍ਹੀ ਪੰਜਾਬ ਵੱਲ ਵਧ ਰਹੀ ਪਾਣੀ ਦੀ ਇਸ ਸਮੱਸਿਆ ਦਾ ਸਾਡੀ ਜਨਤਾ ਜਾਂ ਸਰਕਾਰਾਂ ਦੀ ਸਿਹਤ ’ਤੇ ਕੋਈ ਖਾਸ ਅਸਰ ਨਹੀਂ ਹੈ। ਪਾਣੀ ਦੀ ਬਰਬਾਦੀ ਰੋਕਣ ਲਈ ਠੋਕ ਕੇ ਬਿੱਲ ਲੈਣ ਦੀ ਬਜਾਏ, ਸਗੋਂ ਪਾਣੀ ਫਰੀ ਕੀਤਾ ਜਾ ਰਿਹਾ ਹੈ। ਜੇ ਅਸੀਂ ਬੰਗਲੌਰ ਜਾਂ ਦੱਖਣੀ ਅਫਰੀਕਾ ਤੋਂ ਸਿੱਖਿਆ ਨਾ ਲਈ, ਤਾਂ ਅਗਲੇ ਕੁਝ ਹੀ ਸਾਲਾਂ ਵਿਚ ਸਾਡੇ ਹਾਲਾਤ ਵੀ ਉਨ੍ਹਾਂ ਵਰਗੇ ਹੋਣ ਦੀ ਪੂਰੀ ਸੰਭਾਵਨਾ ਹੈ। ਪੰਜਾਬ ਨੂੰ ਮਾਰੂਥਲ ਬਣਨ ਤੋਂ ਬਚਾਉਣ ਲਈ ਸਭ ਨੂੰ ਰਲ-ਮਿਲ ਕੇ ਹੰਭਲਾ ਮਾਰਨਾ ਪੈਣਾ ਹੈ ਕਿਉਂਕਿ ਸੱਪ ਲੰਘਣ ਤੋਂ ਬਾਅਦ ਲਕੀਰ ਕੁੱਟਣ ਦਾ ਕੋਈ ਫਾਇਦਾ ਨਹੀਂ ਹੁੰਦਾ।

# ਆਨਲਾਈਨ ਸਕੈਮਸ ਤੋਂ ਬਚਣ ਲਈ ਹੋਵੋ ਜਾਗਰੂਕ

**“ਵਿਸ਼ਵ ਭਰ ’ਚ ਮੁੱਖ ਪਲੇਟਫਾਰਮ ਫੇਸਬੁੱਕ ਮਾਰਕੀਟ ਪਲੇਸ, ਇੰਸਟਾਗ੍ਰਾਮ, ਸਨੈਪਚਾਟ, ਐਮਾਜਾਨ ਵਰਗੀਆਂ ਸੋਸ਼ਲ ਸਾਈਟਸ ’ਤੇ ਆਨਲਾਈਨ ਠੱਗ (ਸਕੈਮਰਸ) ਦੁਆਰਾ ਸਸਤਾ-ਲਗਜ਼ਰੀ ਸਮਾਨ ਲਿਸਟਿੰਗ ਕਰਕੇ ਆਮ ਲੋਕਾਂ ਨੂੰ ਬੇਵਕੂਫ ਬਣਾ ਕੇ ਹਰ ਸਾਲ ਕਈ ਬਿਲੀਅਨ ਦੀ ਠੱਗੀ ਦਾ ਅੰਕੜਾ ਪਾਰ ਹੋ ਚੁੱਕੇ ਹਨ। ਇਸ ਦਾ ਮੁੱਖ ਕਾਰਨ ਲੋਕ ਜਾਗਰੂਕ ਘੱਟ ਹਨ। ਆਨਲਾਈਨ ਸਕੈਮਸ ਤੋਂ ਬਚਣ ਲਈ ਆਪਣੇ-ਆਪ ਨੂੰ ਸਿਰੇ ਦਾ ਜਾਗਰੂਕ ਕਰਨ ਦੀ ਲੋੜ ਹੈ -ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਅੱਜ ਵਿਸ਼ਵ ਭਰ ’ਚ ਸੋਸ਼ਲ ਮੀਡੀਆ ਦਾ ਹੀ ਬੋਲਬਾਲਾ ਹੈ। ਇੱਕ ਸਰਵੇ ਦੇ ਮੁਤਾਬਿਕ ਹਰ ਸਾਲ ਕਈ ਬਿਲੀਅਨ ਦੀ ਆਨਲਾਈਨ ਠੱਗੀ (ਸਕੈਮਸ) ਸਾਹਮਣੇ ਆ ਰਹੀ ਹੈ। ਇਸ ਪਲੇਟਫਾਰਮ ’ਤੇ ਹਰ ਦੂਜਾ ਆਦਮੀ ਕਿਸੇ ਨਾ ਕਿਸੇ ਸਕੈਮ ਦਾ ਸ਼ਿਕਾਰ ਹੋ ਕੇ ਆਪਣਾ ਸਭ ਕੁੱਝ ਗਵਾ ਰਿਹਾ ਹੈ। ਬ੍ਰੇਮਲੀ ਇਲਾਕੇ ਦੇ ਨੇੜੇ ਲਿਜ਼ਾ ਰੋਡ ‘ਅਪਾਰਟਮੈਂਟ ਦੀ ਐਂਟਰੈਂਸ ’ਤੇ ਕੱਲ੍ਹ ਸ਼ਾਮ 9 ਵਜੇ ਦੀ ਗੱਲ ਹੈ, ਫੇਸਬੁੱਕ ਮਾਰਕੀਟ ਪਲੇਸ ’ਤੇ ਟੈਕਸਟ ਮੈਸੇਜਿੰਗ ਤੋਂ ਬਾਅਦ ਬ੍ਰੈਂਡ ਨਿਊ ਐਪਲ-ਵੱਾਚ ਡਿਲੀਵਰੀ ਦੇਣ ਗਈ ਲੜਕੀ ਤੋਂ ਜਿਸ ਖਰੀਦਨ ਵਾਲੇ ਨਾਲ ਡੀਲ ਹੋਈ ਸੀ, ਉਹ ਐਪਲ-ਵਾਚ ਦੇਖਣ ਦੇ ਬਹਾਨੇ ਸਿਰਫ 30 ਸੈਕੰਡ ’ਚ ਖੋਹ ਕੇ ਭੱਜ ਗਿਆ। ਪਤਾ ਲੱਗਾ ਕਿ ਉਸ ਨੌਜਵਾਨ ਨੇ ਫੇਸਬੁੱਕ ਮਾਰਕੀਟ ਪਲੇਸ ਫੇਕ ਅਕਾਊਂਟ ਬਣਾ ਲੜਕੀ ਨਾਲ 675 ਡਾਲਰ ਦੀ ਠੱਗੀ ਮਾਰੀ ਹੈ। ਪਤਾ ਨਹੀਂ ਅਜਿਹੇ ਆਨਲਾਈਨ ਠੱਗ ਰੋਜ਼ਾਨਾ ਕਿੰਨੇ ਲੋਕਾਂ ਨੂੰ ਟਾਰਗੈਟ ਕਰਦੇ ਹੋਣਗੇ।

ਲੱਗਦਾ ਹੈ ਸੋਸ਼ਲ ਮੀਡੀਆ ’ਤੇ ਜ਼ਿਆਦਾਤਰ ਆਨਲਾਈਨ ਚੋਰ-ਠੱਗਾਂ ਦਾ ਹੀ ਕਬਜਾ ਹੋ ਗਿਆ ਹੈ। ਕੋਈ ਪਤਾ ਨਹੀਂ ਕਦੋਂ ਕਿਸਨੂੰ ਇਹ ਠੱਗ ਟਾਰਗੈਟ ਕਰ ਲੈਣ। ਇਸ ਲਈ ਜ਼ਰੂਰੀ ਹੋ ਗਿਆ ਹੈ, ਆਨਲਾਈਨ ਸਕੈਮਸ ਤੋਂ ਬਚਣ ਲਈ ਹਰ ਆਦਮੀ ਖੁਦ ਅਵੇਅਰ ਹੋ ਕੇ ਅੱਗੇ ਲੋਕਾਂ ਨੂੰ ਜਾਗਰੂਕ ਕਰੇ।




## ਫਟਾਫਟ ਐਕਸ਼ਨ ਲਵੋ:

- ਜੇਕਰ ਤੁਸੀਂ ਕਿਸੇ ਔਨਲਾਈਨ ਸਾਈਬਰ ਸਕੈਮ ਦੇ ਸ਼ਿਕਾਰ ਹੋ ਗਏ ਹੋ, ਤਾਂ ਤੁਹਾਡਾ ਬੈਂਕ ਖਾਤਾ, ਈਮੇਲ ਅਤੇ ਹੋਰ ਆਨਲਾਈਨ ਖਾਤੇ ਵੀ ਖਤਰੇ ’ਚ ਆ ਜਾਂਦੇ ਹਨ। ਪਾਸਵਰਡ, ਕ੍ਰੈਡਿਟ ਕਾਰਡ, ਬਾਕੀ ਖਾਤਿਆਂ ਸਬੰਧੀ ਕਾਰਵਾਈ ਤੁਰੰਤ ਕਰੋ।
- ਹਮੇਸ਼ਾ ਜਾਗਰੂਕ ਹੋ ਕੇ ਫੇਸਬੁੱਕ ਮਾਰਕੀਟ ਪਲੇਸ ਸਕੈਮਸ (ਘੁਟਾਲਿਆਂ) ਤੋਂ ਹਮੇਸ਼ਾ ਸਾਵਧਾਨ ਰਹੋ।
- ਫਿਸ਼ਿੰਗ ਈਮੇਲਾਂ, ਟੈਕਸਟ, ਕਾਲਾਂ ਅਤੇ ਵੈੱਬਸਾਈਟਾਂ ਵੀ ਕਾਰਨ ਬਣ ਜਾਂਦੀਆਂ ਹਨ। ਫਿਸ਼ਿੰਗ ਇੱਕ ਕਿਸਮ ਦਾ ਸਾਈਬਰ ਅਟੈਕ ਹੈ, ਜਿੱਥੇ ਸਕੈਮ ਕਰਨ ਵਾਲੇ ਅਣਚਾਹੇ ਈਮੇਲਾਂ, ਟੈਕਸਟ ਜਾਂ ਸੋਸ਼ਲ ਮੀਡੀਆ ਟੈਕਸਟ ਭੇਜਦੇ ਹਨ, ਜੋ ਦਾਅਵਾ ਕਰਦੇ ਹਨ ਕਿ ਤੁਸੀਂ ਕਿਸੇ ਭਰੋਸਾ ਕਰਦੇ ਹੋ?
- ਸਕੈਮ ਯਾਨਿ ਘੁਟਾਲਾ ਕਰਨ ਵਾਲੇ ਤੁਹਾਡੇ ਬੈਂਕ ਦੀ ਨਕਲ ਵੀ ਕਰ ਸਕਦਾ ਹੈ ਅਤੇ ਤੁਹਾਨੂੰ ਹਾਲ ਹੀ ਦੀ ਜਾਲੀ ਸੂਚਨਾ ਵੀ ਭੇਜ ਸਕਦੇ ਹਨ।
- ਤੁਹਾਡੇ ਵੱਲੋਂ ਭੇਜੀ ਗਈ ਕੋਈ ਵੀ ਜਾਣਕਾਰੀ- ਜਿਵੇਂ ਕਿ ਖਾਤੇ ਦੇ ਪਾਸਵਰਡ, ਜਾਂ ਕ੍ਰੈਡਿਟ ਕਾਰਡ ਨੰਬਰ ਸਿੱਧੇ ਤੌਰ ‘ਤੇ ਸਕੈਮ ਕਰਨ ਵਾਲੇ ਕੋਲ ਜਾਵੇਗੀ ਅਤੇ ਤੁਹਾਡੀ ਪਛਾਣ ਚੋਰੀ ਕਰਨ ਲਈ ਵਰਤੀ ਜਾ ਸਕਦੀ ਹੈ। ਅਣਪਛਾਤੇ ਲਿੰਕ ’ਤੇ ਕਦੇ ਵੀ ਕਲਿੱਕ ਨਾ ਕਰੋ।
- ਔਨਲਾਈਨ ਸ਼ਾਪਿੰਗ ਕੁਦਰਤੀ ਤੌਰ ’ਤੇ ਖਤਰਨਾਕ ਨਹੀਂ ਹੈ। ਪਰ ਐਮਾਜ਼ਾਨ, ਫੇਸਬੁੱਕ ਮਾਰਕੀਟ ਪਲੇਸ, ਇੰਸਟਾਗ੍ਰਾਮ, ਸਨੈਪਚੈਟ ਵਰਗੀਆਂ ਸੋਸ਼ਲ ਮੀਡੀਆ ਵਰਗੀਆਂ ਸਾਈਟਾਂ ’ਤੇ ਸਸਤਾ ਲਗਜ਼ਰੀ ਸਮਾਨ ਦਿਖਾ ਕੇ ਅਤੇ ਪਤਾ ਲਗਾਉਣ ਤੋਂ ਬਚਣ ਲਈ ਹੈਕ ਕੀਤੇ ਖਾਤਿਆਂ ਵੀ ਵਰਤੋਂ ਵੀ ਕਰ ਸਕਦੇ ਹਨ।
- ਪਰ ਭਾਵੇਂ ਤੁਸੀਂ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਕਰਦੇ ਹੋ ਅਤੇ ਤੁਹਾਡੇ ਖਾਤੇ ਤੋਂ ਭੁਗਤਾਨ ਵਾਪਸ ਲੈ ਲਿਆ ਜਾਂਦਾ ਹੈ, ਕੋਈ ਡਿਲੀਵਰੀ ਨਹੀਂ ਦਿਖਾਈ ਦਿੰਦੀ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਇਹ ਉਹ ਨਹੀਂ ਹੈ, ਜੋ ਤੁਸੀਂ ਸੋਚਿਆ ਸੀ ਕਿ ਤੁਸੀਂ ਭੁਗਤਾਨ ਕਰ ਰਹੇ ਹੋ।
- ਜੇਕਰ ਤੁਸੀਂ ਗਲਤੀ ਨਾਲ ਸਕੈਮਰਾਂ ਨੂੰ ਆਪਣਾ ਪਰਸਨਲ ਡੇਟਾ ਦਿੰਦੇ ਹੋ, ਤਾਂ ਉਹ ਤੁਹਾਡੇ ਨਾਂ ’ਤੇ ਕਰਜ਼ਾ ਵੀ ਲੈ ਸਕਦੇ ਹਨ ਜਾਂ ਤੁਹਾਡਾ ਬੈਂਕ ਖਾਤਾ ਖਾਲੀ ਵੀ ਕਰ ਸਕਦੇ ਹਨ।
- ਅਸੁਰੱਖਿਅਤ ਸਾਈਟਾਂ ’ਤੇ ਕਦੇ ਨਾ ਜਾਓ। ਜੇਕਰ ਤੁਸੀਂ ਫੇਸਬੁੱਕ ਮਾਰਕੀਟ ਪਲੇਸ ਜਾਂ ਕਿਸੇ ਸੋਸ਼ਲ ਮੀਡੀਆ ’ਤੇ ਸੌਦਾ ਕਰਨਾ ਚਾਹੁੰਦੇ ਹੋ ਹਰ ਪੱਖੋਂ ਜਾਂਚ ਦੁਆਰਾ ਸੁਚੇਤ ਹੋਵੋ। ਜ਼ਿੰਮੇਵਾਰ ਏਜੰਸੀਆਂ ਨੂੰ ਸ਼ਾਮਲ ਕਰੋ। ਕੁੱਝ ਦੇਸ਼ਾਂ ’ਚ ਸੌਦਾ ਕਰਨ ਤੋਂ ਪਹਿਲਾਂ ਸਰਕਾਰੀ ਤੌਰ ’ਤੇ ਪੁਲਿਸ ਦੀ ਹੈਲਪ ਵੀ ਲੈ ਸਕਦੇ ਹੋ।
- ਕਦੇ ਵੀ ਭੁਗਤਾਨ ਕੈਸ਼ ਨਾ ਕਰੋ ਹਮੇਸ਼ਾ ਕ੍ਰੈਡਿਟ ਕਾਰਡ ਦੁਆਰਾ ਹੀ ਕਰਨਾ ਸੇਫ ਹੈ।

**ਨੋਟ** : ਹਮੇਸ਼ਾ ਡੀਲ ਹਰ ਪੱਖੋਂ ਜਾਂਚ-ਪੜਤਾਲ ਅਤੇ ਕਿਸੇ ਸੇਫ ਇਨਡੋਰ ਪਬਲਿਕ ਪਲੇਸ ’ਤੇ ਹੀ ਕਰਨੀ ਚਾਹੀਦੀ ਹੈ। ਬਾਹਰ ਪ੍ਰਾਈਵੇਟ ਸੁਨਸਾਨ ਦਿਸਣ ਵਾਲੀ ਥਾਂ ’ਤੇ ਮਿਲਣਾ ਭਾਰੀ ਮੁਸੀਬਤ ਨੂੰ ਬੁਲਾਵਾ ਦੇਣ ਵਾਲੀ ਗੱਲ ਹੋ ਸਕਦੀ ਹੈ। ਅਜਿਹੇ ਲੋਕ ਹਥਿਆਰ ਚਾਕੂ ਜਾਂ ਗੋਲੀ ਮਾਰ ਕੇ ਬੁਰੀ ਤਰ੍ਹਾਂ ਜ਼ਖਮੀ ਵੀ ਕਰ ਸਕਦੇ ਹਨ।

# ਕੇਜਰੀਵਾਲ ਦੀ ਗ੍ਰਿਫ਼ਤਾਰੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਜਾਂ ਬਦਲਾਖ਼ੋਰੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਪਿਛਲੇ 10 ਸਾਲਾਂ ਤੋਂ ਸਾਰੀਆਂ ਸਿਆਸੀ ਪਾਰਟੀਆਂ ਆਪਣੇ ਵਿਰੋਧੀਆਂ ਨੂੰ ਨੀਵਾਂ ਵਿਖਾਉਣ ਲਈ ਕੇਸ ਦਰਜ ਕਰਦੀਆਂ ਰਹਿੰਦੀਆਂ ਹਨ। ਇਸੇ ਸੰਦਰਭ ਵਿਚ ਆਮ ਆਦਮੀ ਪਾਰਟੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਬਦਲਾਖ਼ੋਰੀ ਅਤੇ ਕੇਂਦਰ ਸਰਕਾਰ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਕਹਿ ਰਹੀ ਹੈ। ਇਸ ਦਾ ਫ਼ੈਸਲਾ ਕੋਰਟ ਕਰੇਗੀ, ਪ੍ਰੰਤੂ ਸਾਡਾ ਜੂਡੀਸ਼ੀਅਲ ਸਿਸਟਮ ਜਲਦੀ ਫ਼ੈਸਲੇ ਨਹੀਂ ਕਰਦਾ, ਜਿਸ ਕਰਕੇ ਪੀੜਤ ਦਾ ਨੁਕਸਾਨ ਹੋ ਜਾਂਦਾ ਹੈ। 10-15 ਸਾਲ ਬਾਅਦ ਬਰੀ ਹੋਣ ਦਾ ਕੋਈ ਲਾਭ ਨਹੀਂ ਹੁੰਦਾ। ਮਨੀ ਲਾਂਡਰਿੰਗ ਦੀ ਧਾਰਾ 19 ਵਿਚ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਨਾਲ ਆਮ ਆਦਮੀ ਪਾਰਟੀ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਇਸ ਤੋਂ ਪਹਿਲਾਂ ਇਸ ਸ਼ਰਾਬ ਘੁਟਾਲੇ ਵਿਚ ਗ੍ਰਿਫ਼ਤਾਰ ਹੋਏ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਨੂੰ ਸੁਪਰੀਮ ਕੋਰਟ ਨੇ ਵੀ ਜ਼ਮਾਨਤ ਨਹੀਂ ਦਿੱਤੀ। ਮਨੀਸ਼ ਸਿਸੋਦੀਆ ਨੂੰ ਤਾਂ ਗ੍ਰਿਫ਼ਤਾਰ ਹੋਏ ਨੂੰ ਇਕ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਇਸ ਤੋਂ ਲੱਗਦਾ ਹੈ ਕਿ ਇਹ ਕੇਸ ਮਜ਼ਬੂਤ ਹੈ, ਜਿਸ ਕਰਕੇ ਜ਼ਮਾਨਤ ਨਹੀਂ ਮਿਲ ਰਹੀ। ਇਹ ਵੀ ਸਾਫ਼ ਹੋ ਗਿਆ ਹੈ ਕਿ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਦੀ ਤਰ੍ਹਾਂ ਅਰਵਿੰਦ ਕੇਜਰੀਵਾਲ ਨੂੰ ਵੀ ਜਲਦੀ ਕੀਤਿਆਂ ਜ਼ਮਾਨਤ ਨਹੀਂ ਮਿਲੇਗੀ। ਕਿਉਂਕਿ ਇੱਕ ਵਰਤਮਾਨ ਮੁੱਖ ਮੰਤਰੀ ਨੂੰ ਈ.ਡੀ. ਨੇ ਪੱਕੇ ਪੈਰੀਂ ਹੱਥ ਪਾਇਆ ਹੋਵੇਗਾ। ਕੇਜਰੀਵਾਲ ਤੋਂ ਪਹਿਲਾਂ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੁਰੇਨ ਨੂੰ ਈ.ਡੀ. ਨੇ ਗ੍ਰਿਫ਼ਤਾਰ ਕੀਤਾ ਸੀ, ਉਸ ਨੂੰ ਵੀ ਅਸਤੀਫ਼ਾ ਦੇਣਾ ਪਿਆ ਸੀ ਪ੍ਰੰਤੂ ਕੇਜਰੀਵਾਲ ਨੇ ਅਸਤੀਫ਼ਾ ਨਹੀਂ ਦਿੱਤਾ। ਆਮ ਆਦਮੀ ਨਵੀਂ ਪਾਰਟੀ ਹੈ, ਸਿਰਫ਼ ਪੰਜਾਬ ਅਤੇ ਦਿੱਲੀ ਤੱਕ ਹੀ ਸੀਮਤ ਹੈ। ਆਮ ਆਦਮੀ ਪਾਰਟੀ ਵਿਚਲੇ ਨੇਤਾ ਡੱਡੂਆਂ ਦੀ ਪੰਸੇਰੀ ਦੀ ਤਰ੍ਹਾਂ ਹਨ, ਜਿਹੜੇ ਵੱਖ-ਵੱਖ ਪਾਰਟੀਆਂ ਵਿਚੋਂ ਨਿਕਲ ਕੇ ਆਏ ਹਨ। ਉਹ ਵਾਪਸ ਆਪੋ-ਆਪਣੀਆਂ ਪਾਰਟੀਆਂ ਵਿਚ ਜਾ ਸਕਦੇ ਹਨ। ਸਿਆਸੀ ਮਾਹਿਰਾਂ ਅਨੁਸਾਰ ਇਹ ਪਾਰਟੀ ਜਲਦੀ ਹੀ ਖੱਖੜੀਆਂ-ਖੱਖੜੀਆਂ ਹੋ ਜਾਵੇਗੀ। ਲੋਕ ਸਭਾ ਦੀ ਚੋਣ ਸਿਰ ’ਤੇ ਖੜ੍ਹੀ ਹੈ। ਉਮੀਦਵਾਰਾਂ ਦੀ ਚੋਣ ਕਰਨੀ ਹੈ, ਫਿਰ ਉਨ੍ਹਾਂ ਦੇ ਪ੍ਰਚਾਰ ਕਰਨ ਵਾਲਾ ਕੌਮੀ ਪੱਧਰ ਦਾ ਭਗਵੰਤ ਸਿੰਘ ਮਾਨ ਤੋਂ ਸਿਵਾਏ ਹੋਰ ਕੋਈ ਨੇਤਾ ਮੌਜੂਦ ਨਹੀਂ ਹੈ। ਅਖੌਤੀ ਇਮਾਨਦਾਰੀ ਦੀਆਂ ਨੀਂਹਾਂ ’ਤੇ ਖੜ੍ਹੀ ਕੀਤੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਸ਼ਰਾਬ ਘੁਟਾਲੇ ਵਿਚ ਗ੍ਰਿਫ਼ਤਾਰ ਹੋਣਾ, ਉਸ ਦੇ ਕਿਰਦਾਰ ’ਤੇ ਧੱਬਾ ਹੈ। ਹੈਰਾਨੀ ਵਾਲੀ ਗੱਲ ਹੈ ਕਿ ਆਪਣੇ ਆਪ ਨੂੰ ਇਮਾਨਦਾਰੀ ਦਾ ਬਾਦਸ਼ਾਹ ਸਮਝਣ ਵਾਲਾ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਕਿਉਂ ਗ੍ਰਿਫ਼ਤਾਰ ਹੋਇਆ ਹੈ? ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਆਪਣੇ ਆਪ ਨੂੰ ਜਨਮਦਾਤਾ ਕਹਾਉਣ ਵਾਲਾ ਨੇਤਾ ਭ੍ਰਿਸ਼ਟਾਚਾਰ ਦੇ ਇਲਜ਼ਾਮ ਨਾਲ ਹੀ ਗ੍ਰਿਫ਼ਤਾਰ ਹੋ ਗਿਆ ਹੈ। ਵੈਸੇ ਤਾਂ ਹਰ ਸਿਆਸਤਦਾਨ ਆਪਣੇ ਆਪ ਨੂੰ ਸਭ ਤੋਂ ਇਮਾਨਦਾਰ ਕਹਿੰਦਾ ਹੈ, ਇਮਾਨਦਾਰ ਹੋਣਾ ਵੀ ਚਾਹੀਦਾ। ਆਪਣੇ ਆਪ ਨੂੰ ਇਮਾਨਦਾਰ ਕਹਿਣਾ ਚੰਗੀ ਗੱਲ ਹੈ ਪ੍ਰੰਤੂ ਆਪਣੇ ਤੋਂ ਬਿਨਾ ਸਾਰਿਆਂ ਨੂੰ ਭ੍ਰਿਸ਼ਟ ਕਹਿਣਾ ਚੰਗੀ ਸੋਚ ਨਹੀਂ। ਸਿਆਸਤਦਾਨ ਕਹਿਣ ਨਾਲ ਇਮਾਨਦਾਰ ਨਹੀਂ ਬਣ ਜਾਂਦਾ, ਪ੍ਰੰਤੂ ਉਸ ਦੇ ਫ਼ੈਸਲਿਆਂ ਤੇ ਵਿਵਹਾਰ ਤੋਂ ਇਮਾਨਦਾਰੀ ਪ੍ਰਤੱਖ ਵਿਖਾਈ ਵੀ ਦੇਣੀ ਚਾਹੀਦੀ ਹੈ। ਜੇ ਲੋਕਾਈ ਇਮਾਨਦਾਰ ਕਹੇ ਤਾਂ ਗੱਲ ਬਣਦੀ ਹੈ। ਜਦੋਂ ਸਿਆਸਤਦਾਨ ਆਪਣੀ ਮਰਜ਼ੀ ਅਨੁਸਾਰ ਕਾਨੂੰਨਾਂ ਦੀ ਵਿਆਖਿਆ ਕਰਨ ਲੱਗਦੇ ਹਨ, ਤਾਂ ਉਨ੍ਹਾਂ ਦੀ ਇਮਾਨਦਾਰੀ ਸ਼ੱਕ ਦੇ ਘੇਰੇ ਵਿਚ ਆ ਜਾਂਦੀ ਹੈ ਅਤੇ ਇਕ ਨਾ ਇਕ ਦਿਨ ਇਮਾਨਦਾਰੀ ਪਰਦਾਫਾਸ਼ ਹੋ ਜਾਂਦਾ ਹੈ। ਜਿਸ ਸ਼ਰਾਬ ਦੀ ਨੀਤੀ ਕਰਕੇ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਇਸ ਨੂੰ ਅਰਵਿੰਦ ਕੇਜਰੀਵਾਲ ਦਾ ਬਰੇਨ ਚਾਈਲਡ ਕਿਹਾ ਜਾਂਦਾ ਹੈ। ਇਹ ਪਾਲਿਸੀ ਬਣਾਉਣ ਲਈ ਅਰਵਿੰਦ ਕੇਜਰੀਵਾਲ ਦੇ ਘਰ ਮੀਟਿੰਗਾਂ ਹੁੰਦੀਆਂ ਰਹੀਆਂ। ਅਰਵਿੰਦ ਕੇਜਰੀਵਾਲ ਦੀ ਅੱਖ ਦਾ ਤਾਰਾ ਮਨੀਸ਼ ਸਿਸੋਦੀਆ ਉਪ ਮੁੱਖ ਮੰਤਰੀ ਦਿੱਲੀ ਆਬਕਾਰੀ ਤੇ ਕਰ ਵਿਭਾਗ ਦੇ ਮੰਤਰੀ ਸਨ। 17 ਨਵੰਬਰ, 2021 ਨੂੰ ਅਰਵਿੰਦ ਕੇਜਰੀਵਾਲ ਦੀ ਦਿੱਲੀ ਸਰਕਾਰ ਨੇ 2021-22 ਦੀ ਨਵੀਂ ਆਬਕਾਰੀ ਨੀਤੀ ਲਿਆਂਦੀ ਸੀ। ਰਾਜਪਾਲ ਕੋਲ ਇਸ ਨੀਤੀ ਰਾਹੀਂ ਹੋਏ ਘਪਲੇ ਦੀ ਰਿਪੋਰਟ ਮੁੱਖ ਸਕੱਤਰ ਨੇ ਭੇਜੀ ਸੀ, ਤਾਂ 20 ਜੁਲਾਈ, 2022 ਨੂੰ ਦਿੱਲੀ ਦੇ ਲੈਫ. ਗਵਰਨਰ ਕੇ.ਕੇ. ਸਕਸੈਨਾ ਨੇ ਇਸ ਨੀਤੀ ਦੀ ਪੜਤਾਲ ਕਰਨ ਲਈ ਸੀ.ਬੀ.ਆਈ. ਨੂੰ ਹੁਕਮ ਕਰ ਦਿੱਤੇ। 17 ਅਗਸਤ, 2022 ਨੂੰ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ 10 ਵਿਅਕਤੀਆਂ ਵਿਰੁੱਧ ਸੀ.ਬੀ.ਆਈ. ਨੇ ਕੇਸ ਰਜਿਸਟਰ ਕੀਤਾ ਸੀ। ਦਿੱਲੀ ਸਰਕਾਰ ਨੇ ਘਬਰਾਹਟ ਵਿਚ ਆ ਕੇ 31 ਅਗਸਤ, 2022 ਨੂੰ 9 ਮਹੀਨੇ ਬਾਅਦ ਨਵੀਂ ਨੀਤੀ ਰੱਦ ਕਰਕੇ ਪੁਰਾਣੀ ਨੀਤੀ ਲਾਗੂ ਕਰ ਦਿੱਤੀ ਸੀ। ਜੇ ਨਵੀਂ ਨੀਤੀ ਠੀਕ ਸੀ, ਫਿਰ ਉਸ ਨੂੰ ਰੱਦ ਕਿਉਂ ਕੀਤਾ? ਏਥੇ ਹੀ ਸ਼ੱਕ ਪੈਦਾ ਹੋ ਜਾਂਦੀ ਹੈ। 25 ਨਵੰਬਰ, 2022 ਨੂੰ ਸੀ.ਬੀ.ਆਈ. ਨੇ ਪੜਤਾਲ ਕਰਨ ਤੋਂ ਬਾਅਦ ਕੋਰਟ ਵਿਚ ਚਾਰਜਸ਼ੀਟ ਦਰਜ ਕਰ ਦਿੱਤੀ। 26 ਫ਼ਰਵਰੀ, 2023 ਨੂੰ ਸੀ.ਬੀ.ਆਈ. ਨੇ ਮਨੀਸ਼ ਸਿਸੋਦੀਆ ਗ੍ਰਿਫ਼ਤਾਰ ਕਰ ਲਿਆ ਗਿਆ। 28 ਫ਼ਰਵਰੀ ਨੂੰ ਮਨੀਸ਼ ਸਿਸੋਦੀਆ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। 9 ਮਾਰਚ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀਸ਼ ਸਿਸੋਦੀਆ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਕੇਸ ਵਿਚ 100 ਕਰੋੜ ਰੁਪਏ ਦੀ ਰਿਸ਼ਵਤ ਲੈਣ ਦਾ ਦੋਸ਼ ਹੈ। ਸ਼ਰਾਬ ਦੇ ਕਾਰੋਬਾਰੀ ਸਾਊਥ ਗਰੁੱਪ ਨੂੰ ਇਸ ਨੀਤੀ ਅਧੀਨ ਸ਼ਰਾਬ ਦੇ ਠੇਕੇ ਦੇਣ ਲਈ ਰਿਸ਼ਵਤ ਦੇਣ ਦਾ ਇਲਜ਼ਾਮ ਹੈ। ਹੁਣ ਤੱਕ ਇਸ ਕੇਸ ਵਿਚ 32 ਵਿਅਕਤੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿਚ 7 ਵਿਓਪਾਰੀ, ਅਰਵਿੰਦ ਕੇਜਰੀਵਾਲ ਤੋਂ ਇਲਾਵਾ ਤਿੰਨ ਪ੍ਰਮੁੱਖ ਵਿਅਕਤੀ ਸਿਆਸਤਦਾਨ ਮਨੀਸ਼ ਸਿਸੋਦੀਆ, ਸੰਜੇ ਸਿੰਘ ਮੈਂਬਰ ਰਾਜ ਸਭਾ ਅਤੇ ਤੇਲੰਗਨਾ ਦੇ ਸਾਬਕਾ ਮੁੱਖ ਮੰਤਰੀ ਕੇ. ਚੰਦਰਾਸ਼ੇਖ਼ਰ ਦੀ ਲੜਕੀ ਕੇ. ਕਵਿਥਾ।



ਈ.ਡੀ. ਨੇ ਅਰਵਿੰਦ ਕੇਜਰੀਵਾਲ ਨੂੰ 9 ਵਾਰ ਸੰਮਨ ਭੇਜ ਕੇ ਪੜਤਾਲ ਵਿਚ ਸ਼ਾਮਲ ਹੋਣ ਲਈ ਕਿਹਾ। ਪ੍ਰੰਤੂ ਅਰਵਿੰਦ ਕੇਜਰੀਵਾਲ ਹਰ ਵਾਰ ਸੰਮਨਾਂ ਨੂੰ ਗ਼ੈਰ ਕਾਨੂੰਨੀ ਕਹਿੰਦਾ ਰਿਹਾ। ਇੱਕ ਮੁੱਖ ਮੰਤਰੀ ਵਰਗੇ ਜ਼ਿੰਮੇਵਾਰ ਅਹੁਦੇ ’ਤੇ ਬੈਠੇ ਵਿਅਕਤੀ ਨੂੰ ਤਾਂ ਕਾਨੂੰਨ ਦਾ ਪਾਬੰਦ ਹੋਣਾ ਬਣਦਾ ਹੈ। ਉਸ ਨੂੰ ਈ.ਡੀ. ਦੇ ਬੁਲਾਉਣ ’ਤੇ ਪੜਤਾਲ ਵਿਚ ਸ਼ਾਮਲ ਹੋਣਾ ਚਾਹੀਦਾ ਸੀ। ਜੇਕਰ ਉਹ ਸੱਚੇ-ਸੁੱਚੇ ਸਨ/ਹਨ, ਤਾਂ ਪੜਤਾਲ ਵਿਚ ਸ਼ਾਮਲ ਹੋਣ ਤੋਂ ਆਨਾਕਾਨੀ ਕਰਨਾ ਉਨ੍ਹਾਂ ਨੂੰ ਸ਼ੋਭਦਾ ਨਹੀਂ ਸੀ। ਅਖ਼ੀਰ ਉਹ ਹਾਈ ਕੋਰਟ ਵਿਚ ਚਲਾ ਗਿਆ। ਹਾਈਕੋਰਟ ਤੋਂ ਰਾਹਤ ਨਾ ਮਿਲਣ ਤੋਂ ਬਾਅਦ ਈ.ਡੀ. ਨੇ ਮੁੱਖ ਮੰਤਰੀ ਦੀ ਰਿਹਾਇਸ਼ ’ਤੇ ਪਹੁੰਚਕੇ ਦੋ ਘੰਟੇ ਪੁੱਛ-ਪੜਤਾਲ ਕੀਤੀ। ਅਰਵਿੰਦ ਕੇਜਰੀਵਾਲ ਆਪਣੇ ਜਵਾਬਾਂ ਵਿਚ ਈ.ਡੀ. ਅਧਿਕਾਰੀਆਂ ਨੂੰ ਸੰਤੁਸ਼ਟ ਨਹੀਂ ਕਰ ਸਕੇ, ਜਿਸ ਕਰਕੇ ਗ੍ਰਿਫ਼ਤਾਰੀ ਹੋਈ। ਅਰਵਿੰਦ ਕੇਜਰੀਵਾਲ ਦੀ ਇਮਾਨਦਾਰੀ ਤਾਂ ਸ਼ੱਕ ਦੇ ਘੇਰੇ ਵਿਚ ਆ ਗਈ ਹੈ। ਅਰਵਿੰਦ ਕੇਜਰੀਵਾਲ ਦੇ ਗ੍ਰਿਫ਼ਤਾਰ ਹੋਣ ਨਾਲ ਆਮ ਆਦਮੀ ਪਾਰਟੀ ਵਿਚ ਹੜਕੰਪ ਮੱਚ ਗਿਆ ਹੈ। ਆਮ ਆਦਮੀ ਪਾਰਟੀ ਲਈ ਅਗਲਾ ਰਸਤਾ ਸੌਖਾ ਨਹੀਂ ਹੈ ਕਿਉਂਕਿ ਅਜੇ ਤੱਕ ਉਸਨੇ ਆਪਣੀ ਪਾਰਟੀ ਦੇ ਕਿਸੇ ਵੀ ਨੇਤਾ ਨੂੰ ਸਿਆਸੀ ਤੌਰ ’ਤੇ ਉਭਰਨ ਹੀ ਨਹੀਂ ਦਿੱਤਾ। ਪਾਰਟੀ ਵਿਚ ਕੇਜਰੀਵਾਲ ਦੀ ਗ਼ੈਰਹਾਜ਼ਰੀ ਵਿਚ ਪਾਰਟੀ ਦੀ ਵਾਗਡੋਰ ਕੌਣ ਸੰਭਾਲੇਗਾ, ਇਹ ਸਵਾਲੀਆ ਚਿੰਨ੍ਹ ਲੱਗਾ ਹੋਇਆ ਹੈ?

ਕੀ ਪੰਜਾਬ ਦੀ ਸਿਆਸਤ ’ਤੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਕੋਈ ਪ੍ਰਭਾਵ ਪੈ ਸਕਦਾ ਹੈ? ਸਿਆਸੀ ਹਲਕਿਆਂ ਵਿਚ ਇਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਦਿੱਲੀ ਦੀ ਆਬਕਾਰੀ ਪਾਲਿਸੀ ਪੰਜਾਬ ਵਿਚ ਵੀ ਲਾਗੂ ਕੀਤੀ ਹੋਈ ਹੈ। ਇਥੋਂ ਤੱਕ ਕਿ ਪੰਜਾਬ ਦੇ ਅਧਿਕਾਰੀਆਂ ਨੂੰ ਦਿੱਲੀ ਬੁਲਾ ਕੇ ਪੰਜਾਬ ਦੀ ਪਾਲਿਸੀ ਸੰਬੰਧੀ ਹਦਾਇਤਾਂ ਦਿੱਤੀਆਂ ਗਈਆਂ ਸਨ। ਇਸ ਲਈ ਪੰਜਾਬ ਦੇ ਤਿੰਨ ਆਈ.ਏ.ਐੱਸ. ਅਧਿਕਾਰੀਆਂ ਤੋਂ ਪੁੱਛ-ਪੜਤਾਲ ਵੀ ਕੀਤੀ ਗਈ ਸੀ। ਸੀ.ਬੀ.ਆਈ. ਨੇ ਇਨ੍ਹਾਂ ਅਧਿਕਾਰੀਆਂ ’ਤੇ ਕੇਸ ਚਲਾਉਣ ਦੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਸੀ ਪ੍ਰੰਤੂ ਪੰਜਾਬ ਸਰਕਾਰ ਨੇ ਅਜੇ ਤੱਕ ਇਜ਼ਾਜ਼ਤ ਨਹੀਂ ਦਿੱਤੀ। ਉਨ੍ਹਾਂ ਅਧਿਕਾਰੀਆਂ ’ਤੇ ਅਜੇ ਤੱਕ ਡੀਮੋਕਲੀ ਦੀ ਤਲਵਾਰ ਲਟਕ ਰਹੀ ਹੈ। ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਦੇ ਸਿਆਸਤਦਾਨਾਂ ਅਤੇ ਆਬਕਾਰੀ ਤੇ ਕਰ ਵਿਭਾਗ ਦੇ ਅਧਿਕਾਰੀਆਂ ਵਿਚ ਡਰ ਤੇ ਸਹਿਮ ਦਾ ਵਾਤਾਵਰਨ ਬਣਿਆ ਹੋਇਆ ਹੈ। ਇਹ ਵੀ ਵੇਖਣ ਵਾਲੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਸਮੇਂ ਆਮ ਆਦਮੀ ਪਾਰਟੀ ’ਤੇ ਆਪਣੀ ਸੁਪਰੀਮੇਸੀ ਬਣਾਉਣ ਵਿਚ ਸਫਲ ਹੋਣਗੇ ਜਾਂ ਨਹੀਂ? ਕਿਉਂਕਿ ਆਮ ਆਦਮੀ ਪਾਰਟੀ ਦੀ ਵਿਰਾਸਤ ਵਿਚ ਅਰਵਿੰਦ ਕੇਜਰੀਵਾਲ ਤੋਂ ਬਾਅਦ ਦੂਜੇ ਨੰਬਰ ’ਤੇ ਭਗਵੰਤ ਸਿੰਘ ਮਾਨ ਹੀ ਆਉਂਦੇ ਹਨ। ਦੂਜੇ ਵੱਡੇ ਲੀਡਰ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਪਹਿਲਾਂ ਹੀ ਜੇਲ੍ਹ ਵਿਚ ਹਨ। ਭਗਵੰਤ ਸਿੰਘ ਮਾਨ ਲਈ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਪਾਰਟੀ ’ਤੇ ਆਪਣਾ ਦਬਦਬਾ ਬਣਾਉਣ ਲਈ ਸੁਨਹਿਰੀ ਮੌਕਾ ਸਾਬਤ ਹੋਵੇਗਾ। ਪੰਜਾਬ ਤੋਂ ਰਾਜ ਸਭਾ ਦੇ ਮੈਂਬਰ ਰਾਘਵ ਚੱਢਾ ਪਰਨੀਤੀ ਚੋਪੜਾ ਨਾਲ ਵਿਆਹ ਤੋਂ ਬਾਅਦ ਪਾਰਟੀ ਵਿਚ ਬਹੁਤੇ ਸਰਗਰਮ ਨਹੀਂ ਰਹੇ ਹਨ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਉਹ ਤਾਂ ਚੋਣਾਂ ਸਮੇਂ ਇੰਗਲੈਂਡ ਵਿਚ ਚਲੇ ਗਏ ਹਨ। ਆਮ ਆਦਮੀ ਪਾਰਟੀ ਦੇ ਨੇਤਾ ਕੇਂਦਰ ਸਰਕਾਰ ’ਤੇ ਬਦਲਾਖ਼ੋਰੀ ਦੇ ਇਲਜ਼ਾਮ ਲਗਾ ਰਹੇ ਹਨ। ਉਹ ਇਹ ਵੀ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਸੀ.ਬੀ.ਆਈ. ਅਤੇ ਈ.ਡੀ. ਨੂੰ ਹਥਿਆਰ ਦੇ ਤੌਰ ’ਤੇ ਵਰਤ ਰਹੀ ਹੈ। ਪ੍ਰੰਤੂ ਇਹ ਆਮ ਆਦਮੀ ਪਾਰਟੀ ਦੀ ਬਦਲਾਖ਼ੋਰੀ ਬਾਰੇ ਦੋਗਲੀ ਨੀਤੀ ਹੈ। ਪੰਜਾਬ ਵਿਚ ਵੀ ਵਿਜੀਲੈਂਸ ਅਤੇ ਪੁਲਿਸ ਰਾਹੀਂ ਸਿਆਸਤਦਾਨਾਂ ’ਤੇ ਕੇਸ ਦਰਜ ਕਰਕੇ ਜੇਲ੍ਹਾਂ ਵਿਚ ਸੁੱਟ ਰਹੀ ਹੈ। ਕੇਂਦਰ ਵਿਚ ਬਦਲਾਖ਼ੋਰੀ ਪ੍ਰੰਤੂ ਪੰਜਾਬ ਵਿਚ ਬਦਲਾਖ਼ੋਰੀ ਨਹੀਂ। ਸੁਖਪਾਲ ਸਿੰਘ ਖਹਿਰਾ ’ਤੇ ਵੀ ਮਨੀ ਲਾਂਡਰਿੰਗ ਦਾ ਪੁਰਾਣਾ ਕੇਸ ਖੋਲ੍ਹ ਲਿਆ ਸੀ, ਜਦੋਂ ਜੇਲ੍ਹ ਵਿਚੋਂ ਬਾਹਰ ਆਇਆ ਇਕ ਹਰ ਕੇਸ ਪਾ ਦਿੱਤਾ ਸੀ। ਆਮ ਆਦਮੀ ਪਾਰਟੀ ਦੀ ਦੋਗਲੀ ਨੀਤੀ ਸਾਹਮਣੇ ਆ ਗਈ ਹੈ। ਹੁਣ ਉਹ ਕੇਂਦਰ ਸਰਕਾਰ ਨੂੰ ਕਿਹੜੇ ਮੂੰਹ ਨਾਲ ਬਦਲਾਖ਼ੋਰੀ ਕਹਿ ਸਕਦੇ ਹਨ। ਆਮ ਆਦਮੀ ਪਾਰਟੀ ਦੀ ਪੰਜਾਬ ਅਤੇ ਦਿੱਲੀ ਸਰਕਾਰ ਲਈ ਖ਼ਤਰੇ ਦੀ ਤਲਵਾਰ ਲਟਕ ਰਹੀ ਹੈ।

# ਲੀਡਰ ਵਿਆਹ ’ਚ ਪੁੱਜਾ ਨਾ

-ਅੰਗਰੇਜ ਸਿੰਘ ਹੁੰਦਲ
98767-85672
(Punjab Mail USA)



ਮੇਰੇ ਬਹੁਤ ਹੀ ਅਜ਼ੀਜ਼ ਸਤਿਕਾਰਯੋਗ ਮਿੱਤਰ ਦੇ ਭਤੀਜੇ ਦਾ ਵਿਆਹ ਸੀ। ਇਸ ਕਰਕੇ ਉਹ ਅਮਰੀਕਾ ਤੋਂ ਵਿਸ਼ੇਸ਼ ਤੌਰ ’ਤੇ ਪੰਜਾਬ ਪੁੱਜੇ ਸਨ। ਭਤੀਜੇ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ ਅਤੇ ਲੜਕੇ ਦੇ ਤਾਏ ਨੇ ਪੁੱਛਿਆ ਕਿ ਮੈਨੂੰ ਵੀ ਕੋਈ ਕੰਮ ਦੱਸੋ, ਮੈਂ ਤੁਹਾਡਾ ਹੱਥ ਵੰਡਾਵਾਂ, ਤਾਂ ਅੱਗੋਂ ਉਸ ਨੇ ਭਰਾ ਨੂੰ ਤਿੰਨ ਮਠਿਆਈ ਦੇ ਡੱਬੇ ਦੇ ਦਿੱਤੇ ਅਤੇ ਤਿੰਨ ਵੱਖ-ਵੱਖ ਪਾਰਟੀਆਂ ਦੇ ਲੀਡਰਾਂ ਦੇ ਨਾਮ ਦੱਸਦੇ ਹੋਏ ਕਿਹਾ ਕਿ ਇਹ ਡੱਬੇ ਉਨ੍ਹਾਂ ਨੂੰ ਦੇ ਕੇ ਆ। ਉਸ ਨੇ ਕਿਹਾ ਕਿ ਆਪਾਂ ਇੱਕ ਹੀ ਆਪਣੀ ਪਾਰਟੀ ਦਾ ਲੀਡਰ ਸੱਦੀਏ ਦੂਜੇ ਕਿਉਂ? ਅੱਗੋਂ ਛੋਟਾ ਭਰਾ ਕਹਿੰਦਾ ਕਿ ਜੇ ਸਾਡੀ ਪਾਰਟੀ ਦਾ ਲੀਡਰ ਵਿਆਹ ’ਤੇ ਆ ਜਾਵੇਗਾ, ਤਾਂ ਅਸੀਂ ਦੂਜੇ ਨੂੰ ਕਹਿ ਦੇਵਾਂਗੇ ਕਿ ਦੂਜੇ ਦੋਵੇਂ ਬਗੈਰ ਸੱਦੇ ਤੋਂ ਆ ਗਏ। ਇਸ ਦਾ ਭਾਵ ਕਿ ਵਿਆਹ ਵਿਚ ਲੀਡਰ ਬੁਲਾ ਕੇ ਆਪਣੀ ਫੋਕੀ ਸ਼ੋਹਰਤ ਹਾਸਲ ਕਰਨੀ ਸੀ ਕਿ ਲੜਕੇ ਵਾਲਿਆਂ ਦੀ ਸਿਆਸਤ ਵਿਚ ਬੜੀ ਪਹੁੰਚ ਹੈ, ਜੋ ਵੱਡੇ ਲੀਡਰ ਵਿਆਹ ਵਿਚ ਪੁੱਜੇ ਹਨ। ਅੱਜਕੱਲ੍ਹ ਲੋਕ ਫੋਕੇ ਦਿਖਾਵੇ ਲਈ ਕਰਜ਼ੇ ਥੱਲੇ ਆ ਜਾਂਦੇ ਹਨ ਪਰ ਦਿਖਾਵੇ ਦੀ ਕੋਈ ਕਸਰ ਨਹੀਂ ਛੱਡਦੇ, ਫਿਰ ਸਾਰੀ ਉਮਰ ਭਾਵੇਂ ਕਰਜ਼ਾ ਉਤਾਰਣ ਵਿਚ ਲੰਘ ਜਾਵੇ। ਚਲੋ ਜੀ ਵਿਆਹ ਵਾਲਾ ਦਿਨ ਆਇਆ ਤਾਂ ਲੜਕੇ ਦਾ ਪਿਤਾ ਬੜੀ ਖ਼ੁਸ਼ੀ ਨਾਲ ਫੁੱਲਿਆ ਹੋਇਆ ਦਿਖਾਈ ਦਿੱਤਾ ਕਿ ਅੱਜ ਪਾਰਟੀਆਂ ਦੇ ਲੀਡਰਾਂ ਨੇ ਮੇਰੇ ਲੜਕੇ ਦੇ ਵਿਆਹ ’ਤੇ ਆਉਣਾ ਹੈ। ਦੂਜੇ ਪਾਸੇ ਲੜਕੀ ਦੇ ਪਰਿਵਾਰ ਵਾਲਿਆਂ ਨੂੰ ਵੀ ਪਹਿਲਾਂ ਦੱਸਿਆ ਸੀ ਕਿ ਸਾਡੇ ਵਿਆਹ ਵਿਚ ਕਈ ਸਿਆਸਤਾਨ ਆਉਣਗੇ। ਪਰ ਹਾਸੋਹੀਣੀ ਗੱਲ ਉਦੋਂ ਬਣ ਗਈ ਜਦੋਂ ਲੀਡਰ ਨੇ ਵਿਆਹ ਵਿਚ ਆਉਣ ਦੇ ਮੌਕੇ ਕੋਈ ਜ਼ਰੂਰੀ ਕੰਮ ਹੋਣ ਦਾ ਬਹਾਨਾ ਬਣਾ ਕੇ ਦੱਸ ਦਿੱਤਾ। ਫਿਰ ਲੀਡਰਾਂ ਨਾਲ ਫੋਟੋਆਂ ਕਰਵਾਉਣ ਅਤੇ ਦਿਖਾਵੇ ਕਰਨ ਵਾਲੇ ਚਾਅ ਖਤਮ ਹੋ ਗਏ। ਨਿਰਾਸ਼ਾ ਅਤੇ ਨਿਮੋਸ਼ੀ ਵੀ ਹੋਈ। ਉਪਰੋਂ ਯਾਰਾਂ-ਮਿੱਤਰਾਂ ਦੇ ਮਖੌਲ ਦੇ ਪਾਤਰ ਵੀ ਬਣੇ। ਮੇਰੇ ਮਿੱਤਰ ਦਾ ਭਰਾ ਬਹੁਤ ਤੇਜ਼-ਤਰਾਰ ਸੀ, ਉਸ ਨੇ ਅੰਮ੍ਰਿਤ ਨਹੀਂ ਸੀ ਛਕਿਆ ਪਰ ਜਦੋਂ ਅਕਾਲੀ ਦਲ ਵਾਲੇ ਲੀਡਰਾਂ ਨੂੰ ਮਿਲਦਾ ਸੀ, ਤਾਂ ਨੀਲੀ ਪੱਗ ਬੰਨ੍ਹ ਕੇ ਉਪਰੋਂ ਦੀ ਸਿਰੀ ਸਾਹਿਬ ਪਾ ਲੈਂਦਾ ਸੀ।

ਮੇਰਾ ਇਸ ਤੋਂ ਅਨੁਭਵ ਹੋਇਆ ਕਿ ਜਿਵੇਂ ਲੀਡਰ ਆਪਣੇ ਫਾਇਦੇ ਦੇਖ ਕੇ ਪਾਰਟੀਆਂ ਬਦਲ ਲੈਂਦੇ ਹਨ, ਅੱਜਕੱਲ੍ਹ ਉਵੇਂ ਦੇ ਵਰਕਰ ਹੋ ਚੁੱਕੇ ਹਨ। ਉਹ ਵੀ ਸਾਰੀਆਂ ਪਾਰਟੀਆਂ ਦੇ ਲੀਡਰਾਂ ਨਾਲ ਹੱਥ ਮਿਲਾ ਕੇ ਰੱਖਦੇ ਹਨ ਕਿ ਕੀ ਪਤਾ ਕਿਸ ਪਾਸੇ ਵੱਲ ਜਾਣਾ ਪਵੇ। ਪਰ ਕਈ ਅਜਿਹੇ ਵੀ ਪਾਰਟੀ ਪੱਖੀ ਲੋਕਾਂ ਬਾਰੇ ਸੁਣਿਆ ਹੈ ਕਿ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਲਾਲਚ, ਸਰਕਾਰ ਵਿਚ ਵੱਡੇ ਅਹੁਦੇ ਦਿੱਤੇ ਜਾਣ ਦੀਆਂ ਪੇਸ਼ਕਰ ਦਿੱਤੀਆਂ ਜਾਂਦੀਆਂ ਰਹੀਆਂ ਹਨ ਪਰ ਉਹ ਆਪਣੀ ਪਾਰਟੀ ਤੋਂ ਪਿੱਛੇ ਨਹੀਂ ਹਟੇ। ਹੁਣ ਸਮਾਂ ਬਦਲ ਚੁੱਕਿਆ ਹੈ। ਫੋਕੇ ਦਿਖਾਵੇ, ਝੂਠੀ ਸ਼ੋਹਰਤ ਸਮਾਜ ਵਿਚ ਦਿਖਾਉਣ ਲਈ ਲੋਕ ਕਈ ਤਰ੍ਹਾਂ ਦੇ ਪਾਪੜ ਵੇਲਦੇ ਹਨ ਪਰ ਹਕੀਕਤ ਵਿਚ ਉਨ੍ਹਾਂ ਦਾ ਕੋਈ ਫਾਇਦਾ ਨਹੀਂ ਹੁੰਦਾ। ਜੋ ਸਾਨੂੰ ਮਾਣ-ਸਨਮਾਨ ਪ੍ਰਮਾਤਮਾ ਵਲੋਂ ਸਮਾਜ ਵਿਚ ਬਖਸ਼ਿਆ ਜਾਂਦਾ ਹੈ, ਉਹ ਸਦਾ ਰਹਿਣ ਵਾਲਾ ਹੁੰਦਾ ਹੈ। ਝੂਠੇ ਫੋਟੋਆਂ ਵਾਲੇ ਮਾਣ-ਸਨਮਾਨ ਕੁਝ ਵਕਤ ਦੀ ਖੇਡ ਹੁੰਦੇ ਹਨ। ਸੋ ਸਾਨੂੰ ਸਿਆਣੇ ਅਤੇ ਸਮਝਦਾਰ ਹੋਣ ਦੀ ਲੋੜ ਹੈ। ਵਿਆਹ ਸਾਦੇ ਢੰਗਾਂ ਨਾਲ ਕਰੀਏ, ਜਿਸ ਨਾਲ ਦੋਵੇਂ ਪਰਿਵਾਰ ਸੁਖੀ ਰਹਿਣ ਅਤੇ ਸਮਾਜ ਨੂੰ ਸੇਧ ਦੇਣ ਦੂਜਿਆਂ ਲਈ ਪ੍ਰੇਰਨਾ ਦਾ ਸਰੋਤ ਬਣਨ।





# ਰਵਿੰਦਰ ਸਹਿਰਾਅ ਦੀ ਪੁਸਤਕ ਸੁਰਖ਼ ਰਾਹਾਂ ਦੇ ਹਮਸਫ਼ਰ ਜਦੋਜਹਿਦ ਦੀ ਕਹਾਣੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਰਵਿੰਦਰ ਸਹਿਰਾਅ ਦੀਆਂ 8 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਮੁੱਖ ਤੌਰ ’ਤੇ ਰਵਿੰਦਰ ਸਹਿਰਾਅ ਕਵੀ ਹੈ। ਚਰਚਾ ਅਧੀਨ ਪੁਸਤਕ ਸੁਰਖ਼ ਰਾਹਾਂ ਦੇ ਹਮਸਫ਼ਰ ਉਸ ਦੀ 9ਵੀਂ ਪ੍ਰੰਤੂ ਵਾਰਤਕ ਦੀ ਮੌਲਿਕ ਪਲੇਠੀ ਪੁਸਤਕ ਹੈ। ਇਹ ਪੁਸਤਕ ਉਸ ਨੇ 20 ਭਾਗਾਂ ਵਿਚ ਵੰਡੀ ਹੋਈ ਹੈ। ਇਕ ਵਾਰ ਸ਼ੁਰੂ ਕਰਕੇ ਪੁਸਤਕ ਪੂਰੀ ਪੜ੍ਹੀ ਬਿਨਾਂ ਛੱਡੀ ਨਹੀਂ ਜਾ ਸਕਦੀ, ਕਿਉਂਕਿ ਅੱਗੇ ਪੜ੍ਹਨ ਦੀ ਦਿਲਚਸਪੀ ਬਰਕਰਾਰ ਰਹਿੰਦੀ ਹੈ। ਪਹਿਲੇ ਭਾਗ ਵਿਚ ਆਪਣੀ ਮਾਂ ਨੂੰ ਅਕੀਦਤ ਭੇਂਟ ਕੀਤੀ ਤੇ ਪਰਿਵਾਰ ਬਾਰੇ ਦੱਸਿਆ ਹੈ। ਉਸ ਦੇ ਪਿਤਾ ਮਹਾਂ ਸਿੰਘ ਦੀ ਰਵਿੰਦਰ ਸਹਿਰਾਅ ਦੀ ਛੋਟੀ ਉਮਰ ਵਿਚ ਹੀ ਮੌਤ ਹੋ ਗਈ ਸੀ। ਮਾਤਾ ਬੇਅੰਤ ਕੌਰ ਨੇ ਹੀ ਆਰਥਿਕ ਤੰਗੀਆਂ ਵਿਚ ਉਸ ਦਾ ਪਾਲਣ-ਪੋਸ਼ਣ ਕੀਤਾ ਸੀ। ਇਸ ਪੁਸਤਕ ਨੂੰ ਉਸਦੀ ਜੀਵਨੀ ਵੀ ਕਿਹਾ ਜਾ ਸਕਦਾ ਹੈ, ਜਿਸ ਵਿਚ ਉਸ ਨੇ ਆਪਣੀ ਜ਼ਿੰਦਗੀ ਦੀ ਜੱਦੋ-ਜਹਿਦ ਦੀ ਦਾਸਤਾਂ ਦੇ ਨਾਲ ਹੀ ਨਕਸਲੀ ਲਹਿਰ ਦੇ ਸਮੇਂ, ਉਨ੍ਹਾਂ ਪ੍ਰਮੁੱਖ ਇਨਕਲਾਬੀਆਂ ਜਿਨ੍ਹਾਂ ਨਾਲ ਉਸ ਦਾ ਵਾਹ-ਵਾਸਤਾ ਰਿਹਾ, ਦੀਆਂ ਸਰਗਰਮੀਆਂ ਨੂੰ ਤਰਤੀਬ ਨਾਲ ਲਿਖਿਆ ਹੈ। ਉਨ੍ਹਾਂ ਉਸ ਦੇ ਸੰਪਰਕ ਵਿਚ ਆਏ ਇਨਕਲਾਬੀਆਂ ਦੀ ਨਿੱਕੀਆਂ ਅਤੇ ਵੱਡੀਆਂ ਸਰਗਰਮੀਆਂ ਨੂੰ ਇੰਨ-ਬਿੰਨ ਲਿਖਿਆ ਹੈ। ਸਾਰੀ ਪੁਸਤਕ ਵਿਚ ਉਹ ਫਸਟ ਪਰਸਨ ਵਿਚ ਲਿਖਣ ਕਰਕੇ ਹਾਜ਼ਰ ਰਹਿੰਦਾ ਹੈ। ਇਸ ਨੂੰ ਇਨਕਲਾਬੀਆਂ ਦੇ ਛੋਟੇ-ਛੋਟੇ ਰੇਖਾ ਚਿੱਤਰਾਂ ਵਾਲੀ ਪੁਸਤਕ ਕਿਹਾ ਜਾ ਸਕਦਾ ਹੈ। ਇਸ ਜੱਦੋ-ਜਹਿਦ ਦੌਰਾਨ ਜਿਹੜੇ ਦੋਸਤਾਂ ਮਿੱਤਰਾਂ ਨੇ ਉਸ ਦਾ ਸਾਥ ਦਿੱਤਾ, ਉਨ੍ਹਾਂ ਬਾਰੇ ਵਿਸਤਾਰ ਪੂਰਬਕ ਲਿਖਿਆ ਹੋਇਆ ਹੈ। ਮੁੱਢਲੇ ਤੌਰ ’ਤੇ ਇਸ ਪੁਸਤਕ ਨੂੰ ਇਨਕਲਾਬੀਆਂ ਦੀਆਂ ਸਰਗਰਮੀਆਂ ਦਾ ਚਿੱਠਾ ਵੀ ਕਿਹਾ ਜਾ ਸਕਦਾ ਹੈ। ਇਨਕਲਾਬੀਆਂ ਦੀਆਂ ਸਰਗਰਮੀਆਂ ਸਮੇਂ ਦੀਆਂ ਤਸਵੀਰਾਂ ਵੀ ਪੁਸਤਕ ਦੀ ਸ਼ੋਭਾ ਵਧਾਉਂਦੀਆਂ ਹਨ। ਲਹਿਰਾਂ ਦੀਆਂ ਸਰਗਰਮੀਆਂ ਬਾਰੇ ਲਿਖਣਾ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੇ ਪੁਰਖਿਆਂ ਦੀ ਵਿਰਾਸਤ ਨੂੰ ਜਾਨਣ ਤੇ ਸਮਝਣ ਲਈ ਲਾਹੇਵੰਦ ਹੋਵੇਗਾ, ਇਕ ਕਿਸਮ ਨਾਲ ਇਹ ਪੁਸਤਕ ਨਕਸਲੀ ਲਹਿਰ ਦਾ ਇਤਿਹਾਸ ਵੀ ਬਣ ਗਈ ਹੈ। ਰਵਿੰਦਰ ਸਹਿਰਾਅ ਦਾ ਪਿੰਡ ਦੁਆਬੇ ਵਿਚ ਜਲੰਧਰ ਜ਼ਿਲ੍ਹੇ ਦੀ ਬੰਗਾ ਤਹਿਸੀਲ ਵਿਚ ਹਰਦੋ ਫਰਾਲੇ ਹੈ। ਇਸ ਸਮੇਂ ਇਹ ਪਿੰਡ ਨਵਾਂ ਸ਼ਹਿਰ ਜ਼ਿਲ੍ਹੇ ਵਿਚ ਹੈ। 1969-70 ਵਿਚ ਦੁਆਬੇ ਦਾ ਇਲਾਕਾ ਵੀ ਨਕਸਲੀ ਲਹਿਰ ਦਾ ਕੇਂਦਰ ਰਿਹਾ ਹੈ। ਰਵਿੰਦਰ ਸਹਿਰਾਅ 6ਵੀਂ, ਸੱਤਵੀਂ ਜਮਾਤ ਵਿਚ ਪੜ੍ਹਦਿਆਂ ਹੀ ਨਕਸਲੀ ਲਹਿਰ ਦੇ ਜੁਝਾਰੂਆਂ ਦੇ ਤਾਲਮੇਲ ਵਿਚ ਉਸ ਸਮੇਂ ਆ ਗਿਆ, ਜਦੋਂ ਉਹ ਅਲੂਆਂ ਨੌਜਵਾਨ ਸੀ। 1971 ਵਿਚ ਰਾਮਗੜ੍ਹੀਆ ਕਾਲਜ ਫਗਵਾੜਾ ਵਿਚ ਪੜ੍ਹਦਿਆਂ ਸਟੂਡੈਂਟਸ ਯੂਨੀਅਨ ਵਿਚ ਸਰਗਰਮ ਰਿਹਾ। ਮਾਰਕਸੀਆਂ ਦੀ ਫੈਡਰੇਸ਼ਨ ਨੇ ਕਾਲਜ ਵਿਚ ਇਕ ਪ੍ਰੋਗਰਾਮ ਰੱਖਿਆ, ਵੱਡੇ ਨੇਤਾ ਆਏ ਹੋਏ ਸਨ, ਰਵਿੰਦਰ ਸਹਿਰਾਅ ਨੇ ਉਥੇ ਮਾਸਕੋ ਕਵਿਤਾ ਪੜ੍ਹੀ, ਜਿਸ ਵਿਚ ਸੀ.ਪੀ.ਆਈ. ਤੇ ਸੀ.ਪੀ.ਐੱਮ. ਨੂੰ ਸਵਾਲ ਕੀਤੇ ਸਨ। ਕਵਿਤਾ ਦੀ ਵਿਦਿਆਰਥੀਆਂ ਨੇ ਪ੍ਰਸ਼ੰਸਾ ਕੀਤੀ। ਕਵਿਤਾ ਨੇ ਰਵਿੰਦਰ ਸਹਿਰਾਅ ਨੂੰ ਵਿਦਿਆਰਥੀ ਨੇਤਾ ਬਣਾ ਦਿੱਤਾ। ਉਸੇ ਸਮੇਂ 1973 ਵਿਚ ਇਨਕਲਾਬੀਆਂ ਦੇ ਇਕ ਜਲਸੇ ਵਿਚ ਵਿਦਿਆਰਥੀਆਂ ਨਾਲ ਗਿਆ। ਉਥੇ ਪੜ੍ਹੀਆਂ ਜਾ ਰਹੀਆਂ ਕਵਿਤਾਵਾਂ ਸੁਣਨ ਤੋਂ ਬਾਅਦ ਇਨਕਲਾਬੀਆਂ ਦਾ ਹਿੱਸਾ ਹੀ ਬਣ ਗਿਆ ਕਿਉਂਕਿ ਉਸ ਨੂੰ ਸਾਹਿਤਕ ਚੇਟਕ ਆਪਣੀ ਮਾਂ ਤੇ ਭਰਾ ਬਚਿਤਰ ਸਿੰਘ ਤੋਂ ਲੱਗ ਚੁੱਕੀ ਸੀ। ਫਿਰ ਉਹ ਇਨਕਲਾਬੀਆਂ ਦੇ ਸਨੇਹੇ ਤੇ ਚਿੱਠੀ ਪੱਤਰ ਪਹੁੰਚਾਉਣ ਦਾ ਕੰਮ ਕਰਦਾ ਰਿਹਾ। 1972 ਵਿਚ ਇਨਕਲਾਬੀਆਂ ਦੇ ਨਾਅਰੇ ਪਿੰਡਾਂ ਵਿਚ ਲਿਖਦਾ ਰਿਹਾ। ਇਕ ਵਾਰ ਜਦੋਂ 1974 ਵਿਚ ਉਹ ਗੜ੍ਹਸ਼ੰਕਰ ਨੇੜੇ ਇਕ ਡੇਰੇ ਵਿਚ ਦਰਸ਼ਨ ਖਟਕੜ ਅਤੇ ਕਾਮਰੇਡ ਹਾਕਮ ਸਮਾਓ ਕੋਲ ਗਿਆ ਹੋਇਆ ਸੀ, ਤਾਂ ਪੁਲਿਸ ਦੇ ਅੜਿੱਕੇ ਚੜ੍ਹ ਗਿਆ। ਉਸ ਨੂੰ ਕਪੂਰਥਲਾ ਜੇਲ੍ਹ ਵਿਚ ਬੰਦ ਕਰ ਦਿੱਤਾ। ਉਥੇ ਹੀ ਉਹ ਪਾਸ਼, ਕੇਵਲ ਕੌਰ ਅਤੇ ਦਰਸ਼ਨ ਖਟਕੜ ਦਾ ਚਹੇਤਾ ਬਣ ਗਿਆ। ਫਿਰ ਉਸਨੂੰ ਜਲੰਧਰ ਅਤੇ ਸੰਗਰੂਰ ਜੇਲ੍ਹ ਵਿਚ ਵੀ ਰੱਖਿਆ, ਜਿਥੇ ਉਸ ਨੇ ਕਵਿਤਾਵਾਂ ਲਿਖੀਆਂ। ਪੁਸਤਕ ਵਿਚ ਸਾਹਿਤਕਾਰਾਂ ਦੀਆਂ ਧੜੇਬੰਦੀਆਂ ਬਾਰੇ ਵੀ ਲਿਖਿਆ ਹੈ। ਉਹ ਸੋਵੀਨਾਰਾਂ ਅਤੇ ਕਿਤਾਬਚਿਆਂ ਦੀ ਸੰਪਾਦਨਾ ਵੀ ਕਰਦਾ ਰਿਹਾ। ਐਮਰਜੈਂਸੀ ਦੌਰਾਨ ਵੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਜੇਬ ਕੁਤਰੇ ਕਿਹਾ ਗਿਆ। ਉਸ ਦੌਰਾਨ ਉਸ ’ਤੇ ਗੁਰੂ ਕੀ ਨਗਰੀ ਬੁੱਚੜਖਾਨਾ ਵਿਚ ਤਸ਼ੱਦਦ ਕੀਤਾ ਗਿਆ। ਪ੍ਰੰਤੂ 1978 ਵਿਚ ਜੇਲ੍ਹ ਵਿਚੋਂ ਰਿਹਾਅ ਹੋਣ ਤੋਂ ਬਾਅਦ ਪਿੰਡ ਦੇ ਲੋਕਾਂ ਨੇ ਉਸ ਨੂੰ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਚੁਣ ਲਿਆ। ਜੇਲ੍ਹ ਵਿਚ ਹੋਣ ਮੌਕੇ ਦੋਵੇਂ ਵਾਰ ਕਿਸੇ ਨੇ ਉਸ ਦੀ ਜ਼ਮੀਨ ’ਤੇ ਕਬਜ਼ਾ ਵੀ ਕਰ ਲਿਆ ਸੀ। ਫਿਰ ਕਬਜ਼ਾ ਆਪ ਹੀ ਛੁਡਵਾਇਆ। 1984 ਵਿਚ ਉਹ ਅਮਰੀਕਾ ਵਿਚ ਪ੍ਰਵਾਸ ਕਰ ਗਿਆ। ਪ੍ਰਵਾਸ ਦੀ ਜੱਦੋ-ਜਹਿਦ ਵਾਲੀ ਜ਼ਿੰਦਗੀ ਬਾਰੇ ਲਿਖਦਿਆਂ ਉਸ ਨੇ ਦੱਸਿਆ ਕਿ ਪ੍ਰਵਾਸ ਦੀਆਂ ਆਰਥਿਕ ਮਜਬੂਰੀਆਂ ਕਰਕੇ 1988 ਵਿਚ ਆਪਣੀ ਮਾਂ ਦੇ ਸਸਕਾਰ ’ਤੇ ਵੀ ਨਹੀਂ ਆ ਸਕਿਆ।




ਦਰਸ਼ਨ ਖਟਕੜ ਬਾਰੇ ਸਹਿਰਾਅ ਨੇ ਲਿਖਿਆ ਹੈ ਕਿ ਉਹ ਇਨਕਲਾਬੀਆਂ ਦਾ ਸਰਗਰਮ ਯੋਧਾ ਰਿਹਾ ਹੈ। ਸਾਹਿਤ, ਸਿਆਸਤ, ਸੰਗੀਤ ਅਤੇ ਖੇਡਾਂ ਦਾ ਪ੍ਰੇਮੀ ਤੇ ਇਨਕਲਾਬੀ ਲਹਿਰ ਦਾ ਧੁਰਾ। 1971 ਵਿਚ ਗ੍ਰਿਫ਼ਤਾਰ ਹੋਇਆ। ਪੁਲਿਸ ਨੇ ਅਤਿਅੰਤ ਤਸ਼ੱਦਦ ਕੀਤਾ, ਦੋ ਸਾਲ ਜੇਲ੍ਹ ਵਿਚ ਰਹਿ ਕੇ 1973 ਵਿਚ ਰਿਹਾਅ ਹੋਇਆ। ਦਾਰਸ਼ਨਿਕ ਚਿਹਰੇ ਵਾਲਾ, ਨਮਰ ਸੁਭਾਅ, ਸਹਿਣਸ਼ੀਲਤਾ ਦਾ ਮੁਜੱਸਮਾ, ਦੁੱਖ-ਸੁੱਖ ਦਾ ਸਹਾਇਕ ਅਤੇ ਦਲੀਲ ਨਾਲ ਗੱਲ ਮਨਵਾਉਣ ਦੇ ਸਮਰੱਥ ਇਨਕਲਾਬੀ ਵਿਅਕਤੀ ਹੈ।

ਅਮੋਲਕ ਸਿੰਘ ਜੰਮੂ ਇੱਕ ਸੰਵੇਦਨਸ਼ੀਲ ਵਿਅਕਤੀ, ਸਿਰੜੀ ਇਨਸਾਨ ਅਤੇ ਪ੍ਰਤੀਬੱਧ ਪੱਤਰਕਾਰ ਸੀ। ਪੰਜਾਬੀ ਟ੍ਰਿਬਿਊਨ ਵਿਚ ਲੰਬਾ ਸਮਾਂ ਪੱਤਰਕਾਰੀ ਕਰਨ ਤੋਂ ਬਾਅਦ ਉਹ 1997 ਵਿਚ ਅਮਰੀਕਾ ਚਲਾ ਗਿਆ। ਉਥੇ ਜਾ ਕੇ ਉਸ ਨੇ ‘ਪੰਜਾਬ ਟਾਈਮਜ਼’ ਨਾਮ ਦਾ ਸ਼ਿਕਾਗੋ ਤੋਂ ਅਖ਼ਬਾਰ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ। ਅਖ਼ਬਾਰ ਨੂੰ ਸਥਾਪਤ ਕਰਨ ਲਈ ਬੜੀ ਜੱਦੋ-ਜਹਿਦ ਕੀਤੀ ਤੇ ਸਫਲਤਾ ਦੇ ਝੰਡੇ ਵੀ ਗੱਡੇ। ਨਾਮੁਰਾਦ ਬਿਮਾਰੀ ਦੀ ਹਾਲਤ ਵਿਚ ਵੀ ਦ੍ਰਿੜ੍ਹਤਾ ਨਾਲ ਕੰਮ ਕਰਦਾ ਰਿਹਾ। ਹਰ ਸਾਲ ਉਹ ਪੰਜਾਬ ਟਾਈਮਜ਼ ਦਾ ਸਾਲਾਨਾ ਪ੍ਰੋਗਰਾਮ ਸ਼ਾਨੋ-ਸ਼ੌਕਤ ਨਾਲ ਕਰਦਾ ਸੀ। ਪੰਜਾਬ ਟਾਈਮਜ਼ ਨਾਈਟ ਉਸ ਦੀ ਮੌਤ ਤੋਂ ਬਾਅਦ ਵੀ ਉਸ ਦੀ ਪਤਨੀ ਜਸਪ੍ਰੀਤ ਕੌਰ ਤੇ ਬੇਟਾ ਮਨਦੀਪ ਕਰ ਰਹੇ ਹਨ।

‘ਪਿੰਡ ਅਤੇ ਪਿੰਡ ਦੇ ਰਿਆੜ’ ਸਿਰਲੇਖ ਹੇਠ ਆਪਣੇ ਪਿੰਡ ਦੀਆਂ ਖ਼ੂਬੀਆਂ ਅਤੇ ਪ੍ਰਸਿੱਧ ਸਮਾਜ ਸੇਵਕਾਂ, ਸਾਹਿਤਕਾਰਾਂ, ਪ੍ਰਵਾਸ ਵਿਚ ਵਸੇ ਪਰਿਵਾਰਾਂ ਅਤੇ ਉਦਮੀਆਂ ਬਾਰੇ ਜਾਣਕਾਰੀ ਦਿੱਤੀ ਹੈ। ਪਿੰਡ ਦੇ ਰਿਆੜਾਂ ਦੇ ਸੁਭਾਅ ਬਾਰੇ ਦ੍ਰਿਸ਼ਟਕ ਰੂਪ ਵਿਚ ਲਿਖਿਆ। ਪਿੰਡਾਂ ਦੀਆਂ ਸੱਥਾਂ ਦੀ ਚੁੰਝ ਚਰਚਾ, ਬੰਤਾ ਸਿੰਘ ਦਾ ਮੁਗਦਰ ਚੁੱਕਣਾ, ਤਾਸ਼ ਖੇਡਣਾ, ਬਿਮਾਰੀ ਨਾਲ ਕਿਵੇਂ ਨਿਪਟਣਾ, ਪੜ੍ਹੇ-ਲਿਖੇ ਤੇ ਅਨਪੜ੍ਹਾਂ ਦੇ ਵਿਚਾਰਾਂ ਦਾ ਅੰਤਰ ਅਤੇ ਦੁਰਗਾ ਦਾਸ ਦੀ ਨਕਲ ਲਾਉਣਾ ਵਿਸ਼ੇਸ਼ ਤੌਰ ’ਤੇ ਵਰਣਨਯੋਗ ਹਨ।

ਕਮਲਜੀਤ ਸਿੰਘ ਵਿਰਕ ਨਡਾਲੇ ਕਾਲਜ ਵਿਚ ਪੜ੍ਹਦਿਆਂ ਪੀ.ਐੱਸ.ਯੂ. ਨਾਲ ਜੁੜ ਗਿਆ। ਭਾਸ਼ਣ ਕਲਾ ਦਾ ਮਾਹਿਰ, ਨਡਾਲਾ, ਬੇਗੋਵਾਲ, ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਕਾਲਜਾਂ ਵਿਚ ਯੂਨਿਟਾਂ ਬਣਾ ਦਿੱਤੀਆਂ। ਪੰਜਾਬ ਯੂਨਿਟ ਦਾ ਖਜ਼ਾਨਚੀ ਬਣ ਗਿਆ। ਐਮਰਜੈਂਸੀ ਸਮੇਂ ਜੇਲ੍ਹ ਵਿਚ ਰਿਹਾ। 1981 ਵਿਚ ਅਮਰੀਕਾ ਚਲਾ ਗਿਆ।

ਡਾ. ਜਗਤਾਰ ਪੰਜਾਬੀ ਦਾ ਸੁਪ੍ਰਸਿੱਧ ਗ਼ਜ਼ਲਕਾਰ ਹੋਇਆ ਹੈ। ਰਵਿੰਦਰ ਸਹਿਰਾਅ ਨੇ ਜਗਤਾਰ ਨਾਲ ਬਿਤਾਏ ਪਲਾਂ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਉਹ ਨਕਸਲੀ ਲਹਿਰ ਵਿਚ ਸ਼ਾਮਲ ਤਾਂ ਨਹੀਂ ਸੀ ਪ੍ਰੰਤੂ ਪ੍ਰਭਾਵਤ ਜ਼ਰੂਰ ਸੀ। ਸੰਜੀਦਾ ਵਿਅਕਤੀ ਸੀ। ਉਸ ਦਾ ਜਨਮ 23 ਮਾਰਚ, 1935 ਨੂੰ ਹੋਇਆ ਤੇ ਉਹ 30 ਮਾਰਚ 2010 ਨੂੰ ਸਵਰਗਵਾਸ ਹੋ ਗਿਆ। ਦੋਸਤਾਂ ਦੀਆਂ ਮਹਿਫਲਾਂ ਦਾ ਸ਼ਿੰਗਾਰ ਸੀ ਪ੍ਰੰਤੂ ਘੱਟ ਬੋਲਦਾ ਸੀ। ਕਲਮ ਦਾ ਧਨੀ ਸੀ।

ਸੰਤ ਰਾਮ ਉਦਾਸੀ ਇਨਕਲਾਬੀ ਬੋਲਾਂ ਨੂੰ ਅੰਬਰਾਂ ਤੱਕ ਪਹੁੰਚਾਉਣ ਵਾਲਾ ਸੀ। ਉਹ ਲਿਖਦਾ ਉਦਾਸੀ ’ਤੇ ਇਨਕਲਾਬੀ ਕਵਿਤਾਵਾਂ ਲਿਖਣ ਕਰਕੇ 1974 ਦੀ ਮੋਗਾ ਹੜਤਾਲ ਸਮੇਂ ਬਹੁਤ ਤਸ਼ੱਦਦ ਹੋਇਆ। ਉਦਾਸੀ ਦਾ ਜਨਮ ਵਰਤਮਾਨ ਬਰਨਾਲਾ ਜ਼ਿਲ੍ਹੇ ਦੇ ਰਾਏਸਰ ਪਿੰਡ ਵਿਚ 20 ਅਪ੍ਰੈਲ, 1939 ਨੂੰ ਹੋਇਆ। ਗ਼ਰੀਬੀ ਤੇ ਮੁਸੀਬਤਾਂ ਨੇ ਘੇਰੀ ਰੱਖਿਆ। ਦੁਆਬੇ ਦੇ ਪਿੰਡਾਂ ਵਿਚ ਗੁਰਸ਼ਰਨ ਭਾਅ ਦੇ ਨਾਟਕਾਂ ਵਿਚ ਆਪਣੇ ਗੀਤ ਗਾਉਂਦਾ ਸੀ।

ਪ੍ਰੋ. ਨਿਰੰਜਨ ਸਿੰਘ ਢੇਸੀ 1968-70 ਵਿਚ ਪੰਜਾਬ ਸਟੂਡੈਂਟਸ ਯੂਨੀਅਨ ਦਾ ਪ੍ਰਧਾਨ ਰਿਹਾ। ਬੇਰਿੰਗ ਕਾਲਜ ਬਟਾਲਾ ਵਿਚ ਲੈਕਚਰਾਰ, ਮੋਗਾ ਹੜਤਾਲ ਸਮੇਂ ਵਿਦਿਆਰਥੀਆਂ ਦਾ ਸਲਾਹਕਾਰ ਰਿਹਾ। ਜੇਲ੍ਹ ਯਾਤਰਾ ਵੀ ਕੀਤੀ। ਸੇਵਾਮੁਕਤੀ ਤੋਂ ਬਾਅਦ ਅਮਰੀਕਾ ਚਲਾ ਗਿਆ। ਇਸ ਸਮੇਂ ਉਹ ਸੰਸਾਰ ਵਿਚ ਨਹੀਂ ਹਨ।

ਅਵਤਾਰ ਸਿੰਘ ਸੰਧੂ (ਪਾਸ਼) ਨਾਲ ਆਪਣੇ ਬਿਤਾਏ ਪਲਾਂ ਬਾਰੇ ਵਿਸਤਾਰ ਪੂਰਬਕ ਲਿਖਿਆ ਹੈ। ਉਹ ਪਾਸ਼ ਦੇ ਪ੍ਰੋਗਰਾਮ ਵੀ ਕਰਵਾਉਂਦਾ ਰਿਹਾ। ਪਾਸ਼ ਨੂੰ ਵੀ ਜੇਲ੍ਹ ਜਾਣਾ ਪਿਆ। ਪਾਸ਼ ਨਕਸਲੀ ਲਹਿਰ ਦੀ ਧੜੇਬੰਦੀ ਤੋਂ ਨਿਰਾਸ਼ ਸੀ। ਪਾਸ਼ ਨੇ ਪਰਚਾ ਸਿਆੜ ਵੀ ਕੱਢਿਆ। 1985 ਵਿਚ ਪਾਸ਼ ਅਮਰੀਕਾ ਗਿਆ ਤੇ ‘ਐਂਟੀ ਫੋਰਟੀ ਸੈਵਨ’ ਪਰਚਾ ਕੱਢਿਆ। 9 ਸਤੰਬਰ, 1950 ਨੂੰ ਜਨਮੇ ਪਾਸ਼ ਨੂੰ 23 ਮਾਰਚ 1988 ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ।

ਅਨੂਪ ਵਿਰਕ ਯਾਰਾਂ ਦਾ ਯਾਰ, ਯਾਰਾਂ ਦੀ ਮਹਿਫਲ ਦਾ ਸ਼ਿੰਗਾਰ ਹੁੰਦਾ ਸੀ। ਆਪਣੀ ਬੇਟੀ ਕੋਲ ਅਮਰੀਕਾ ਚਲਾ ਗਿਆ। 10 ਮਈ 1944 ਨੂੰ ਪਿੰਡ ਨੱਢਾ, ਜ਼ਿਲ੍ਹਾ ਗੁਜਰਾਂਵਾਲਾ ਵਿਚ ਪੈਦਾ ਹੋਇਆ ਤੇ 14 ਅਕਤੂਬਰ, 2023 ਨੂੰ ਸਵਰਗਵਾਸ ਹੋ ਗਿਆ।

ਜਾਵੇਦ ਬੂਟਾ ਲਹਿੰਦੇ ਪੰਜਾਬ ਦਾ ਪੰਜਾਬੀ ਨੂੰ ਪਿਆਰ ਕਰਨ ਵਾਲਾ ਅਦੀਬ ਸੀ, ਜਿਹੜਾ ‘ਅਕੈਡਮੀ ਆਫ ਪੰਜਾਬ ਇਨ ਨੌਰਥ ਅਮਰੀਕ’ ਬਣਾ ਕੇ ਦੋਸਤਾਂ ਦੀਆਂ ਮਿਲਣੀਆਂ ਕਰਦਾ ਰਹਿੰਦਾ ਸੀ। 10 ਜੂਨ, 1946 ਨੂੰ ਸਾਂਝੇ ਪੰਜਾਬ ਵਿਚ ਜਨਮਿਆਂ 4 ਮਈ 2023 ਨੂੰ ਅਮਰੀਕਾ ਵਿਚ ਸਵਰਗਵਾਸ ਹੋ ਗਿਆ।

ਜਸਵਿੰਦਰ ਸ਼ਾਇਰ ਸਹਿਜ ਸੰਜਮ ਤੇ ਮਿੱਠ ਬੋਲੜਾ ਹੈ। ਬਾਕਮਾਲ ਦਾ ਸ਼ਾਇਰ ਹੈ। ਦੋਸਤਾਂ ਦੀਆਂ ਦੀ ਦੋਸਤੀ ਨਿਭਾਉਣ ਜਾਣਦਾ ਹੈ।

ਪੁਸਤਕ ਦਾ ਅਖ਼ੀਰਲਾ ਭਾਗ ਇੱਕ ਆਮਿਸ਼ ਫਿਰਕੇ ਦਾ ਹੈ, ਜਿਹੜਾ ਲੰਡਨ ਤੋਂ ਅਮਰੀਕਾ ਆ ਕੇ ਵਸਿਆ ਸੀ। ਉਸ ਨੂੰ ਆਮਿਸ਼ ਕੰਟਰੀ ਕਹਿੰਦੇ ਹਨ। ਉਸ ਦੀਆਂ ਪ੍ਰੰਪਰਾਵਾਂ, ਰੀਤੀ-ਰਿਵਾਜ਼ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਹੈ, ਜੋ ਅਮਨ ਪਸੰਤ ਸ਼ਾਂਤਮਈ ਜੀਵਨ ਜਿਊਣ ਵਾਲੇ ਲੋਕ ਹਨ।

164 ਪੰਨਿਆਂ, 295 ਰੁਪਏ ਕੀਮਤ ਵਾਲੀ ਇਹ ਪੁਸਤਕ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਤ ਕੀਤੀ ਹੈ।




Editorial Board
Chief Editor
Gurjatinder Singh Randhawa
Sub Editors
Sandeep Kumar
Amit Saini
Distributor
Jai Singh
Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬੀ ਦੇ ਪ੍ਰਸਿੱਧ ਗ਼ਜ਼ਲਗੋ, ਨਾਮਵਰ ਸਾਹਿਤਕਾਰ ਸੁਲੱਖਣ ਸਰਹੱਦੀ ਨਾਲ ਦਿਲਜੀਤ ਸਿੰਘ ਬੇਦੀ ਵੱਲੋਂ ਕੀਤੀ ਵਿਸਥਾਰਤ ਸਾਹਿਤਕ ਮੁਲਾਕਾਤ

-ਦਿਲਜੀਤ ਸਿੰਘ ਬੇਦੀ
(Punjab Mail USA)







**1. ਉਹ ਕਿਹੜੀ ਘੜੀ ਸੀ, ਜਦੋਂ ਸਾਹਿਤ ਦਾ ਇਸ਼ਕ ਲੱਗਾ ?**

-ਮੇਰੀ ਮਾਂ ਅਕਾਲੀਆਂ ਦੀ ਧੀ ਸੀ। ਅਕਾਲੀ ਮੋਰਚਿਆਂ ਨਾਲ ਉਸਨੂੰ ਜਜ਼ਬਾਤੀ ਮੋਹ ਸੀ। ਉਹ ਧਾਰਮਿਕ ਅਕੀਦਿਆਂ ਵਾਲੀ ਸੀ। ਭਾਵੇਂ ਉਹ ਬਾਕਾਇਦਾ ਸਕੂਲ ਨਹੀਂ ਸੀ ਪੜ੍ਹੀ ਪਰ ਘਰ ਵਿਚ ਉਸਨੇ 'ਗੁਰਮੁਖੀ' ਪੜ੍ਹੀ ਸੀ। ਉਸਨੇ ਰਾਜ ਖਾਲਸਾ, ਤੇਜ ਖਾਲਸਾ, ਪੰਜ ਗ੍ਰੰਥੀ, ਜਨਮ ਸਾਖੀ ਭਾਈ ਬਾਲਾ ਜੀ, ਜ਼ਿੰਦਗੀ ਬਿਲਾਸ ਦਯਾ ਸਿੰਘ ਆਦਿ ਦਰਜਨਾਂ ਪੁਸਤਕਾਂ ਪੜ੍ਹੀਆਂ ਹੋਈਆਂ ਤੇ ਸਾਂਭੀਆਂ ਹੋਈਆਂ ਸਨ। ਮੇਰਾ ਮਾਮਾ ਸੂਰਤ ਸਿੰਘ ਸੰਧੂ, ਪ੍ਰੋ. ਮੋਹਣ ਸਿੰਘ ਦਾ ਸਮਕਾਲੀ ਸੀ ਅਤੇ ਕਵਿਤਾ ਲਿਖਦਾ ਸੀ। ਉਸ ਨੇ ਇਕ ਵਾਰੀ ਪ੍ਰੋ. ਮੋਹਣ ਸਿੰਘ ਨਾਲ ਇਕ ਹੀ ਸਟੇਜ ਤੋਂ ਕਵੀ ਦਰਬਾਰ ਕੀਤਾ ਸੀ। ਇਹ ਗੱਲ ਮੇਰੀ ਮਾਂ ਮੈਨੂੰ ਬੜੇ ਮਾਣ ਨਾਲ ਸੁਣਾਉਂਦੀ ਸੀ। ਮੇਰੀ ਮਾਂ ਨੇ ਆਪਣੇ ਵੀਰ ਦੀਆਂ ਕਈ ਕਵਿਤਾਵਾਂ ਜ਼ੁਬਾਨੀ ਯਾਦ ਕੀਤੀਆਂ ਹੋਈਆਂ ਸਨ। ਉਹ ਮੈਨੂੰ ਤੇ ਨਿੱਕੇ ਭਰਾ ਮੱਖਣ ਨੂੰ ਇਹ ਕਵਿਤਾਵਾਂ ਸੁਣਾਉਂਦੀ। ਮੈਨੂੰ ਲੱਗਦਾ ਕਿ ਕਵਿਤਾ ਲਿਖਣੀ ਵੀ ਵਡਿਆਈ ਦਾ ਕਾਰਜ ਹੈ। ਜਿਵੇਂ ਵੱਡਾ ਪਹਿਲਵਾਨ ਹੋਣਾ, ਮਸ਼ਹੂਰ ਖਿਡਾਰੀ ਹੋਣਾ ਜਾਂ ਵੱਡਾ ਗਵੱਈਆ ਹੋਣਾ। ਮੇਰੇ ਪਿਤਾ ਜੀ ਨੂੰ ਪੰਜ ਬਾਣੀਆਂ ਜ਼ੁਬਾਨੀ ਕੰਠ ਸਨ। ਉਸ ਨੂੰ ਬਹੁਤ ਸਾਰੀਆਂ ਨੀਤੀ ਕਵਿਤਾਵਾਂ ਵੀ ਜ਼ੁਬਾਨੀ ਯਾਦ ਸਨ। ਉਹ ਵੀ ਸਾਨੂੰ ਜ਼ੁਬਾਨੀ ਕਵਿਤਾਵਾਂ ਸੁਣਾਉਂਦੇ। ਮੈਨੂੰ ਲੱਗਦਾ ਹੈ ਕਿ ਕਵਿਤਾ ਵੱਲ ਮੇਰਾ ਰੁਚਿਤ ਹੋਣਾ ਮੇਰੀ ਮਾਂ ਕਰਕੇ ਸੀ ਕਿਉਂਕਿ ਮੈਂ ਆਪਣੀ ਮਾਂ ਨੂੰ ਖੁਸ਼ ਕਰਨਾ ਚਾਹੁੰਦਾ ਸਾਂ। ਮੈਂ ਅਜੇ ਚੌਥੀ ਵਿਚ ਪੜ੍ਹਦਾ ਸਾਂ, ਜਦੋਂ ਮੈਂ ਬਾਲੋ ਮਾਹੀਆ ਦੇ ਨਵੇਂ ਟੱਪੇ ਜੋੜ ਕੇ ਆਪਣੇ ਜਮਾਤੀ ਮੁੰਡਿਆਂ ਨੂੰ ਹੈਰਾਨ ਕੀਤਾ। ਪਿਤਾ ਜੀ ਦੀ ਨਿੱਕੀ ਕਿਸਾਨੀ ਸੀ। ਅਸੀਂ ਸੱਤ ਭੈਣ-ਭਰਾ ਸਾਂ। ਨਿੱਕੇ ਭਰਾਵਾਂ ਨੂੰ ਉੱਚੀ ਵਿਦਿਆ ਦਿਵਾਉਣ ਲਈ ਮੈਨੂੰ ਕਾਲਜ ਦਾਖਲ ਹੋਣ ਦੀ ਬਜਾਏ ਫੌਜ ਵਿਚ ਭਰਤੀ ਹੋਣਾ ਪਿਆ। ਪਿੰਡ ਦੇ ਮਿੱਤਰਾਂ/ਸਹੇਲੀਆਂ ਦੇ ਫੌਜੀ ਵਿਛੋੜੇ ਨੇ ਮੇਰੇ ਦਿਲ ਨੂੰ ਬ੍ਰਿਹਾ ਦੀ ਕਵਿਤਾ ਦੀ ਜਾਗ ਲਾਈ। ਦਰਜਨਾਂ ਕਾਪੀਆਂ ਲਿਖ-ਲਿਖ ਭਰੀ ਗਿਆ। ਪਰ ਵਿਖਾਈਆਂ ਕਿਸੇ ਨੂੰ ਨਾ। ਛੁੱਟੀ ਆਇਆ ਤਾਂ ਕੁਝ ਕਵਿਤਾਵਾਂ ਮਾਂ ਨੂੰ ਸੁਣਾਈਆਂ। ਮਾਂ ਨੇ ਮੇਰੇ ਮਾਮੇ ਨੂੰ ਦੱਸਿਆ। ਮਾਮੇ ਨੇ ਮੇਰੀਆਂ ਕਾਪੀਆਂ ਘੋਖੀਆਂ ਤੇ ਮੇਰੀ ਮਾਂ ਨੂੰ ਵਧਾਈ ਦਿੱਤੀ। ਜਿਸ ਦੇ ਮੈਨੂੰ ਅੱਖਰ-ਅੱਖਰ ਯਾਦ ਨੇ। ਉਸ ਖੁਸ਼ ਹੁੰਦਿਆਂ ਕਿਹਾ ਸੀ, ਤੇ ਜੇਜਾਂ ਸਾਡਾ ਭਣੇਵਾਂ ਨਾਨਕਿਆਂ 'ਤੇ ਗਿਆ ਈ, ਕਿਸੇ ਦਿਨ ਵੱਡਾ ਕਵੀ ਬਣੂੰ।" ਮਾਮੇ ਨੇ ਮੈਨੂੰ ਇਕ ਕਾਲਾ ਪੈੱਨ, ਜਿਸ 'ਤੇ 'ਬਲੈਕ ਬਰ ਲਿਖਿਆ ਹੋਇਆ ਸੀ, ਇਨਾਮ ਵਿਚ ਦਿੱਤਾ ਤੇ ਕਿਹਾ, 'ਹਜ਼ਾਰ ਕਿਤਾਬ ਪੜ੍ਹੇਂਗਾ ਤਾਂ ਇਕ ਕਿਤਾਬ ਲਿਖੇਂਗਾ। ਮੈਂ ਫੌਜ ਵਿਚ ਲਾਇਬ੍ਰੇਰੀ ਦਾ ਇੰਚਾਰਜ ਲੱਗ ਗਿਆ। ਢੇਰਾਂ ਦੇ ਢੇਰ ਕਿਤਾਬਾਂ ਤੇ ਰਸਾਲੇ ਸਨ। ਪਰ ਫੌਜੀ ਮੁੰਡੇ ਪੜ੍ਹਦੇ ਹੀ ਨਾ। ਮੈਂ ਲਾਇਬ੍ਰੇਰੀ ਦੀਆਂ ਸਾਰੀਆਂ ਪੰਜਾਬੀ ਤੇ ਹਿੰਦੀ ਕਿਤਾਬਾਂ ਪੜ੍ਹ ਸੁੱਟੀਆਂ। ਧਰਮ ਯੁੱਗ ਹਿੰਦੀ ਦਾ ਰਸਾਲਾ ਬੜਾ ਮਿਆਰੀ ਸੀ। ਉਸ ਵਿਚ ਗ਼ਜ਼ਲਾਂ ਛਪਦੀਆਂ। ਮੈਂ ਆਪਣੇ ਅਣਚੇਤਨ ਵਿਚ ਸ਼ੇਅਰ ਕਹਿਣ ਲੱਗਾ। ਆਲ ਇੰਡੀਆ ਰੇਡੀਓ ਉੱਤੇ ਰੰਗ-ਏ-ਤਗੱਜ਼ਲ ਪ੍ਰੋਗਰਾਮ ਮੇਰਾ ਪੈੱਟ ਸੀ। ਸਾਡੀ ਲਾਇਬ੍ਰੇਰੀ ਵਿਚ ਹਿੰਦੀ ਅਤੇ ਪੰਜਾਬੀ ਦੇ 20-25 ਸਾਹਿਤਕ ਰਸਾਲੇ ਆਉਂਦੇ ਸਨ। ਮੈਂ ਇਹ ਸਾਰੇ ਪੜ੍ਹਦਾ ਅਤੇ ਸੁਪਨੇ ਲੈਂਦਾ ਕਿ ਕਾਸ਼ ਕਦੇ ਮੇਰਾ ਵੀ ਨਾਮ ਇਨ੍ਹਾਂ ਰਸਾਲਿਆਂ ਵਿਚ ਛਪੇ ਪਰ ਸੰਨ 63 ਤੋਂ ਲੈ ਕੇ ਅਗਲੇ 15 ਸਾਲ ਮੈਂ ਸਾਹਿਤ ਦੀਆਂ ਕਿਤਾਬਾਂ ਵੀ ਪੜ੍ਹਦਾ ਰਿਹਾ ਅਤੇ ਸਿਲੇਬਸ ਦੀਆਂ ਵੀ। ਮੈਂ ਗਿਆਨੀ 'ਚੋਂ ਪੰਜਾਬ ਭਰ 'ਚੋਂ ਦੂਜੇ ਨੰਬਰ 'ਤੇ ਰਿਹਾ। ਇਸ ਤੋਂ ਉਤਸ਼ਾਹਤ ਹੋ ਕੇ ਮੈਂ ਪ੍ਰਾਈਵੇਟ ਪੜ੍ਹਨ ਲੱਗਾ ਸਾਂ। ਫੌਜ ਵਿਚ ਮੈਂ ਦਸ ਸਾਲ ਸਰਹੱਦਾਂ ਉੱਤੇ ਬੰਦੂਕ ਮੋਢੇ 'ਤੇ ਟੰਗੀ ਕਲਮ ਚਲਾਉਂਦਾ ਰਿਹਾ ਹਾਂ। ਸੰਨ 65 ਤੇ 71 ਦੀਆਂ ਲੜਾਈਆਂ ਕਸ਼ਮੀਰ 'ਚ ਲੜੀਆਂ। ਸਰਹੱਦ ਉੱਤੇ ਰਹਿੰਦਿਆਂ ਸਰਹੱਦੀ ਹੋ ਗਿਆ। ਜਿਹੜੀ ਵੀ ਕਿਤਾਬ ਮੇਰੇ ਅੜਿਕੇ ਚੜ੍ਹੀ, ਮੈਂ ਉਸ ਨੂੰ ਪੜ੍ਹ ਕੇ ਛੱਡਿਆ। ਸੰਨ 1972 ਵਿਚ ਮੈਂ ਫੌਜ 'ਚੋਂ ਡਿਸਚਾਰਜ ਲੈ ਕੇ ਰਾਉ ਵਰਿੰਦਰ ਸਿੰਘ ਕਾਲਜ ਆਫ ਐਜੂਕੇਸ਼ਨ ਤੋਂ ਓ.ਟੀ. ਕਰਕੇ ਅਗਲੇ ਸਾਲ ਹੀ ਪੰਜਾਬੀ ਮਾਸਟਰ ਲੱਗ ਗਿਆ। ਇਥੇ ਆ ਕੇ ਤਾਂ ਜਿਵੇਂ ਮੈਂ ਸਾਹਿਤ ਦੀਆਂ ਕਿਤਾਬਾਂ ਦੀ ਜੂਨੇ ਹੀ ਪੈ ਗਿਆ। ਜਿਹੜੇ ਸਕੂਲ ਗਿਆ ਮੈਂ ਲਾਇਬ੍ਰੇਰੀ ਦਾ ਸੁਧਾਰ ਕੀਤਾ। ਨਵੀਆਂ ਕਿਤਾਬਾਂ ਪਾਈਆਂ।

**2. ਤੁਸੀਂ ਕਵਿਤਾ ਵੀ ਲਿਖਦੇ ਹੋ ਅਤੇ ਗਜ਼ਲ ਵੀ। ਮੁੱਢਲਾ ਸਾਹਿਤਕ ਪ੍ਰਵੇਸ਼ ਕਿਸ ਵਿਧਾ ਨਾਲ ਹੋਇਆ ਅਤੇ ਕਦੋਂ ?**

-ਸੰਨ 63 ਤੋਂ ਲੈ ਕੇ 73 ਤੱਕ ਮੈਂ ਆਪ ਮੁਹਾਰਤਾਂ ਨਾਲ ਲਿਖਦਾ ਰਿਹਾ ਸਾਂ। ਬਹੁਤ ਸਾਰੇ ਲੋਕ-ਗੀਤ ਲਿਖੇ। ਕਈ ਸਾਰੇ ਕਿੱਸੇ ਛਪਵਾਏ। ਅੰਮ੍ਰਿਤ ਪੁਸਤਕ ਭੰਡਾਰ ਅੰਮ੍ਰਿਤਸਰ ਅਜਿਹੇ ਕਿੱਸੇ ਬੜੇ ਛਾਪਦਾ ਸੀ। ਮੇਰੇ ਵੀ ਉਸਨੇ ਤਿੰਨ ਕਿੱਸੇ ਛਾਪੇ। ਉਥੋਂ ਹੀ ਮੈਂ ਇਕ ਕਵਿਤਾ ਦੀ ਕਿਤਾਬ 'ਪਿਆਸੇ ਸਾਵਣ' ਵੀ ਛਪਵਾਈ। ਇਹ ਸਾਰਾ ਕੁਝ ਆਪਣੇ ਪਰਿਵਾਰ ਤੇ ਨਵੀਂ ਵਿਆਹੀ ਵਹੁਟੀ ਦੇ ਹੇਰਵੇ ਦੀਆਂ ਕਵਿਤਾਵਾਂ ਸਨ। ਫੇਰ ਮੈਂ ਪ੍ਰਕਾਸ਼ਕ ਦੀ ਮੰਗ ਉੱਤੇ ਧਾਰਮਿਕ ਗੀਤ ਲਿਖੇ...

ਸਰਕਾਰੀ ਅਧਿਆਪਕ ਬਣਨ ਉਪਰੰਤ ਮੈਂ ਅਧਿਆਪਕਾਂ ਦੀ ਵਿਦਿਆਰਥੀ ਜਥੇਬੰਦੀ ਦਾ ਮੈਂਬਰ ਬਣ ਗਿਆ। ਲੇਖਣੀ ਅਤੇ ਚਿੰਤਨ ਦੇ ਤੌਰ ਉੱਤੇ ਮੈਨੂੰ ਮਾਰਕਸੀ ਵਿਚਾਰਧਾਰਾ ਨੇ ਬੇਹੱਦ ਕਾਇਲ ਕੀਤਾ। ਮੈਂ ਇਸ ਉਪਰੰਤ ਜੋ ਵੀ ਕਵਿਤਾ ਲਿਖੀ, ਉਹ ਮਾਰਕਸੀ ਵਿਚਾਰਧਾਰਾ ਦੇ ਅਧੀਨ ਲਿਖੀ। ਮੇਰਾ ਸੁਪਨਾ ਇਨਕਲਾਬ ਰਿਹਾ।...

ਇਕ ਦੀਵਾਲੀ ਉੱਤੇ ਮੈਂ ਕੁਕਨੂਸ ਵਾਂਗ ਆਪਣੀਆਂ ਸਾਰੀਆਂ ਪੁਰਾਣੀਆਂ ਲਿਖਤਾਂ ਨੂੰ ਅੱਗ ਲਾ ਦਿੱਤੀ। ਕਿੰਨੇ ਸਾਰੇ ਕਿੱਸੇ ਤੇ ਕਿਤਾਬਾਂ ਸਾਰੇ ਸੜ ਗਏ। ਇਹ ਘਟਨਾ 1974 ਦੀ ਹੈ, ਜਦੋਂ ਮੈਂ ਬਕਾਇਦਾ ਕਮਿਊਨਿਸਟ ਬਣ ਗਿਆ ਸਾਂ। 1975 ਦਾ ਸਾਲ ਮੇਰਾ ਨਵ ਉਦੈ ਦਾ ਸਾਲ ਸੀ। ਮੈਂ ਕਵਿਤਾਵਾਂ ਅਤੇ ਗ਼ਜ਼ਲਾਂ ਨਾਲ ਮੁਲਾਜ਼ਮ ਜਥੇਬੰਦੀਆਂ ਨੂੰ ਸੰਬੋਧਨ ਹੋਇਆ। ਮੈਂ ਸੰਗਰਾਮੀ ਇਕੱਠਾਂ ਵਿਚ ਕ੍ਰਾਂਤੀਕਾਰੀ ਕਵਿਤਾਵਾਂ ਬੋਲਦਾ ਸਾਂ, ਪਰ ਸਾਹਿਤਕ ਤੌਰ ਉੱਤੇ ਮੈਂ ਗ਼ਜ਼ਲ ਵਿਚ ਇਨਕਲਾਬੀ ਸੁਰ ਭਰ ਰਿਹਾ ਸਾਂ। ਇਸ ਤਰ੍ਹਾਂ ਜੇ ਸਪੱਸ਼ਟ ਉੱਤਰ ਦੇਣਾ ਹੋਵੇ, ਤਾਂ ਉਹ ਇਹ ਹੈ ਕਿ ਮੈਂ 1975 ਈ. ਤੋਂ ਬਕਾਇਦਾ ਤੇ ਮਾਨਤਾ ਦੇ ਤੌਰ ਉੱਤੇ ਸਾਹਿਤਕ ਹਲਕਿਆਂ ਵਿਚ ਇਕ ਗ਼ਜ਼ਲਕਾਰ ਦੇ ਤੌਰ ਉੱਤੇ ਪ੍ਰਵੇਸ਼ ਕੀਤਾ। ਪਰ ਲਿਖ ਮੈਂ 1965 ਤੋਂ ਹੀ ਰਿਹਾ ਸਾਂ।

**3. ਤੁਸੀਂ ਪਹਿਲੀ ਵਾਰ ਪੁਸਤਕ ਰੂਪ ਵਿਚ ਕਿਸ ਵਿਧਾ ਨਾਲ ਪ੍ਰਵੇਸ਼ ਕੀਤਾ ਅਤੇ ਕਦੋਂ ?**

-ਸੰਨ 1975 ਤੋਂ ਮੈਂ ਸਾਹਿਤਕ ਹਲਕਿਆਂ ਵਿਚ ਇਕ ਗ਼ਜ਼ਲਕਾਰ ਦੇ ਤੌਰ ਉੱਤੇ ਥੋੜ੍ਹਾ ਪ੍ਰਸਿੱਧ ਹੋ ਗਿਆ ਸਾਂ। ਮੇਰੇ ਕੋਲ 150 ਵਧੀਆ ਗ਼ਜ਼ਲਾਂ ਜਮ੍ਹਾਂ ਹੋ ਗਈਆਂ ਸਨ। ਪਰ ਇਨ੍ਹਾਂ ਗ਼ਜ਼ਲਾਂ ਦੀ ਪੁਸਤਕ ਛਪਵਾਉਣ ਦਾ ਜੁਗਾੜ ਨਹੀਂ ਸੀ ਬਣ ਰਿਹਾ। ਉਂਞ ਮੈਨੂੰ ਚਾਅ ਬੜਾ ਸੀ ਕਿ ਮੇਰਾ ਵੀ ਗ਼ਜ਼ਲ ਸੰਗ੍ਰਹਿ ਹੋਵੇ। ਆਖਰ ਮੇਰਾ ਇਹ ਸੁਪਨਾ 1983 ਵਿਚ ਪੂਰਾ ਹੋਇਆ। ਰਵੀ ਸਾਹਿਤ ਪ੍ਰਕਾਸ਼ਨ ਦੇ ਸੁਹਿਰਦ ਪ੍ਰਕਾਸ਼ਕ ਸ. ਮੋਹਨ ਸਿੰਘ ਦੀ ਪਾਰਖੂ ਅੱਖ ਨੇ ਮੇਰੀਆਂ ਗ਼ਜ਼ਲਾਂ ਨੂੰ ਸੋਨਾ ਬਣਾ ਦਿੱਤਾ। ਮੇਰੇ ਪਹਿਲੇ ਗ਼ਜ਼ਲ ਸੰਗ੍ਰਹਿ ਦਾ ਨਾਮ ਸੀ 'ਤੀਜੀ ਅੱਖ ਦਾ ਜਾਦੂ' ਅਤੇ ਇਸ ਵਿਚ 104 ਗ਼ਜ਼ਲਾਂ ਸਨ। 1983 ਵਿਚ ਮੈਂ ਪੰਜਾਬ ਵਿਚਲੇ ਸੰਤਾਪ ਅਤੇ ਨੈਕਸਲਾਈਟ ਵਿਚਾਰਧਾਰਾ ਦੇ ਖੱਬੇ ਕੁਰਾਹੇ ਬਾਰੇ ਚੰਗੀਆਂ ਗ਼ਜ਼ਲਾਂ ਕਹੀਆਂ ਸਨ। ਪੰਜਾਬ ਦੇ ਸੰਤਾਪ ਬਾਰੇ ਮੈਂ ਸ਼ਿਆਰ ਕਹੇ ਸਨ:

ਸੋਚੋ ਚੇਤਨ ਹੋ ਕੇ ਸੋਚੋ ਕਹਿਰ ਕਮਾਇਆ ਕਿਸ ਨੇ ਹੈ ?

ਫਿਰ ਪੰਜਾਂ ਦਰਿਆਵਾਂ ਦੇ ਵਿਚ ਜ਼ਹਿਰ ਮਿਲਾਇਆ ਕਿਸ ਨੇ ਹੈ ?

**4. ਗ਼ਜ਼ਲ ਲਿਖਣ ਦੀ ਪ੍ਰੇਰਨਾ/ਪਹਿਲੀ ਗਜ਼ਲ-ਪੁਸਤਕ ?**

-ਪੰਜਾਬੀ ਮਾਸਟਰ ਦੀ ਮੁੱਢਲੀ ਟ੍ਰੇਨਿੰਗ ਵਿਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਚੋਣਵੇਂ ਵਿਦਿਆਰਥੀ ਦਾਖਲ ਹੋਣੇ ਸਨ। ਜੈਤੋ ਮੰਡੀ ਦੇ ਲਾਗਿਓਂ ਵੀ ਵਿਦਿਆਰਥੀ ਸਨ। ਇਕ ਜਨਾਬ ਦੀਪਕ ਜੈਤੋਈ ਜੀ ਦਾ ਸ਼ਾਗਿਰਦ ਵੀ ਸੀ। ਮੈਨੂੰ ਉਸਨੇ ਦੀਪਕ ਜੀ ਨਾਲ ਮਿਲਣ ਦੀ ਸਲਾਹ ਦਿੱਤੀ। ਮੈਂ ਉਨ੍ਹਾਂ ਨੂੰ ਜੈਤੋ ਜਾ ਕੇ ਮਿਲਿਆ ਅਤੇ ਗ਼ਜ਼ਲਾਂ ਦੀ ਲਗਨ ਬਾਰੇ ਦੱਸਿਆ। ਉਹ ਮੇਰੀ ਗ਼ਜ਼ਲ ਯੋਗਤਾ ਅਤੇ ਸ਼ੌਂਕ ਤੋਂ ਬਹੁਤ ਮੁਤਾਸਰ ਹੋਏ। ਉਨ੍ਹਾਂ ਨੇ ਮੈਨੂੰ ਆਪਣਾ ਸ਼ਾਗਿਰਦ ਮੰਨ ਲਿਆ। ਅੰਮ੍ਰਿਤਸਰ ਤੋਂ ਤਦ ਦੀਪਕ ਜੀ 'ਕਵਿਤਾ' ਰਸਾਲੇ ਦਾ ਗ਼ਜ਼ਲ ਅੰਕ (1972) ਸੰਪਾਦਿਤ ਕਰ ਰਹੇ ਸੀ। ਉਨ੍ਹਾਂ ਨੇ ਉਸ ਵਿਚ ਮੇਰੀਆਂ ਤਿੰਨ ਗ਼ਜ਼ਲਾਂ ਸ਼ਾਮਲ ਕਰਕੇ ਮੈਨੂੰ ਪੰਜਾਬੀ ਗ਼ਜ਼ਲ ਦੇ ਪ੍ਰਸਿੱਧ ਗ਼ਜ਼ਲਕਾਰਾਂ ਵਿਚ ਸ਼ੁਮਾਰ ਕਰਕੇ ਮੇਰਾ ਹੌਂਸਲਾ ਵਧਾਇਆ। ਮੁੜ ਦੀਪਕ ਸਾਹਿਬ ਦੀ ਪ੍ਰੇਰਨਾ ਸਦਕਾ ਮੈਂ ਪੰਜਾਬੀ ਗ਼ਜ਼ਲ ਨੂੰ ਪੰਜਾਬੀ ਵਿਚ ਸਥਾਪਿਤ ਕਰਨ ਹਿਤ ਲੰਮੀ ਲੜਾਈ ਲੜੀ। ਮੈਂ ਇਹ ਸੰਗ੍ਰਾਮ 40 ਸਾਲਾਂ ਤੱਕ ਨਿਰੰਤਰਤਾ ਨਾਲ ਅਤੇ ਹੋਸ਼ਮੰਦੀ ਨਾਲ ਲੜਦਾ ਰਿਹਾ ਹਾਂ। ਮੈਨੂੰ ਮਾਣ ਹੈ ਕਿ ਮੈਂ ਪੰਜਾਬੀ ਗ਼ਜ਼ਲ ਦਾ ਜਿਹੜਾ ਮੁਕਾਮ ਕਿਆਸਿਆ ਸੀ, ਅੱਜ ਉਹ ਉਸ ਮੁਕਾਮ ਉੱਤੇ ਫੱਬ ਰਹੀ ਹੈ। ਮੈਂ ਪੰਜਾਬੀ ਗ਼ਜ਼ਲ ਨੂੰ ਨਿਰੋਆ ਲਹੂ ਦਿੱਤਾ ਅਤੇ ਉਰਦੂ ਦੀ ਸ਼ਰਾਬ ਦੀ ਆਦਤ ਹਟਾਈ। ਮੇਰੀ ਪਹਿਲੀ ਗ਼ਜ਼ਲ ਪੁਸਤਕ 'ਤੀਜੀ ਅੱਖ ਦਾ ਜਾਦੂ' ਸੀ, ਜਿਸ ਬਾਰੇ ਪਹਿਲਾਂ ਗੱਲ ਕਰ ਹਟੇ ਹਾਂ।

**5. 1995 ਵਿਚ ਗ਼ਜ਼ਲ ਦੇ ਤਕਨੀਕੀ ਪੱਖਾਂ ਬਾਰੇ ਤੁਹਾਡੀ ਪੁਸਤਕ 'ਪੰਜਾਬੀ ਗ਼ਜ਼ਲ-ਰੂਪ ਅਤੇ ਆਕਾਰ' ਛਪੀ। ਫਿਰ 'ਸੰਪੂਰਨ ਪਿੰਗਲ ਤੇ ਆਰੂਜ'। ਦੋਨਾਂ ਵਿਚ ਕੀ ਅੰਤਰ ਮਹਿਸੂਸ ਕਰਦੇ ਹੋ ? ਪਾਠਕਾਂ ਵੱਲੋਂ ਕਿਸ ਤਰ੍ਹਾਂ ਦਾ ਹੁੰਗਾਰਾ ਮਿਲਿਆ ?**

-'ਪੰਜਾਬੀ ਗ਼ਜ਼ਲ ਰੂਪ ਅਤੇ ਆਕਾਰ' ਪੁਸਤਕ ਲਿਖਣ ਸਮੇਂ ਤੱਕ ਮੈਂ ਪੰਜਾਬੀ ਗ਼ਜ਼ਲ ਨਾਲ ਜਜ਼ਬਾਤੀ ਤੌਰ ਉੱਤੇ ਵਾਬਸਤਾ ਸਾਂ। ਏਸੇ ਕਰਕੇ ਭਾਵੇਂ ਇਸ ਪੁਸਤਕ ਵਿਚ ਗ਼ਜ਼ਲ ਦੇ ਰੂਪ ਅਤੇ ਅਕਾਰ ਬਾਰੇ ਬਾਕੀ ਪੁਸਤਕਾਂ ਨਾਲੋਂ ਵਧੀਆ ਅਤੇ ਸਾਰਥਕ ਜਾਣਕਾਰੀ ਸੀ ਅਤੇ ਦਰਜਨ ਭਰ ਐਸੇ ਅਛੂਤਾ ਤਕਨੀਕੀ ਅਧਿਆਏ ਹਨ, ਜੋ ਪਹਿਲਾਂ ਕਿਸੇ ਵੀ ਗ਼ਜ਼ਲ ਚਿੰਤਕ ਨੇ ਛੁਹੇ ਨਹੀਂ ਸਨ। ਇਹ ਗ਼ਜ਼ਲ ਤਕਨੀਕ ਸਬੰਧੀ ਪਹਿਲੀ ਪੰਜਾਬੀ ਲਹਿਜੇ ਦੀ ਪੁਸਤਕ ਹੈ। ਪ੍ਰੋ. ਜੋਗਿੰਦਰ ਸਿੰਘ ਦੀ ਪੁਸਤਕ 'ਪਿੰਗਲ ਤੇ ਅਰੂਜ' ਪਿੱਛੋਂ ਏਸੇ ਪੁਸਤਕ ਨੂੰ ਹਵਾਲਾ ਪੁਸਤਕ ਬਣਨ ਦਾ ਮਾਣ ਹਾਸਲ ਹੋਇਆ ਪਰ ਪੰਜਾਬੀ ਗ਼ਜ਼ਲ ਦੇ ਵਿਸ਼ੇ ਸੰਬੰਧੀ ਇਸ ਵਿਚ ਚਰਚਾ ਅਵਚੇਤਨ ਤੌਰ ਉੱਤੇ ਸ਼ਾਮਲ ਹੋ ਗਈ ਸੀ। ਕਈ ਕਾਂਡ ਐਸੇ ਸਨ/ਹਨ, ਜੋ ਰੂਪਾਕਾਰ ਦੇ ਘੇਰੇ ਵਿਚ ਨਹੀਂ ਸਨ ਆਉਂਦੇ। ਉਕਤ ਪੁਸਤਕ ਲਿਖਣ ਤਕ ਮੈਂ ਪੰਜਾਬੀ ਤੇ ਉਰਦੂ ਦੇ ਤਕਨੀਕੀ ਗ੍ਰੰਥਾਂ ਨੂੰ ਨਿੱਠ ਕੇ ਨਹੀਂ ਸਾਂ ਵਾਚ ਸਕਿਆ। ਜਿੰਨਾ ਕੁ ਉਸਤਾਦ ਜੀ ਤੋਂ ਸਿੱਖਿਆ ਸੀ ਅਤੇ ਜੋ ਮੈਂ ਗ਼ਜ਼ਲ ਦੀ ਬਿਹਤਰੀ ਵਾਸਤੇ ਆਰਜ਼ੂ ਰੱਖਦਾ ਸਾਂ, ਉਹ ਸਾਰਾ ਕੁਝ ਮੌਲਿਕਤਾ ਅਤੇ ਮਾਸੂਮਤਾ ਨਾਲ ਮੈਂ ਲਿਖ ਦਿੱਤਾ। ਇਸ ਪੁਸਤਕ ਦਾ ਅਕੈਡਮਿਕ ਹਲਕਿਆਂ ਵਿਚ ਬਹੁਤ ਸੁਆਗਤ ਹੋਇਆ।

'ਸੰਪੂਰਨ ਪਿੰਗਲ ਅਤੇ ਅਰੂਜ' ਗ੍ਰੰਥ ਮੈਂ ਉਕਤ ਪੁਸਤਕ ਤੋਂ ਪੂਰੇ 12 ਸਾਲ ਬਾਅਦ ਲਿਖਿਆ। ਇਨ੍ਹਾਂ 12 ਸਾਲਾਂ ਵਿਚ ਮੈਂ ਪਿੰਗਲ ਅਤੇ ਅਰੂਜ ਸੰਬੰਧੀ ਗਹਿਨ ਅਧਿਐਨ ਕੀਤਾ। ਵੱਖ-ਵੱਖ ਗ਼ਜ਼ਲ ਚਿੰਤਕਾਂ ਦੇ ਵਿਚਾਰਾਂ ਅਤੇ ਟਿੱਪਣੀਆਂ ਨੂੰ ਜਰਬਾਂ/ਤਕਸੀਮਾਂ ਨੂੰ ਪਰ੍ਹਾਂ ਕਰਕੇ ਵੇਖਿਆ। ਗੁਰਬਾਣੀ, ਲੋਕ-ਗੀਤ, ਕਿੱਸੇ, ਵਾਰਾਂ ਅਤੇ ਹੋਰ ਪੰਜਾਬੀ ਕਾਵਿ-ਰੂਪਾਂ ਦਾ ਨਿਠ ਕੇ ਮੁਤਾਲਿਆ ਕੀਤਾ। ਆਪਣੇ ਦਿਮਾਗ ਵਿਚ ਇਨ੍ਹਾਂ 12 ਸਾਲਾਂ ਵਿਚ ਇਕ ਤਕਨੀਕੀ ਖਾਕਾ ਤਿਆਰ ਕੀਤਾ। ਹਿੰਦੀ ਵੱਲੋਂ ਆਏ ਪਿੰਗਲ ਵਾਚੇ। ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਛੰਦ ਦਿਵਾਕਰ ਤੇ ਹੋਰ ਕਿਤਾਬਾਂ ਪੜ੍ਹੀਆਂ। ਸਰਵਿਸ ਤੋਂ ਰਿਟਾਇਰ ਹੋ ਕੇ ਮੈਂ ਇਸ ਇਤਿਹਾਸਕ ਗ੍ਰੰਥ ਉੱਤੇ ਕਾਰਜ ਆਰੰਭਿਆ। ਪੂਰਾ ਇਕ ਸਾਲ ਮੈਂ ਕਿਤਾਬਾਂ ਵਿਚ ਘਿਰਿਆ ਰਿਹਾ। ਇਥੋਂ ਤੱਕ ਕਿ ਮੈਂ ਇਕ ਸਾਲ ਤੱਕ ਸੌਂਦਾ ਵੀ ਕਿਤਾਬਾਂ ਉੱਤੇ ਰਿਹਾ, ਤਾਂ ਜਾ ਕੇ ਮੈਂ ਇਹ ਲਾਸਾਨੀ ਗ੍ਰੰਥ ਤਿਆਰ ਕਰ ਸਕਿਆ। ਇਸ ਦੇ 60-62 ਚੈਪਟਰਾਂ ਵਿਚੋਂ ਬਹੁਤੇ ਚੈਪਟਰ ਐਸੇ ਹਨ, ਜੋ ਮੈਂ ਹੀ ਟੱਚ ਕੀਤੇ। ਫੇਲੁਨ ਤਤ ਜੁਜ ਬਹਿਰ ਛੰਦ ਕੇਵਲ ਮੈਂ ਹੀ ਤਸਦੀਕ ਕੀਤੇ।


ਮੈਨੂੰ ਇਹ ਮਾਣ ਰਹੇਗਾ ਕਿ ਮੈਂ ਇਸ ਗ੍ਰੰਥ ਦੇ ਜ਼ਰੀਏ ਪੰਜਾਬੀ ਦੇ ਤਿੰਨ ਅੱਖਰੀ ਸ਼ਬਦਾਂ ਦੇ ਉਚਾਰਨ ਦਾ ਮਾਮਲਾ ਸਦਾ-ਸਦਾ ਲਈ ਹੱਲ ਕਰ ਦਿੱਤਾ। ਮੇਰਾ ਗ੍ਰੰਥ ਛਪਣ ਉਪਰੰਤ ਇਨ੍ਹਾਂ ਸ਼ਬਦਾਂ ਨੂੰ ਗ਼ਜ਼ਲ ਵਿਚ ਬੰਨ੍ਹਣ ਦਾ ਮਸਲਾ ਕਦੇ ਉੱਠਿਆ ਤੱਕ ਨਹੀਂ। ਇਹ ਕੇਵਲ ਮੇਰੇ ਕਰਕੇ ਤਬਦੀਲੀ ਤਾਂ ਵਾਪਰੀ ਹੀ ਪਰ ਇਹ ਮਾਮਲਾ 'ਸਿਫਤੀ ਤਬਦੀਲੀ' ਵਾਂਗ ਹੀ ਸੀ। 99 ਡਿਗਰੀ ਸੈਂਟੀਗਰੇਟ ਉੱਤੇ ਪਾਣੀ ਨਹੀਂ ਉੱਬਲਦਾ। ਪਰ ਇਕ ਡਿਗਰੀ ਹੋਰ ਮਿਲ ਜਾਵੇ ਤਾਂ ਭਾਵ 100 ਡਿਗਰੀ ਸੈਂਟੀਗਰੇਟ ਉੱਤੇ ਪਾਣੀ ਉੱਬਲਦਾ ਦਿੱਸਦਾ ਹੈ। ਬਸ ਮੈਂ ਇਕ ਡਿਗਰੀ ਹੋਰ ਮਿਲਾ ਦਿੱਤੀ ਸੀ । 99 ਡਿਗਰੀ ਸੈਂਟੀਗਰੇਟ ਦਾ ਖਾਮੋਸ਼ ਗ਼ਜ਼ਲਕਾਰਾਂ ਪਹਿਲਾਂ ਹੀ ਸੇਕ ਪੈਦਾ ਕਰ ਦਿੱਤਾ ਸੀ। ਮੈਨੂੰ ਮਾਣ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਨੇ ਇਸ ਗ੍ਰੰਥ ਉੱਤੇ ਚੰਡੀਗੜ੍ਹ ਵਿਖੇ ਪੰਜਾਬ ਪੱਧਰੀ ਗੋਸ਼ਟੀ ਕਰਵਾਈ। ਤਿੰਨ ਅੱਖਰੇ ਸ਼ਬਦਾਂ ਉੱਤੇ ਲੁਧਿਆਣਾ ਗੋਸ਼ਟੀ ਵਿਚ ਮੈਂ ਜੋ ਥੀਸਿਜ ਪੇਸ਼ ਕੀਤਾ, ਉਹ ਇਸੇ ਪੁਸਤਕ ਦਾ ਲੰਬਾ ਅਧਿਆਇ ਸੀ । ਮੇਰਾ ਇਹ ਗ੍ਰੰਥ ਪੰਜਾਬੀ ਲਹਿਜ਼ੇ ਵਿਚ ਲਿਖਿਆ ਪਹਿਲਾ ਪਿੰਗਲ ਅਤੇ ਅਰੂਜ਼ ਗ੍ਰੰਥ ਹੈ। ਥੋੜੇ ਸਮੇਂ ਵਿਚ ਹੀ ਇਸ ਗ੍ਰੰਥ ਨੇ ਆਪਣੇ ਖੇਤਰ ਵਿਚ ਧੁੰਮਾਂ ਪਾ ਦਿੱਤੀਆਂ ਹਨ ਅਤੇ ਮੈਨੂੰ ਡਾ. ਜਗਤਾਰ ਵਰਗੇ ਮਹਾਨ ਗ਼ਜ਼ਲ ਚਿੰਤਕ ਤੇ ਸ਼ਾਇਰ ਨੇ 'ਉਸਤਾਦ ਸ਼ਾਇਰ' ਆਖਿਆ ਹੈ। ਹੁਣ ਤੱਕ ਇਸ ਗ੍ਰੰਥ ਉੱਤੇ ਕਿਸੇ ਵਿਸ਼ੇਸ਼ ਚਿੰਤਕ ਨੇ ਕੋਈ ਕਿੰਤੂ ਨਹੀਂ ਕੀਤਾ।

**6. ਤੁਹਾਡੇ ਗਜ਼ਲ ਸੰਗ੍ਰਿਹ ਅਤੇ ਸੰਪਾਦਤ ਪੁਸਤਕਾਂ ?**

-ਤੀਜੀ ਅੱਖ ਦਾ ਜਾਦੂ, ਪੰਜ ਬਲਦੇ ਦਰਿਆ, ਵਕਤ ਦੀ ਚੀਖ - ਪੰਜਾਬ ਸੰਤਾਪ ਦੇ ਬੋਲ, ਪੰਜਾਬੀ ਗ਼ਜ਼ਲ ਰੂਪ ਤੇ ਅਕਾਰ-ਖੋਜ ਲੇਖ, ਉੱਚਾ ਬੁਰਜ ਲਾਹੌਰ ਦਾ, ਬਸਤੀ ਬਸਤੀ ਜੰਗਲ, ਬੇੜੀਆਂ ਦਾ ਪੁੱਲ-ਇਕੋ ਬਹਿਰ, ਕਾਫੀਆ-ਰਦੀਫ, ਸੰਪੂਰਨ ਪਿੰਗਲ ਅਤੇ ਅਰੂਜ, ਅਨੰਦਪੁਰ ਤੋਂ ਲਾਹੌਰ ਤੱਕ-1699-1799 ਦਾ ਸਿੱਖ ਇਤਿਹਾਸ, ਮੈਂ ਇਵੇਂ ਵੇਖਿਆ ਆਸਟ੍ਰੇਲੀਆ, ਅਗਨ ਦਾਸਤਾਨ ਗਾਥਾ ਛੋਟਾ ਘੱਲੂਘਾਰਾ, ਦਿਲ ਦਰਿਆ ਸਮੁੰਦਰੋਂ ਡੂੰਘੇ (ਅਸਲ ਕਲਾਮ ਸੁਲਤਾਨ ਬਾਹੂ), ਵਾਘੇ ਤੋਂ ਜਮਰੌਦ ਤੱਕ (ਪਾਕਿਸਤਾਨੀ ਸਫ਼ਰਨਾਮਾ), ਪੰਜਾਬ ਦੇ ਪਿੰਡ (ਕੱਲ, ਅੱਜ ਅਤੇ ਭਲਕੇ), ਸੁੱਚੇ ਤਿੱਲੇ ਦੀਆਂ ਤਾਰਾਂ (ਸੰਸਾਰ ਭਰ ਦੀਆਂ ਨਾਰਾਂ ਗਜ਼ਲਕਾਰਾਂ), ਚੰਨ ਚਾਨਣੀ ਚੰਡੀਗੜ੍ਹ, ਪੰਜਾਬੀ ਦੇ ਚੋਣਵੇਂ ਸ਼ਿਅਰ, ਪੰਧ ਲੰਮੇਰੇ, ਕਲਮ ਕਲਮ ਖੁਸ਼ਬੋ, ਸੂਰਜ ਦਾ ਆਲ੍ਹਣਾ, ਦਿਲ ਦਰਿਆ ਸਮੁੰਦਰੋਂ ਡੂੰਘੇ (ਸੁਲਤਾਨ ਬਾਹੂ ਦਾ ਅਸਲ ਕਲਾਮ)।

■ ਬਾਕੀ ਅਗਲੇ ਅੰਕ 'ਚ







# ਮੋਦੀ ਦੁਨੀਆਂ ਭਰ ਦੇ ਲੀਡਰਾਂ ’ਚ ਹਰਮਨ ਪਿਆਰੇ ਪਰ ਭਾਰਤੀ ਮੁਦਰਾ ਪਹਿਲੇ ਦੱਸਾਂ ਵਿਚ ਵੀ ਨਹੀਂ

-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)



ਵਿਸ਼ਵ ਵਿਚ 10 ਸਭ ਤੋਂ ਵੱਧ ਵਪਾਰਕ ਮੁਦਰਾਵਾਂ ਜੋ ਵਿਆਪਕ ਤੌਰ ’ਤੇ ਸਵੀਕਾਰ ਕੀਤੀਆਂ ਜਾਂਦੀਆਂ ਹਨ ਅਤੇ ਅੰਤਰਰਾਸ਼ਟਰੀ ਵਪਾਰ ਅਤੇ ਵਿੱਤ ਵਿਚ ਵਰਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਆਮ ਤੌਰ ’ਤੇ ਵਪਾਰਯੋਗ ਮੰਨਿਆ ਜਾਂਦਾ ਹੈ। ਸਭ ਤੋਂ ਵੱਧ ਵਪਾਰਯੋਗ ਮੁਦਰਾਵਾਂ ਵਿਚ ਇੱਕ ਮੁਕਾਬਲਤਨ ਸਥਿਰ ਮੁੱਲ ਅਤੇ ਇੱਕ ਮੁਕਾਬਲਤਨ ਤਰਲ ਬਾਜ਼ਾਰ ਹੁੰਦਾ ਹੈ, ਜੋ ਉਨ੍ਹਾਂ ਨੂੰ ਨਿਵੇਸ਼ਕਾਂ ਅਤੇ ਵਪਾਰੀਆਂ ਲਈ ਇੱਕ ਵਧੀਆ ਵਿਕਲਪ ਬਣਾਉਂਦੇ ਹਨ, ਜੋ ਵੱਖ-ਵੱਖ ਮੁਦਰਾਵਾਂ ਦੇ ਸੰਪਰਕ ਵਿਚ ਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਭਾਵੇਂ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੁਨੀਆਂ ਭਰ ਵਿਚ ਜੋਅ ਬਾਇਡਨ, ਰਿਸ਼ੀ ਸੁਨਕ ਨੂੰ ਹਰਾ ਕੇ ਸਭ ਤੋਂ ਮਸ਼ਹੂਰ ਗਲੋਬਲ ਲੀਡਰ ਬਣ ਗਏ ਹਨ, ਹਰਮਨਪਿਆਰੇ ਹਨ, ਅਤੇ ਉਸਨੇ ਕਿਹਾ ਕਿ ਜੇਕਰ ਉਹ ਤੀਜਾ ਕਾਰਜਕਾਲ ਪ੍ਰਾਪਤ ਕਰਦੇ ਹਨ, ਤਾਂ ਉਹ ਭਾਰਤ ਨੂੰ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਾ ਦੇਣਗੇ। ਅਫ਼ਸੋਸ ਦੀ ਗੱਲ ਹੈ ਕਿ ਭਾਰਤੀ ਮੁਦਰਾ 17 ਨੰਬਰ ’ਤੇ ਵਪਾਰਯੋਗ ਹੈ ਤੇ ਬਹੁਤ ਸਾਰੇ ਦੇਸ਼ਾਂ ਵਿਚ ਸਵੀਕਾਰ ਨਹੀਂ ਕੀਤੀ ਜਾਂਦੀ।



## 1. ਅਮਰੀਕੀ ਡਾਲਰ

ਅਮਰੀਕੀ ਡਾਲਰ ਵਿਚ ਹੋਣ ਵਾਲੇ ਸਾਰੇ ਮੁਦਰਾ ਦੇ ਲਗਭਗ 88 ਪ੍ਰਤੀਸ਼ਤ ਦੇ ਨਾਲ, ਇਹ ਵਿਸ਼ਵ ਪੱਧਰ ’ਤੇ ਸਭ ਤੋਂ ਵੱਧ ਵਪਾਰਕ ਮੁਦਰਾ ਹੈ। ਦੁਨੀਆਂ ਭਰ ਦੇ ਕੇਂਦਰੀ ਬੈਂਕਾਂ ਦੁਆਰਾ ਇਸਦੀ ਵਿਆਪਕ ਤੌਰ ’ਤੇ ਇੱਕ ਰਿਜ਼ਰਵ ਮੁਦਰਾ ਵਜੋਂ ਵਰਤੋਂ ਕੀਤੀ ਜਾਂਦੀ ਹੈ ਅਤੇ ਇਹ ਸੰਯੁਕਤ ਰਾਜ ਦੀ ਅਧਿਕਾਰਤ ਮੁਦਰਾ ਹੈ। ਯੂ.ਐੱਸ. ਦੀ ਆਰਥਿਕਤਾ ਦਾ ਆਕਾਰ ਅਤੇ ਸਥਿਰਤਾ ਯੂ.ਐੱਸ.ਡੀ. ਦੇ ਵਿਸ਼ਵ ਵਿਚ ਸਭ ਤੋਂ ਵੱਧ ਵਪਾਰਕ ਮੁਦਰਾ ਵਜੋਂ ਖੜ੍ਹੇ ਹੋਣ ਦੇ ਦੋ ਪ੍ਰਮੁੱਖ ਕਾਰਕ ਹਨ। ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਅਤੇ ਇੱਕ ਜਿਸ ਨੂੰ ਆਮ ਤੌਰ ’ਤੇ ਸਥਿਰ ਮੰਨਿਆ ਜਾਂਦਾ ਹੈ, ਸੰਯੁਕਤ ਰਾਜ ਅਮਰੀਕਾ ਹੈ, ਜਿਸਨੇ ਯੂ.ਐੱਸ.ਡੀ. ਦੀ ਇੱਕ ਸੁਰੱਖਿਅਤ ਮੁਦਰਾ ਵਜੋਂ ਸਥਿਤੀ ਵਿਚ ਯੋਗਦਾਨ ਪਾਇਆ ਹੈ। ਇਸਦਾ ਮਤਲਬ ਇਹ ਹੈ ਕਿ ਆਰਥਿਕ ਅਨਿਸ਼ਚਿਤਤਾ ਜਾਂ ਅਸਥਿਰਤਾ ਦੇ ਸਮੇਂ ਦੌਰਾਨ, ਨਿਵੇਸ਼ਕ ਅਕਸਰ ਯੂ.ਐੱਸ.ਡੀ. ਵੱਲ ਝੁਕਦੇ ਹਨ।

## 2. ਯੂਰੋ

ਯੂਰੋ, ਯੂਰਪੀਅਨ ਯੂਨੀਅਨ ਦੀ ਅਧਿਕਾਰਤ ਮੁਦਰਾ ਹੈ ਅਤੇ 27 ਮੈਂਬਰ ਦੇਸ਼ਾਂ ਵਿਚੋਂ 19 ਦੁਆਰਾ ਵਰਤੀ ਜਾਂਦੀ ਹੈ, ਜਿਸਨੂੰ ਸਮੂਹਿਕ ਤੌਰ ’ਤੇ ਯੂਰੋਜ਼ੋਨ ਵਜੋਂ ਜਾਣਿਆ ਜਾਂਦਾ ਹੈ। ਇਹ ਦੁਨੀਆਂ ਦੀ ਦੂਜੀ ਸਭ ਤੋਂ ਵੱਧ ਵਪਾਰਕ ਮੁਦਰਾ ਹੈ, ਅਤੇ ਇਹ ਅੰਤਰਰਾਸ਼ਟਰੀ ਵਪਾਰ ਅਤੇ ਵਿੱਤ ਵਿਚ ਵਿਆਪਕ ਤੌਰ ’ਤੇ ਵਰਤੀ ਜਾਂਦੀ ਹੈ। ਯੂਰੋ ਨੂੰ 1999 ਵਿਚ ਇੱਕ ਇਲੈਕਟ੍ਰਾਨਿਕ ਮੁਦਰਾ ਵਜੋਂ ਪੇਸ਼ ਕੀਤਾ ਗਿਆ ਸੀ ਅਤੇ 2002 ਵਿਚ ਭੌਤਿਕ ਮੁਦਰਾ ਦੇ ਰੂਪ ਵਿਚ ਪ੍ਰਸਾਰਿਤ ਕੀਤਾ ਗਿਆ ਸੀ। ਯੂਰੋ ਦੇ ਪਿੱਛੇ ਵਿਚਾਰ ਆਰਥਿਕ ਏਕੀਕਰਨ ਅਤੇ ਸਥਿਰਤਾ ਨੂੰ ਉਤਸ਼ਾਹਿਤ ਕਰਨ ਲਈ, ਅਤੇ ਲੋਕਾਂ ਲਈ ਇਸਨੂੰ ਆਸਾਨ ਬਣਾਉਣ ਲਈ ਯੂਰਪੀਅਨ ਯੂਨੀਅਨ ਲਈ ਇੱਕ ਸਿੰਗਲ ਮੁਦਰਾ ਬਣਾਉਣਾ ਸੀ। ਅਤੇ ਕਾਰੋਬਾਰਾਂ ਨੂੰ ਯੂਰਪੀਅਨ ਯੂਨੀਅਨ ਦੇ ਅੰਦਰ ਸਰਹੱਦਾਂ ਦੇ ਪਾਰ ਵਪਾਰ ਕਰਨ ਲਈ।

## 3. ਜਾਪਾਨੀ ਯੇਨ

ਦੁਨੀਆਂ ਵਿਚ ਤੀਜੀ ਸਭ ਤੋਂ ਵੱਧ ਵਪਾਰਕ ਮੁਦਰਾ ਜਾਪਾਨੀ ਯੇਨ ਹੈ, ਜੋ ਜਾਪਾਨ ਦੇ ਕਾਨੂੰਨੀ ਟੈਂਡਰ ਦੇ ਦੇਸ਼ ਵਜੋਂ ਕੰਮ ਕਰਦੀ ਹੈ। ਅੰਤਰਰਾਸ਼ਟਰੀ ਵਪਾਰ ਅਤੇ ਵਿੱਤ ਵਿਚ, ਖਾਸ ਤੌਰ ’ਤੇ ਏਸ਼ੀਆਈ ਖੇਤਰ ਵਿਚ, ਇਹ ਵਿਆਪਕ ਤੌਰ ’ਤੇ ਕੰਮ ਕਰਦਾ ਹੈ। ਜਾਪਾਨੀ ਯੇਨ ਦਾ ਇੱਕ ਲੰਮਾ ਇਤਿਹਾਸ ਹੈ ਅਤੇ ਕਈ ਸਾਲਾਂ ਤੋਂ ਜਾਪਾਨ ਵਿਚ ਭੁਗਤਾਨ ਵਜੋਂ ਸਵੀਕਾਰ ਕੀਤਾ ਗਿਆ ਹੈ। ਸਿੱਕਿਆਂ ਅਤੇ ਨੋਟਾਂ ਦੀ ਗੁੰਝਲਦਾਰ ਪ੍ਰਣਾਲੀ ਜੋ ਕਿ ਈਡੋ ਯੁੱਗ ਤੋਂ ਵਰਤੋਂ ਵਿਚ ਆ ਰਹੀ ਸੀ, ਨੂੰ ਯੇਨ ਦੇ ਸਮਕਾਲੀ ਸੰਸਕਰਣ ਦੁਆਰਾ ਬਦਲ ਦਿੱਤਾ ਗਿਆ ਸੀ, ਜੋ 1871 ਵਿਚ ਅਪਣਾਇਆ ਗਿਆ ਸੀ।

## 4. ਬ੍ਰਿਟਿਸ਼ ਪੌਂਡ

ਬ੍ਰਿਟਿਸ਼ ਪੌਂਡ, ਜੋ ਕਿ ਯੂਨਾਈਟਿਡ ਕਿੰਗਡਮ ਲਈ ਖਾਤੇ ਦੀ ਅਧਿਕਾਰਤ ਇਕਾਈ ਵਜੋਂ ਕੰਮ ਕਰਦਾ ਹੈ, ਦੁਨੀਆਂ ਵਿਚ ਚੌਥੀ-ਸਭ ਤੋਂ ਵੱਧ ਵਪਾਰਕ ਮੁਦਰਾ ਹੈ। ਮਹੱਤਵਪੂਰਨ ਮੁਦਰਾ ਵਜੋਂ ਇਸਦਾ ਲੰਬਾ ਇਤਿਹਾਸ ਹੈ ਅਤੇ ਅੰਤਰਰਾਸ਼ਟਰੀ ਵਪਾਰ ਅਤੇ ਵਿੱਤ ਵਿਚ ਅਕਸਰ ਵਰਤਿਆ ਜਾਂਦਾ ਹੈ। ਬ੍ਰਿਟਿਸ਼ ਪੌਂਡ ਨੂੰ 18ਵੀਂ ਸਦੀ ਤੋਂ ਯੂ.ਕੇ. ਦੀ ਸਰਕਾਰੀ ਮੁਦਰਾ ਵਜੋਂ ਵਰਤਿਆ ਜਾਂਦਾ ਰਿਹਾ ਹੈ, ਪਰ ਇਸਦੀ ਸ਼ੁਰੂਆਤ ਅੱਠਵੀਂ ਸਦੀ ਤੋਂ ਹੋਈ। ਬੈਂਕ ਆਫ਼ ਇੰਗਲੈਂਡ, ਯੂ.ਕੇ. ਦਾ ਕੇਂਦਰੀ ਬੈਂਕ, ਪੌਂਡ ਦੀ ਰਚਨਾ ਅਤੇ ਸਰਕੂਲੇਸ਼ਨ ਦੀ ਨਿਗਰਾਨੀ ਕਰਦਾ ਹੈ ਅਤੇ ਕੀਮਤ ਸਥਿਰਤਾ ਅਤੇ ਲੰਬੇ ਸਮੇਂ ਦੇ ਆਰਥਿਕ ਵਿਸਤਾਰ ਨੂੰ ਸਮਰਥਨ ਦੇਣ ਲਈ ਮੁਦਰਾ ਨੀਤੀ ਬਣਾਉਂਦਾ ਹੈ।

## 5. ਆਸਟ੍ਰੇਲੀਆਈ ਡਾਲਰ

ਖਾਸ ਤੌਰ ’ਤੇ ਏਸ਼ੀਆ-ਪ੍ਰਸ਼ਾਂਤ ਖੇਤਰ ਵਿਚ, ਆਸਟ੍ਰੇਲੀਆਈ ਡਾਲਰ ਦੀ ਵਿਆਪਕ ਤੌਰ ’ਤੇ ਅੰਤਰਰਾਸ਼ਟਰੀ ਵਪਾਰ ਅਤੇ ਬੈਂਕਿੰਗ ਵਿਚ ਵਰਤੋਂ ਕੀਤੀ ਜਾਂਦੀ ਹੈ। ਪਹਿਲੇ ਆਸਟ੍ਰੇਲੀਅਨ ਬੈਂਕ ਨੋਟ 1910 ਵਿਚ ਛਾਪੇ ਗਏ ਸਨ, ਜਿਸ ਨਾਲ ਆਸਟ੍ਰੇਲੀਆਈ ਡਾਲਰ ਦਾ ਇੱਕ ਲੰਮਾ ਇਤਿਹਾਸ ਸੀ। 1966 ਵਿਚ, ਆਸਟ੍ਰੇਲੀਅਨ ਪੌਂਡ ਨੂੰ ਸਮਕਾਲੀ ਆਸਟ੍ਰੇਲੀਅਨ ਡਾਲਰ ਨਾਲ ਬਦਲ ਦਿੱਤਾ ਗਿਆ ਸੀ। ਰਿਜ਼ਰਵ ਬੈਂਕ ਆਫ਼ ਆਸਟ੍ਰੇਲੀਆ, ਦੇਸ਼ ਦਾ ਕੇਂਦਰੀ ਬੈਂਕ, ਉਧ ਦੇ ਮੁੱਦੇ ਅਤੇ ਸਰਕੂਲੇਸ਼ਨ ਦਾ ਪ੍ਰਬੰਧਨ ਕਰਦਾ ਹੈ ਅਤੇ ਕੀਮਤ ਸਥਿਰਤਾ ਅਤੇ ਲੰਬੇ ਸਮੇਂ ਦੇ ਆਰਥਿਕ ਵਿਕਾਸ ਨੂੰ ਸਮਰਥਨ ਦੇਣ ਲਈ ਮੁਦਰਾ ਨੀਤੀ ਸਥਾਪਤ ਕਰਦਾ ਹੈ।

## 6. ਕੈਨੇਡੀਅਨ ਡਾਲਰ

ਕੈਨੇਡਾ ਦੀ ਅਧਿਕਾਰਤ ਮੁਦਰਾ ਕੈਨੇਡੀਅਨ ਡਾਲਰ ਹੈ, ਜੋ ਦੁਨੀਆਂ ਭਰ ਵਿਚ ਛੇਵੇਂ ਸਭ ਤੋਂ ਵੱਧ ਵਪਾਰਕ ਮੁਦਰਾ ਵਜੋਂ ਦਰਜਾਬੰਦੀ ਕਰਦੀ ਹੈ। ਅੰਤਰਰਾਸ਼ਟਰੀ ਵਪਾਰ ਅਤੇ ਬੈਂਕਿੰਗ ਵਿਚ, ਖਾਸ ਤੌਰ ’ਤੇ ਉੱਤਰੀ ਅਮਰੀਕੀ ਖੇਤਰ ਵਿਚ, ਇਸਦੀ ਵਿਆਪਕ ਵਰਤੋਂ ਕੀਤੀ ਜਾਂਦੀ ਹੈ। ਲੂਨ, ਇੱਕ ਪੰਛੀ ਜੋ ਇੱਕ-ਡਾਲਰ ਦੇ ਸਿੱਕੇ ’ਤੇ ਦਿਖਾਇਆ ਗਿਆ ਹੈ, ਕੈਨੇਡੀਅਨ ਡਾਲਰ ਲਈ ਉਪਨਾਮ “ਲੂਨੀ” ਦਾ ਸਰੋਤ ਹੈ। ਇਸਦੀ ਵਟਾਂਦਰਾ ਦਰ ਵਿਦੇਸ਼ੀ ਮੁਦਰਾ ਬਾਜ਼ਾਰ ਵਿਚ ਸਪਲਾਈ ਅਤੇ ਮੰਗ ’ਤੇ ਆਧਾਰਿਤ ਹੈ ਕਿਉਂਕਿ ਇਹ ਇੱਕ ਫਲੋਟਿੰਗ ਮੁਦਰਾ ਹੈ। ਬੈਂਕ ਆਫ਼ ਕੈਨੇਡਾ ਕੈਨੇਡੀਅਨ ਡਾਲਰ ਦੀ ਸਿਰਜਣਾ ਅਤੇ ਸਰਕੂਲੇਸ਼ਨ ਦੀ ਨਿਗਰਾਨੀ ਕਰਦਾ ਹੈ ਅਤੇ ਸਥਿਰ ਕੀਮਤਾਂ ਅਤੇ ਲੰਬੇ ਸਮੇਂ ਦੇ ਆਰਥਿਕ ਵਿਸਤਾਰ ਨੂੰ ਸਮਰਥਨ ਦੇਣ ਲਈ ਮੁਦਰਾ ਨੀਤੀ ਸਥਾਪਤ ਕਰਦਾ ਹੈ।

## 7. ਸਵਿਸ ਫ੍ਰੈਂਕ

ਦੁਨੀਆਂ ਭਰ ਵਿਚ ਸੱਤਵੀਂ ਸਭ ਤੋਂ ਵੱਧ ਵਪਾਰਕ ਮੁਦਰਾ ਸਵਿਸ ਫ੍ਰੈਂਕ ਹੈ, ਜੋ ਸਵਿਟਜ਼ਰਲੈਂਡ ਦੀ ਐਕਸਚੇਂਜ ਦੀ ਅਧਿਕਾਰਤ ਇਕਾਈ ਵਜੋਂ ਕੰਮ ਕਰਦੀ ਹੈ। ਅੰਤਰਰਾਸ਼ਟਰੀ ਵਪਾਰ ਅਤੇ ਵਿੱਤ ਵਿਚ, ਖਾਸ ਤੌਰ ’ਤੇ ਯੂਰਪੀਅਨ ਖੇਤਰ ਵਿਚ, ਇਹ ਵਿਆਪਕ ਤੌਰ ’ਤੇ ਕੰਮ ਕਰਦਾ ਹੈ। 18ਵੀਂ ਸਦੀ ਤੋਂ, ਸਵਿਟਜ਼ਰਲੈਂਡ ਨੇ ਸਵਿਸ ਫ੍ਰੈਂਕ ਨੂੰ ਪੈਸੇ ਦੇ ਅਧਿਕਾਰਤ ਰੂਪ ਵਜੋਂ ਵਰਤਿਆ ਹੈ। ਸਵਿਟਜ਼ਰਲੈਂਡ ਨੇ 1850 ਵਿਚ ਸੋਨੇ ਦੇ ਮਿਆਰ ਨੂੰ ਅਪਣਾਉਣ ਤੋਂ ਬਾਅਦ, ਮੌਜੂਦਾ ਫ੍ਰੈਂਕ ਨੂੰ ਪਹਿਲਾਂ ਜਾਰੀ ਕੀਤਾ ਗਿਆ ਸੀ।

## 8. ਚੀਨੀ ਰੇਨਮਿਨਬੀ

ਚੀਨ ਦੀ ਰਾਸ਼ਟਰੀ ਮੁਦਰਾ ਚੀਨੀ ਰੇਨਮਿਨਬੀ ਹੈ, ਜਿਸਨੂੰ ਚੀਨੀ ਯੂਆਨ ਵੀ ਕਿਹਾ ਜਾਂਦਾ ਹੈ। ਇਹ ਵਰਤਮਾਨ ਵਿਚ ਦੁਨੀਆਂ ਵਿਚ ਨੌਵੀਂ ਸਭ ਤੋਂ ਵੱਧ ਵਪਾਰਕ ਮੁਦਰਾ ਹੈ, ਅਤੇ ਇਸ ਦੀ ਵਰਤੋਂ ਵਿਚ ਵਾਧਾ ਹੋਇਆ ਹੈ ਕਿਉਂਕਿ ਚੀਨ ਨਾਲ ਵਪਾਰਕ ਸਬੰਧ ਵਧੇਰੇ ਮਹੱਤਵਪੂਰਨ ਹੋ ਗਏ ਹਨ ਅਤੇ ਚੀਨ ਦੀ ਆਰਥਿਕਤਾ ਦਾ ਵਿਸਤਾਰ ਜਾਰੀ ਹੈ। ਰੇਨਮਿਨਬੀ ਦਾ ਇੱਕ ਲੰਮਾ ਇਤਿਹਾਸ ਹੈ ਅਤੇ ਚੀਨ ਵਿਚ ਬਹੁਤ ਲੰਬੇ ਸਮੇਂ ਤੋਂ ਪੈਸੇ ਵਜੋਂ ਵਰਤਿਆ ਜਾਂਦਾ ਰਿਹਾ ਹੈ। 1949 ਵਿਚ ਪੀਪਲਜ਼ ਰੀਪਬਲਿਕ ਆਫ ਚਾਈਨਾ ਦੀ ਸਥਾਪਨਾ ਤੋਂ ਬਾਅਦ, ਮੌਜੂਦਾ ਰੇਨਮਿਨਬੀ ਨੂੰ ਪੇਸ਼ ਕੀਤਾ ਗਿਆ ਸੀ। ਰੇਨਮਿਨਬੀ ਨੂੰ ਦੇਸ਼ ਦਾ ਕੇਂਦਰੀ ਬੈਂਕ ਪੀਪਲਜ਼ ਬੈਂਕ ਆਫ਼ ਚਾਈਨਾ (ਪੀ.ਬੀ.ਓ.ਸੀ.) ਦੁਆਰਾ ਜਾਰੀ ਕੀਤਾ ਅਤੇ ਪ੍ਰਬੰਧਿਤ ਕੀਤਾ ਜਾਂਦਾ ਹੈ।

## 9. ਹਾਂਗਕਾਂਗ ਡਾਲਰ

ਹਾਂਗਕਾਂਗ ਦੀ ਅਧਿਕਾਰਤ ਮੁਦਰਾ ਹਾਂਗਕਾਂਗ ਡਾਲਰ ਹੈ, ਜਿਸਦੀ ਵਟਾਂਦਰਾ ਦਰ ਐੱਚ.ਕੇ.ਡੀ. ਨਾਲ ਜੁੜੀ ਹੋਈ ਹੈ। ਇਸ ਨਿਸ਼ਚਿਤ ਵਟਾਂਦਰਾ ਦਰ ਨੂੰ ਕਾਇਮ ਰੱਖਣ ਲਈ, ਹਾਂਗਕਾਂਗ ਮੁਦਰਾ ਅਥਾਰਟੀ ਵਿਦੇਸ਼ੀ ਮੁਦਰਾ ਬਾਜ਼ਾਰ ਵਿਚ ਦਖਲ ਦਿੰਦੀ ਹੈ। ਇਸ ਦਾ ਮਤਲਬ ਹੈ ਕਿ ਐੱਚ.ਕੇ.ਡੀ. ਦਾ ਮੁੱਲ ਅਮਰੀਕੀ ਡਾਲਰ ਦੇ ਮੁੱਲ ਨਾਲ ਮਜ਼ਬੂਤੀ ਨਾਲ ਸਬੰਧਿਤ ਹੈ। ਹਾਂਗਕਾਂਗ ਡਾਲਰ ਦੀ ਵਰਤੋਂ ਵਿਸ਼ਵਵਿਆਪੀ ਵਪਾਰ ਅਤੇ ਬੈਂਕਿੰਗ ਵਿਚ ਪੈਗ ਦੇ ਨਤੀਜੇ ਵਜੋਂ ਕੀਤੀ ਜਾਂਦੀ ਹੈ, ਖਾਸ ਤੌਰ ’ਤੇ ਏਸ਼ੀਆਈ ਖੇਤਰ ਵਿਚ। ਐੱਚ.ਕੇ.ਡੀ. ਖੇਤਰੀ ਨਿਵੇਸ਼ਾਂ ਅਤੇ ਸਰਹੱਦ ਪਾਰ ਵਪਾਰ ਦੋਵਾਂ ਲਈ ਇੱਕ ਪ੍ਰਸਿੱਧ ਮੁਦਰਾ ਹੈ।

## 10. ਨਿਊਜ਼ੀਲੈਂਡ ਡਾਲਰ

ਨਿਊਜ਼ੀਲੈਂਡ ਡਾਲਰ ਵਿਸ਼ਵ ਪੱਧਰ ’ਤੇ 10ਵੇਂ ਸਭ ਤੋਂ ਵੱਧ ਵਪਾਰਕ ਮੁਦਰਾ ਵਜੋਂ ਦਰਜਾਬੰਦੀ ਕਰਦਾ ਹੈ। ਖਾਸ ਤੌਰ ’ਤੇ ਏਸ਼ੀਆ-ਪ੍ਰਸ਼ਾਂਤ ਖੇਤਰ ਵਿਚ, ਇਸਦੀ ਵਿਆਪਕ ਤੌਰ ’ਤੇ ਅੰਤਰਰਾਸ਼ਟਰੀ ਵਪਾਰ ਅਤੇ ਬੈਂਕਿੰਗ ਵਿਚ ਵਰਤੋਂ ਕੀਤੀ ਜਾਂਦੀ ਹੈ। ਵਸਤੂਆਂ ਦਾ ਨਿਰਯਾਤ, ਖਾਸ ਤੌਰ ’ਤੇ ਖੇਤੀਬਾੜੀ ਸੈਕਟਰ ਤੋਂ, ਜਿਵੇਂ ਕਿ ਡੇਅਰੀ ਅਤੇ ਮੀਟ ਉਤਪਾਦ, ਨਿਊਜ਼ੀਲੈਂਡ ਲਈ ਆਮਦਨ ਦਾ ਇੱਕ ਮਹੱਤਵਪੂਰਨ ਸਰੋਤ ਹੈ। ਨਤੀਜੇ ਵਜੋਂ, ਐੱਨ.ਜੇ.ਡੀ. ਦਾ ਮੁੱਲ ਇਨ੍ਹਾਂ ਵਸਤੂਆਂ ਦੀਆਂ ਕੀਮਤਾਂ ਨਾਲ ਮਜ਼ਬੂਤੀ ਨਾਲ ਜੁੜਿਆ ਹੋਇਆ ਹੈ, ਜੋ ਇਸਨੂੰ ਸੰਸਾਰ ਦੀਆਂ ਵਸਤੂਆਂ ਦੀਆਂ ਕੀਮਤਾਂ ਵਿਚ ਤਬਦੀਲੀਆਂ ਲਈ ਸੰਵੇਦਨਸ਼ੀਲ ਬਣਾਉਂਦਾ ਹੈ।



# ਚਰਖੜੀਆਂ 'ਤੇ ਚਾੜ੍ਹਕੇ ਸ਼ਹੀਦ ਕੀਤੇ ਪਿਉ-ਪੁੱਤਰ- ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ

## 279ਵੇਂ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

ਸਿੱਖ ਧਰਮ 'ਚ ਸ਼ਹੀਦੀ ਦਾ ਮੁੱਢ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1606 ਈ: ਨੂੰ ਲਾਹੌਰ ਵਿਚ ਬੰਨ੍ਹਿਆ ਸੀ। ਤਦੇ ਆਪ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ। ਪੰਚਮ ਪਾਤਸ਼ਾਹ ਜੀ ਤੋਂ ਬਾਅਦ ਲਾਹੌਰ ਵਿਚ ਸਿੱਖਾਂ ਦੀਆਂ ਹੋਈਆਂ ਸ਼ਹੀਦੀਆਂ ਦੀ ਲਿਸਟ ਬਹੁਤ ਲੰਮੀ ਹੈ। ਸਮੇਂ ਦੀ ਜ਼ਾਲਮ ਜਕਰੀਆ ਖਾਨ ਸਰਕਾਰ ਵਲੋਂ ਭਾਈ ਤਾਰੂ ਸਿੰਘ ਜੀ ਨੂੰ ਲਾਹੌਰ ਵਿਚ ਕੇਸਾਂ ਸਣੇ ਖੋਪੜੀ ਲਾਹ ਕੇ ਸ਼ਹੀਦ ਕੀਤਾ ਗਿਆ ਸੀ। ਲਾਹੌਰ ਵਿਚ ਹੀ ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਸੀ। ਇਸੇ ਲਾਹੌਰ ਵਿਚ ਹੀ ਭਾਈ ਸੁਬੇਗ ਸਿੰਘ ਅਤੇ ਉਨ੍ਹਾਂ ਦੇ 18 ਸਾਲ ਦੇ ਨੌਜਵਾਨ ਬੇਟੇ ਭਾਈ ਸ਼ਾਹਬਾਜ ਸਿੰਘ ਨੂੰ ਸਮੇਂ ਦੀ ਹਕੂਮਤ ਨੇ 1745 ਈ: 'ਚ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਸੀ।

ਭਾਈ ਸੁਬੇਗ ਸਿੰਘ ਇਲਾਕਾ ਲਾਹੌਰ ਦੇ ਪਿੰਡ ਜੰਬਰ ਦੇ ਰਹਿਣ ਵਾਲੇ ਸਨ। ਫਾਰਸੀ ਦੇ ਵਿਦਵਾਨ ਪੁਰਸ਼ ਹੋਣ ਕਰਕੇ ਆਪ ਜੀ ਨੂੰ ਖਾਨ ਬਹਾਦਰ ਜਕਰੀਆ ਖਾਨ ਦੇ ਦਰਬਾਰ ਵਿਚ ਨੌਕਰੀ ਮਿਲੀ ਹੋਈ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਆਪ ਕੁਝ ਚਿਰ ਲਾਹੌਰ ਦੇ ਕੋਤਵਾਲ ਭੀ ਰਹੇ, ਜਿਸ ਸਮੇਂ ਆਪ ਨੇ ਕਈ ਸ਼ਹੀਦਗੰਜ ਅਤੇ ਗੁਰਦੁਆਰਾ ਵੀ ਬਣਵਾਏ ਸਨ। ਲੋਕ ਭਲਾਈ ਦੇ ਕਾਰਜ ਕਰਨ ਕਰਕੇ ਕੱਟੜਪੰਥੀ ਮੁਸਲਮਾਨ ਆਪ ਨਾਲ ਖਾਰ ਖਾਂਦੇ ਸਨ। ਲਾਹੌਰ ਦਰਬਾਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਮੁਗਲੀਆ ਹਕੂਮਤ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੂੰ ਦਿੱਲੀ ਵਿਚ ਚਿੱਠੀ ਭੇਜ ਕੇ ਇਸ ਮੱਤੇ ਦੀ ਮਨਜ਼ੂਰੀ ਲੈ ਲਈ ਸੀ ਕਿ ਸਿੱਖ ਕੌਮ ਨਾਲ ਸੁਲਾਅ-ਸਫਾਈ ਕਰ ਲਈ ਜਾਵੇ, ਤਾਂ ਕਿ ਅਮਨ ਚੈਨ ਨਾਲ ਹਿੰਦੁਸਤਾਨ 'ਤੇ ਰਾਜ ਕੀਤਾ ਜਾ ਸਕੇ। ਜ਼ਕਰੀਆ ਖਾਨ ਨੇ 29 ਮਾਰਚ 1733 ਈ: 'ਚ ਭਾਈ ਸੁਬੇਗ ਸਿੰਘ ਨੂੰ ਆਪਣਾ ਖਾਸ ਨੁਮਾਇੰਦਾ (ਵਕੀਲ) ਬਣਾ ਕੇ ਸਿੱਖ ਪੰਥ ਦੇ ਜਥੇਦਾਰ ਨੂੰ 'ਨਵਾਬੀ ਦਾ ਖਿਤਾਬ' ਅਤੇ ਵੱਡੀਆਂ ਜਗੀਰਾਂ ਨਾਲ ਨਿਵਾਜਣ ਲਈ ਲਾਹੌਰ ਤੋਂ ਸ੍ਰੀ ਅੰਮ੍ਰਿਤਸਰ ਭੇਜਿਆ ਸੀ। ਭਾਈ ਸੁਬੇਗ ਸਿੰਘ ਜੀ ਵਲੋਂ ਲਿਜਾਇਆ ਗਿਆ 'ਨਵਾਬੀ ਦਾ ਖਿਤਾਬ' ਪੰਥਕ ਇਕੱਠ ਵਲੋਂ ਸੰਗਤ ਅਤੇ ਘੋੜਿਆਂ ਦੀ ਸੇਵਾ ਕਰਨ ਵਾਲੇ ਸਰਦਾਰ ਕਪੂਰ ਸਿੰਘ ਫੈਜਲਪੁਰੀਆ ਨੂੰ ਦਿੱਤਾ ਗਿਆ ਸੀ। ਸਿੱਖ ਇਤਿਹਾਸ ਵਿਚ ਭਾਈ ਸੁਬੇਗ ਸਿੰਘ ਨੂੰ



ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕੀਤੇ ਭਾਈ ਸੁਬੇਗ ਸਿੰਘ ਜੀ ਅਤੇ ਭਾਈ ਸ਼ਾਹਬਾਜ ਸਿੰਘ ਜੀ।

"ਵਕੀਲ" ਪੱਦ ਨਾਲ ਵੀ ਯਾਦ ਕੀਤਾ ਜਾਂਦਾ ਹੈ।

ਸਮੇਂ ਦੇ ਕਰਵਟ ਬਦਲਣ ਨਾਲ ਭਾਈ ਸੁਬੇਗ ਸਿੰਘ ਦੇ 18 ਸਾਲ ਦੇ ਨੌਜਵਾਨ ਗੱਭਰੂ ਪੁੱਤਰ ਭਾਈ ਸ਼ਾਹਬਾਜ ਸਿੰਘ ਨੇ ਮਦਰੱਸੇ ਪੜ੍ਹਦੇ ਸਮੇਂ ਮੌਲਵੀ ਨੂੰ ਧਰਮਾਂ ਦੀ ਚਰਚਾ ਕਰਦੇ ਸਮੇਂ ਸਿੱਖ ਧਰਮ ਦੀ ਸੱਚੀ ਮਰਿਆਦਾ ਤੋਂ ਜਾਣੂ ਕਰਵਾਇਆ ਤਾਂ ਚਰਚਾ 'ਚੋਂ ਹਾਰੇ ਹੋਏ ਮੌਲਵੀ ਨੇ ਭਾਈ ਸ਼ਾਹਬਾਜ ਸਿੰਘ ਨੂੰ ਇਸਲਾਮ ਦੀ ਤੌਹੀਨ ਕਰਨ ਦੀਆਂ ਝੂਠੀਆਂ ਤੋਹਮਤਾਂ ਲਾ ਕੇ ਕੈਦ ਕਰਵਾ ਦਿੱਤਾ। ਥੋੜ੍ਹੇ ਸਮੇਂ ਬਾਅਦ ਆਪ ਦੇ ਪਿਤਾ ਭਾਈ ਸੁਬੇਗ ਸਿੰਘ ਨੂੰ ਵੀ ਬਿਨਾ ਕੋਈ ਕਸੂਰ ਕੀਤੇ ਕੈਦ ਕਰ ਲਿਆ ਗਿਆ ਅਤੇ ਦੋਵਾਂ ਨੂੰ ਇਸਲਾਮ ਧਰਮ ਕਬੂਲ ਕਰਨ ਜਾਂ ਮੌਤ ਲਈ ਤਿਆਰ ਹੋਣ ਦਾ ਫੁਰਮਾਨ ਸੁਣਾਇਆ। ਪਿਉ-ਪੁੱਤਰ ਨੇ ਇਸਲਾਮ ਧਰਮ ਕਬੂਲ ਕਰਨ ਨਾਲੋਂ ਮੌਤ ਨੂੰ ਗਲੇ ਲਗਾਉਣ ਨੂੰ ਪਹਿਲ ਦਿੱਤੀ। ਭਾਈ ਸੁਬੇਗ ਸਿੰਘ ਨੇ ਨਜ਼ਦੀਕੀਆਂ ਵਲੋਂ ਪੁੱਤਰ ਨੂੰ ਬਚਾਉਣ ਲਈ ਜੋ ਜੁਆਬ ਦਿੱਤਾ, ਉਸ ਦਾ ਭਾਈ ਰਤਨ ਸਿੰਘ ਭੰਗੂ ਨੇ ਆਪਣੀ ਲਿਖਤ 'ਪੰਥ ਪ੍ਰਕਾਸ਼' ਗ੍ਰੰਥ 'ਚ ਬਹੁਤ ਸੋਹਣਾ ਜ਼ਿਕਰ ਕੀਤਾ ਹੈ: "ਸਿਖਨ ਕਾਜ ਸੁ ਗੁਰੂ ਸਵਾਰੇ, ਸੀਸ ਦੀਓ ਨਿਜ ਸੈਣ ਪ੍ਰਵਾਰੇ।

ਹਮ ਕਾਰਨ ਗੁਰ ਕੁਲਹਿ ਗਵਾਈ, ਹਮ ਕੁਲ ਰਾਖੇ ਕੌਣ ਬਡਾਈ।"

ਕਾਜੀ ਵਲੋਂ ਸੁਣਾਏ ਹੁਕਮ ਅਨੁਸਾਰ ਦੋਵਾਂ ਪਿਉ-ਪੁੱਤਰਾਂ ਨੂੰ ਜ਼ਾਲਮਾਂ ਨੇ ਬਹੁਤ ਹੀ ਤਿੱਖੇ ਦੰਦਿਆਂ ਵਾਲੀਆਂ ਚਰਖੜੀਆਂ 'ਤੇ ਚਾੜ੍ਹ ਕੇ ਕਈ ਵਾਰ ਘੁਮਾਇਆ

ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ
ਛੇਹਰਟਾ
99880-66466
(Punjab Mail USA)



ਗਿਆ, ਤਾਂ ਪਿਉ-ਪੁੱਤਰ ਜ਼ਰਾ ਜਿੰਨਾ ਵੀ ਨਹੀਂ ਡੋਲੇ। ਆਪ ਦੋਵੇਂ ਨਿਰਭੈ ਜੋਧੇ ਅਕਾਲ ਅਕਾਲ ਦੇ ਜੈਕਾਰਿਆਂ ਛੱਡਦੇ ਅਤੇ ਵਾਹਿਗੁਰੂ ਦੇ ਸਿਮਰਨ ਕਰਦੇ ਰਹੇ।

"ਚਰਖੜੀ ਚਾੜ੍ਹ ਫਿਰ ਬਹੁਤ ਘੁਮਾਇਆ।
ਵਾਹਿਗੁਰੂ ਤਿਨ ਨਾਹਿ ਭੁਲਾਇਆ।"

ਇਸ ਤਰ੍ਹਾਂ 279 ਸਾਲ ਪਹਿਲਾਂ 1745 ਈ: ਨੂੰ ਲਾਹੌਰ ਵਿਖੇ ਪਿਉ-ਪੁੱਤਰ ਨੂੰ ਚਰਖੜੀਆਂ 'ਤੇ ਚਾੜ੍ਹਕੇ ਬੇ-ਰਹਿਮੀ ਨਾਲ ਸ਼ਹੀਦ ਕੀਤਾ ਗਿਆ ਸੀ।

ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ ਸਿੰਘ ਦੀ ਲਾਸ਼ਾਨੀ ਸ਼ਹੀਦੀ ਨੂੰ ਰੋਜ਼ਾਨਾ ਸਿੱਖ ਅਰਦਾਸ ਵਿਚ ਵੀ "ਚਰਖੜੀਆਂ 'ਤੇ ਚੜ੍ਹੇ" ਦੇ ਸਤਿਕਾਰਤ ਸਬਦਾਂ ਰਾਹੀਂ ਯਾਦ ਕੀਤਾ ਜਾਂਦਾ ਹੈ।

## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨੜਾਲਾ
ਫੀਨਿਕਸ 480-794-0325



- ਰੂਹਾਂ ਦੀ ਮੌਤ 'ਤੇ ਜਨਾਜ਼ੇ ਨਹੀਂ ਨਿਕਲਦੇ, ਜੇ ਉਹ ਵੀ ਨਿਕਲਣ ਲੱਗੇ ਤਾਂ ਸੰਸਾਰ ਵਿੱਚ ਫੁੱਲ ਬਲੈਕ ਵਿਚ ਵਿਕਣਗੇ।
- ਅੱਜ ਦੇ ਜ਼ਮਾਨੇ ਵਿਚ ਹਰ ਕੋਈ ਆਪਣਾ ਲਿਖਿਆ ਦੂਜਿਆਂ ਨੂੰ ਪੜ੍ਹਾਉਣਾ ਚਾਹੁੰਦਾ ਹੈ, ਪਰ ਕਿਸੇ ਦਾ ਲਿਖਿਆ ਖੁਦ ਨਹੀਂ ਪੜ੍ਹਨਾ ਚਾਹੁੰਦਾ।
- ਇਹ ਠੀਕ ਹੈ ਕਿ ਅਸੀਂ ਪ੍ਰਿਥਵੀ ਨੂੰ ਗੁਲਜ਼ਾਰ ਨਹੀਂ ਬਣਾ ਸਕਦੇ ਪਰ ਰਾਹਵਾਂ ਵਿਚ ਖਿੱਲਰੇ ਕੰਡੇ ਤਾਂ ਚੁੱਗ ਸਕਦੇ ਹਾਂ।
- ਜਿਨ੍ਹਾਂ ਗੱਲਾਂ ਦਾ ਸਾਨੂੰ ਗਿਆਨ ਹੈ ਉਹ ਪਾਣੀ ਦੀ ਬੂੰਦ ਮਾਤਰ ਹੈ ਅਤੇ ਜਿਨ੍ਹਾਂ ਗੱਲਾਂ ਤੋਂ ਅਣਜਾਣ ਹਾਂ, ਉਹ ਸਮੁੰਦਰ ਹੈ।
- ਵਿਗਿਆਨੀ ਭਾਲਦੇ ਹਨ ਮੰਗਲ 'ਤੇ ਜੀਵਨ ਹੈ ਕਿ ਨਹੀਂ? ਧਾਰਮਿਕ ਲੋਕ ਸੋਚਦੇ ਹਨ ਜੀਵਨ ਵਿਚ ਮੰਗਲ ਹੈ ਕਿ ਨਹੀਂ।
- ਸਮੇਂ ਦੀ ਕਦਰ ਕਰੀਏ, ਸਮਾਂ ਪੈਸੇ ਨਾਲੋਂ ਜ਼ਿਆਦਾ ਕੀਮਤੀ ਹੈ। ਪੈਸਾ ਕਮਾਇਆ ਜਾ ਸਕਦਾ ਹੈ ਪਰ ਸਮੇਂ ਨੂੰ ਵਾਪਸ ਨਹੀਂ ਲਿਆ ਸਕਦੇ।
- ਅਸੀਂ ਦੁਜਿਆਂ 'ਤੇ ਪੀ.ਐੱਚ.ਡੀ. ਕਰਨ ਦੇ ਨਾਲ-ਨਾਲ ਖੁਦ 'ਤੇ ਗ੍ਰੈਜੂਏਸ਼ਨ ਹੀ ਕਰ ਲਈਏ, ਤਾਂ ਦੁਨੀਆਂ ਬਦਲ ਸਕਦੀ ਹੈ।

(Punjab Mail USA)

# ਸਮੇਂ ਦੇ ਹਾਣ ਦਾ ਕਹਾਣੀਕਾਰ: ਸੁਖਜੀਤ

ਪੰਜਾਬੀ ਕਹਾਣੀ-ਕਲਾ ਦੇ ਅਰਸ਼ ਦਾ ਇੱਕ ਸਿਤਾਰਾ ਸੁਖਜੀਤ ਕੁਝ ਦਿਨ ਹੋਏ ਸਾਡੇ ਕੋਲੋਂ ਸਰੀਰਕ ਤੌਰ 'ਤੇ ਤਾਂ ਭਾਵੇਂ, ਸਦਾ ਲਈ ਚਲਿਆ ਗਿਆ ਹੈ ਪਰ ਇੱਕ ਵਿੱਲਖਣ ਤੇ ਸਮਰੱਥ ਕਹਾਣੀਕਾਰ ਤਾਂ ਸਾਡੇ ਕੋਲ ਕੱਲ੍ਹ ਵੀ ਸੀ, ਅੱਜ ਵੀ ਹੈ ਅਤੇ ਕੱਲ੍ਹੇ-ਕਲੌਹਰ ਨੂੰ ਵੀ ਕਹਾਣੀ-ਜਗਤ ਵਿਚ ਹਾਜ਼ਰ-ਨਾਜ਼ਰ ਰਹੇਗਾ। ਦਰਅਸਲ, ਕੋਈ ਵੀ ਵਿਅਕਤੀ ਆਪਣੇ ਪੰਜ-ਭੌਤਿਕ ਸਰੀਰ-ਸਹਾਰੇ ਸਦਾ ਵਸਦੇ-ਰਸਦੇ ਰਹਿਣ ਵਾਲੇ ਸੰਸਾਰ ਵਿਚ ਐਵੇਂ ਵਕਤੀ ਤੌਰ 'ਤੇ ਹੀ ਵਿਚਰਨ ਜੋਗਾ ਹੁੰਦਾ ਹੈ। ਅਗੇਤ-ਪਛੇਤ ਇਥੋਂ ਸਭਨਾਂ ਨੂੰ ਤੁਰਨਾ ਹੀ ਪੈਂਦਾ ਹੈ। ਵਿਅਕਤੀ ਦੀ ਚਿਰਜੀਵੀ ਜਾਂ ਸਦ-ਜੀਵਨ ਹੋਂਦ ਤਾਂ ਉਹਦੇ ਵੱਲੋਂ ਕੀਤੇ ਗਏ ਵਿਸ਼ੇਸ਼ ਕਾਰਜ ਵਿਚ ਹੀ ਹੁੰਦਾ ਹੈ, ਬਦਲਵੇਂ ਸ਼ਬਦਾਂ ਵਿਚ ਕਹਿ ਲਈਏ ਕਿ ਪੀੜ੍ਹੀਆਂ ਦੇ ਚੇਤਿਆਂ ਵਿਚ ਵਸੇ ਰਹਿਣ ਦੇ ਸਮਰੱਥ ਤਾਂ ਸਮਾਜਿਕ ਸਰੋਕਾਰਾਂ ਵਾਲੀ ਉਹਦੀ ਪ੍ਰਾਪਤੀ ਹੀ ਹੁੰਦੀ ਹੈ। ਉਹੀ ਪ੍ਰਾਪਤੀ ਸਮੇਂ-ਸਥਾਨ ਦੀ ਬੰਦਸ਼ ਤੋਂ ਸੁਤੰਤਰ ਹੁੰਦੀ ਹੋਈ, ਉਹਦੀ ਪਹਿਚਾਣ ਬਣਦੀ ਹੁੰਦੀ ਹੈ।

ਸੁਖਜੀਤ ਦਾ ਜਨਮ 04 ਜਨਵਰੀ, 1961 ਈ. ਨੂੰ ਮਾਛੀਵਾੜੇ ਸਾਹਿਬ ਦੇ ਨੇੜੇ ਪਿੰਡ ਮਾਣੇਵਾਲ ਵਿਖੇ ਹੋਇਆ। ਉਨ੍ਹਾਂ ਨੂੰ ਸਾਹਿਤਕ ਚੇਟਕ ਆਪਣੇ ਪਿਤਾ ਪਾਸੋਂ ਲੱਗੀ। ਉਨ੍ਹਾਂ ਦੇ ਪਿਤਾ ਜੀ ਨੂੰ ਧਾਰਮਿਕ ਸਾਹਿਤ ਪੜ੍ਹਨ ਦਾ ਸ਼ੌਕ ਸੀ, ਉਹ ਗੁਰੂ ਸਾਹਿਬਾਨਾਂ ਦੀਆਂ ਸਾਖੀਆਂ ਤੇ ਹੋਰ ਗ੍ਰੰਥ ਬਹੁਤ ਰੀਝ ਨਾਲ ਪੜ੍ਹਦੇ ਸਨ। ਉਨ੍ਹਾਂ ਦੀ ਮਾਤਾ ਜੀ ਨਾਮਧਾਰੀ ਲਹਿਰ ਨਾਲ ਸੰਬੰਧ ਰੱਖਦੇ ਸਨ।

ਸਾਹਿਤ ਦੇ ਖੇਤਰ 'ਚ ਸੁਖਜੀਤ ਇਕ ਸਾਇਰ ਵਜੋਂ ਆਪਣੀ ਹੋਂਦ ਸਥਾਪਿਤ ਕਰਦਾ ਹੈ। ਉਸ ਦਾ ਪਹਿਲਾ ਕਾਵਿ-ਸੰਗ੍ਰਹਿ 'ਰੰਗਾਂ ਦਾ ਮਨੋਵਿਗਿਆਨ' 1997 ਈ. 'ਚ ਪ੍ਰਕਾਸ਼ਤ ਹੋਇਆ। ਉਸ ਦੀਆਂ ਸਾਰੀਆਂ ਕਵਿਤਾਵਾਂ 'ਸਮਾਂ ਕਦੋਂ ਬਦਲਦਾ ਹੈ', 'ਪਿਆਰ ਹੋ ਜਾਣ ਤੋਂ ਪਹਿਲਾਂ', 'ਮੌਤ ਇਉਂ ਮਿਲਦੀ ਹੈ', 'ਹਰ ਛਿਣ ਮੌਤ ਦਾ ਸਮਾਂ ਹੈ', 'ਸੁਪਨੇ ਬੀਜਣ ਤੋਂ ਪਹਿਲਾਂ' ਵਿਚ ਰਮਜ਼ ਭਰੀਆਂ ਛੋਹਾਂ ਮਿਲਦੀਆਂ ਹਨ।

ਪੰਜਾਬੀ ਕਹਾਣੀ ਵਿਚ ਸੁਖਜੀਤ ਦਾ ਆਗਮਨ 1999 'ਚ ਉਸਦੇ ਪਲੇਠੇ ਕਹਾਣੀ ਸੰਗ੍ਰਹਿ 'ਅੰਤਰਾ' ਦੀ ਪ੍ਰਕਾਸ਼ਨਾ ਨਾਲ ਹੋਇਆ। ਇਸ ਸੰਗ੍ਰਹਿ ਵਿਚ ਸੁਖਜੀਤ ਨੇ 12 ਕਹਾਣੀਆਂ ਨੂੰ ਸ਼ਾਮਿਲ ਕੀਤਾ, ਜਿਨ੍ਹਾਂ ਦਾ ਕਥਾ-ਧਰਾਤਲ, ਸਮਕਾਲੀ ਸਮਾਜ ਦੀਆਂ ਸਮੱਸਿਆਵਾਂ, ਔਰਤ-ਮਰਦ ਦੇ ਸੰਬੰਧਾਂ ਦੀ ਵਰਜਿਤ ਵਿਆਕਰਨ, ਮਿਥਿਹਾਸ ਦੇ ਪਾਤਰਾਂ ਦਾ ਨਵੀਨੀਕਰਨ, ਮਿੱਥ 'ਚੋਂ ਵਰਤਮਾਨ ਦੀ ਤਲਾਸ਼ ਕਰ ਕੇ, ਇੱਕ ਨਵੇਂ ਅਰਥ-ਪ੍ਰਬੰਧ ਦੀ ਉਸਾਰੀ ਕਰਦਾ ਹੈ।

ਅਜੋਕੀ ਪੰਜਾਬੀ ਕਹਾਣੀ ਮਨੁੱਖ ਦੇ ਅੰਦਰ ਕੀ ਕੁਝ ਵਾਪਰ ਰਿਹਾ ਹੈ, ਦੀ ਕਹਾਣੀ ਹੈ, ਜੋ ਆਪਣੇ ਅਰਥਾਂ ਦਾ ਸੰਚਾਰ ਕਰਦਿਆਂ ਪਾਠਕਾਂ ਮੂਹਰੇ ਸੱਚ/ਸਮੱਸਿਆਵਾਂ ਦੇ ਮੂਲ ਦੀ ਪੇਸ਼ਕਾਰੀ ਕਰਦੀਆਂ ਹਨ। ਕੋਈ ਵੀ ਲੇਖਕ ਉਸ

-ਡਾ. ਚਰਨਜੀਤ ਕੌਰ
ਅਸਿਸਟੈਂਟ ਪ੍ਰੋਫੈਸਰ ਪੰਜਾਬੀ ਵਿਭਾਗ
ਚੌਧਰੀ ਦੇਵੀਲਾਲ ਯੂਨੀਵਰਸਿਟੀ
ਸਿਰਸਾ
98784-47758
(Punjab Mail USA)



ਜੀਵਨ ਬਾਰੇ ਹੀ ਵਧੇਰੇ ਡੂੰਘਾਈ ਨਾਲ ਲਿਖ ਸਕਦਾ ਹੈ, ਜਿਸ ਨੂੰ ਉਸ ਨੇ ਨੇੜਿਓਂ ਦੇਖਿਆ ਹੈ ਜਾਂ ਜਿਸ ਬਾਰੇ ਉਸ ਨੂੰ ਨਿੱਜੀ ਅਨੁਭਵ ਹੋਵੇ।

ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਅੰਤਰਾ' ਤੋਂ ਉਪਰੰਤ ਉਹ ਨਿਰੰਤਰ ਪਰ ਮੜ੍ਹਕ ਚਾਲੇ ਪੰਜਾਬੀ ਅਤੇ ਨਿਰੋਲ ਪੰਜਾਬੀ ਕਹਾਣੀ ਦੇ ਖੇਤਰ 'ਚ ਨਵੀਆਂ ਪੁਲਾਘਾਂ ਪੁੱਟਦਾ ਰਿਹਾ। ਸੁਖਜੀਤ ਉਦੋਂ ਵਿਵਾਦਤ ਲੇਖਕਾਂ ਦੀ ਗਿਣਤੀ ਦਾ ਹਿੱਸਾ ਬਣਦਾ ਹੈ, ਜਦੋਂ ਉਸ ਦੀ ਕਹਾਣੀ 'ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ' ਪਾਠਕਾਂ ਸਾਹਮਣੇ ਆਉਂਦੀ ਹੈ। ਇਸ ਕਹਾਣੀ ਦੇ ਸਿਰਲੇਖ ਕਰਕੇ ਇਹ ਬਹੁਤੀ ਚਰਚਾ ਦਾ ਵਿਸ਼ਾ ਰਹੀ, ਉਸਨੇ ਪਹਿਲਾ ਆਪਣੇ ਕਹਾਣੀ-ਸੰਗ੍ਰਹਿ ਦਾ ਨਾਂ ਇਸੇ ਕਹਾਣੀ ਦੇ ਆਧਾਰ 'ਤੇ ਰੱਖਿਆ ਪਰ ਮੁੜ ਜਦੋਂ ਇਸ ਸੰਗ੍ਰਹਿ ਨੂੰ ਪ੍ਰਕਾਸ਼ਤ ਕਰਵਾਇਆ, ਤਾਂ ਉਸ ਦਾ ਨਾਂ 'ਮੈਂ ਇੰਜੁਆਏ ਕਰਦੀ ਆਂ' ਕੀਤਾ। ਉਸਨੇ ਪੰਜਾਬੀ ਸਾਹਿਤ ਵਿਚ ਵਰਜਿਤ ਸਮਝੇ ਜਾਣ ਵਾਲੇ ਵਿਸ਼ਿਆਂ ਅਤੇ ਸਮਾਜ ਦੇ ਕੁਹਜੇਪਣ ਨੂੰ ਬੇਬਾਕੀ ਨਾਲ ਪੇਸ਼ ਕੀਤਾ।

ਸੁਖਜੀਤ ਦੀ ਕਹਾਣੀ ਕਲਾ ਦੀ ਵਿਸ਼ੇਸ਼ ਖੂਬੀ ਇਹ ਹੈ ਕਿ ਉਹ ਜੀਵਨ ਦੇ ਅਥਾਹ ਸਮੁੰਦਰ ਵਿਚੋਂ ਮੋਤੀ ਲੱਭਦਾ ਹੈ। ਜਿਨ੍ਹਾਂ ਗੱਲਾਂ ਬਾਰੇ ਅਸੀਂ ਪ੍ਰਵਾਹ ਹੀ ਨਹੀਂ ਕਰਦੇ, ਸੁਖਜੀਤ ਉਨ੍ਹਾਂ ਉਪਰ ਵੀ ਕਹਾਣੀ ਲਿਖ ਦਿੰਦਾ ਹੈ।

ਸੁਖਜੀਤ ਸਾਧਾਰਨ ਪਾਤਰਾਂ ਦੀ ਸਾਧਾਰਣਤਾ ਨੂੰ ਪੇਸ਼ ਕਰਨ ਵਾਲਾ ਕਹਾਣੀਕਾਰ ਹੈ, ਉਹ ਆਧੁਨਿਕ ਯੁੱਗ ਤੋਂ ਪੈਦਾ ਹੋਈ ਨਵੀਂ ਮਾਨਸਿਕਤਾ ਤੇ ਪ੍ਰੰਪਰਾਵਾਦੀ, ਰੂੜ੍ਹੀਵਾਦੀ ਮਾਨਸਕਤਾ ਦੇ ਤਨਾਉ ਦਾ ਕਹਾਣੀਕਾਰ ਹੈ, ਉਹ ਬਹੁਤ ਥਾਵਾਂ 'ਤੇ ਪੁਰਾਣੇ ਖਿਆਲਾਂ ਉੱਤੇ ਤਿੱਖਾ ਵਿਅੰਗ ਕਰਦਾ ਹੈ। ਉਹ ਆਪਣੀਆਂ ਕਹਾਣੀਆਂ ਵਿਚ ਘਟਨਾਵਾਂ ਦੇ ਨਾਲ-ਨਾਲ ਮਾਨਸਿਕ ਤਰੰਗਾਂ ਨੂੰ ਵੀ ਫੜਦਾ ਹੈ। ਇਨ੍ਹਾਂ ਕਹਾਣੀਆਂ ਦਾ ਸੰਘਣਾ ਬਿਰਤਾਂਤ ਅਚਲ ਮਨ 'ਤੇ ਬੱਝਵਾਂ ਪ੍ਰਭਾਵ ਪਾਉਂਦਾ ਹੈ।

ਸੁਖਜੀਤ ਦੇ ਸਾਰੇ ਕਹਾਣੀ ਸੰਗ੍ਰਹਿ ਪੰਜਾਬੀ ਗਲਪ ਵਿਚ ਚਰਚਾ ਦਾ ਵਿਸ਼ਾ ਰਹੇ ਹਨ। ਉਸ ਦੇ ਤੀਸਰੇ ਕਹਾਣੀ-ਸੰਗ੍ਰਹਿ 'ਮੈਂ ਅਯਨਘੋਸ਼ ਨਹੀਂ' ਨੂੰ 2022 'ਚ ਭਾਰਤੀ ਸਾਹਿਤ ਅਕਾਦਮੀ ਪੁਰਸ਼ਕਾਰ ਪ੍ਰਾਪਤ ਹੋਇਆ। ਇਸ ਕਹਾਣੀ ਸੰਗ੍ਰਹਿ ਵਿਚ ਉਸਨੇ ਸਮਾਜ ਦੇ ਆਮ ਵਿਅਕਤੀ ਦੀਆਂ ਮਾਨਸਿਕ ਗੁੰਝਲਾਂ ਦਾ ਮਨੋਵਿਸ਼ਲੇਸ਼ਣ ਕੀਤਾ ਹੈ। ਇਸ ਸੰਗ੍ਰਹਿ ਵਿਚ ਕੁੱਲ ਛੇ ਕਹਾਣੀਆਂ ਹਨ, ਜਿਨ੍ਹਾਂ ਰਾਹੀਂ ਲੇਖਕ ਨੇ ਬਹੁਤ ਸਾਰੇ ਭੱਖਦੇ ਅਤੇ ਗੰਭੀਰ ਮੁੱਦੇ ਸਾਡੇ ਸਾਹਮਣੇ ਰੱਖੇ ਹਨ।

ਚੇਤਨ ਅੱਖ ਜਾਣਦੀ ਹੈ, ਪਰਖਦੀ ਹੈ ਕਿ ਸੁਖਜੀਤ ਆਪਣੀ ਮੌਲਿਕ ਸੋਚ ਰੱਖਦਾ ਸੀ। ਉਸਦੀ ਗੁਣਾਂ ਭਰਪੂਰ ਦ੍ਰਿਸ਼ਟੀ ਸੀ। ਮੌਲਿਕ ਕਹਾਣੀਆਂ ਲਿਖਣ ਲਈ ਉਸ ਕੋਲ ਅਮੀਰ ਤੇ ਵਿਲੱਖਣ ਸ਼ੈਲੀ ਸੀ। ਬਹੁਤ ਹੀ ਉੱਚ-ਪਾਏ ਦੀ ਸ਼ੈਲੀ ਤੇ ਸੰਘਣੀ ਪਛਾਣ ਵਾਲੇ ਵਿਸ਼ੇ। ਉਸ ਦੀ ਸੋਚ ਤੇ ਬੁੱਧੀ ਬੜੀ ਤਿੱਖੀ ਸੀ।

'ਘੱਲੇ ਆਏ ਨਾਨਕਾ ਸਦੇ ਉਠ ਜਾਏ' ਦੇ ਮਹਾਂ ਵਾਕ ਅਨੁਸਾਰ 12 ਫਰਵਰੀ, 2024 ਨੂੰ ਇਹ ਪ੍ਰਸਿੱਧ ਪੰਜਾਬੀ ਕਹਾਣੀਕਾਰ ਇਸ ਸੱਤ-ਰੰਗੇ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਿਆ ਪਿੱਛੇ ਛੱਡ ਗਿਆ, ਆਪਣੀ ਮਹਾਨ ਪ੍ਰਸਿੱਧੀ ਦੇ ਵਿਸ਼ੇਸ਼ ਸਿਰਨਾਵੇਂ।

ਭਾਵੇਂ ਸੁਖਜੀਤ ਅੱਜ ਮੌਜੂਦ ਨਹੀਂ ਪਰ ਜੋ ਪੰਜਾਬੀ ਸਾਹਿਤ ਦੇ ਕਹਾਣੀ ਖੇਤਰ ਵਿਚ ਉਹ ਆਪਣਾ ਯੋਗਦਾਨ ਪਾ ਗਏ। ਜਦ ਤੱਕ ਕਹਾਣੀ ਦਾ ਵਜੂਦ ਰਹੇਗਾ, ਸੁਖਜੀਤ ਦਾ ਨਾਮ ਸੁਨਹਿਰੀ ਅੱਖਰਾਂ ਵਿਚ ਲਿਖਿਆ ਚਮਕਦਾ ਰਹੇਗਾ:-

ਲਾਈ ਹਯਾਤ ਆਏ, ਕਜ਼ਾ ਲੇ ਚਲੀ ਚਲੇ
ਅਪਨੀ ਖੁਸ਼ੀ ਨ ਆਏ, ਨ ਆਪਨੀ ਖੁਸ਼ੀ ਚਲੇ।

# ਗੁਰੂ ਘਰਾਂ ਦੀਆਂ ਕਮੇਟੀਆਂ 'ਤੇ ਘੜੰਮ ਚੌਧਰੀਆਂ ਦਾ ਕਬਜ਼ਾ

## ਕੀ ਸਾਨੂੰ ਸਿੱਖ ਗੁਰੂ ਸਾਹਿਬਾਨ ਨੇ ਅਜਿਹੀ ਸਿੱਖਿਆ ਦਿੱਤੀ ਸੀ




-ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
(Punjab Mail USA)


ਪਿਛਲੇ ਸਮੇਂ ਤੋਂ ਪੰਜਾਬ ਤੋਂ ਇਲਾਵਾ ਹੋਰਨਾਂ ਖਿੱਤਿਆਂ ਅੰਦਰ ਵੀ ਜੋ ਕਮੇਟੀਆਂ ਗੁਰਦੁਆਰਿਆਂ ਸਾਹਿਬਾਨ ਅੰਦਰ ਬਣੀਆਂ ਹੋਈਆਂ ਹਨ, ਉਨ੍ਹਾਂ ਵਿਚੋਂ ਕੁਝ ਨੇ ਪੂਰੀ ਕੌਮ ਦਾ ਅਜਿਹਾ ਜਲੂਸ ਕਢਵਾਇਆ ਹੈ ਕਿ ਜਿਸ ਨੂੰ ਵੇਖ ਕੇ ਸਮਾਜ ਅੰਦਰ ਸਿੱਖ ਕੌਮ ਦਾ ਸਿਰ ਨੀਵਾਂ ਹੋ ਜਾਂਦਾ ਹੈ। ਭਾਵੇਂ ਕਿ ਬਹੁਤ ਸਾਰੇ ਕਮੇਟੀਆਂ ਵਾਲੇ ਚੰਗੇ ਵੀ ਹਨ ਪਰ ਕੁਝ ਇੱਕ ਅਜਿਹੇ ਹਨ, ਜਿਨ੍ਹਾਂ ਨੂੰ ਘੜੰਮ ਚੌਧਰੀ ਆਖ ਸਕਦੇ ਹਾਂ। ਲੰਘੇ ਦਿਨੀਂ ਇਹ ਵਿਵਾਦ ਫਿਰ ਕਾਫੀ ਸੁਰਖੀਆਂ ਦੇ ਵਿਚ ਰਿਹਾ। ਗੁਰੂ ਘਰਾਂ ਦੀਆਂ ਕਮੇਟੀਆਂ ਵੱਲੋਂ ਰਾਗੀ ਸਿੰਘਾਂ ਨੂੰ ਪੈਸੇ ਦੇਣ ਦੇ ਮਾਮਲੇ 'ਤੇ ਬਹੁਤ ਕਿਰਕਰੀ ਗੁਰਦੁਆਰਾ ਸਾਹਿਬ ਦੀ ਹੋਈ। ਇੱਥੇ ਇਹ ਮਸਲਾ ਕਿਸੇ ਇੱਕ ਦਾ ਨਹੀਂ ਹੈ। ਬਹੁਤ ਸਾਰੀਆਂ ਜਗ੍ਹਾਵਾਂ ਉੱਪਰ ਇਹੀ ਕੁਝ ਵੇਖਿਆ ਗਿਆ। ਗੁਰੂ ਘਰ ਦੀਆਂ ਜਿਹੜੀਆਂ ਕਮੇਟੀਆਂ ਹਨ, ਉਨ੍ਹਾਂ ਵੱਲੋਂ ਵੱਡੇ ਪੱਧਰ 'ਤੇ ਰਾਗੀ ਸਿੰਘਾਂ ਦਾ ਸ਼ੋਸ਼ਣ ਕਰਨ ਦੀਆਂ ਖ਼ਬਰਾਂ ਅਕਸਰ ਸਾਨੂੰ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ। ਭਾਵੇਂ ਕਿ ਇਹ ਕੁਝ ਲੋਕ ਹੁੰਦੇ ਹਨ ਪਰ ਇਸ ਨਾਲ ਸਾਰੀ ਸਿੱਖ ਕੌਮ ਦਾ ਸਿਰ ਨੀਵਾਂ ਹੋ ਜਾਂਦਾ ਹੈ। ਪਰ ਪਿਛਲੇ ਦਿਨਾਂ ਤੋਂ ਕਈ ਜਗ੍ਹਾ 'ਤੇ ਇਹ ਮਾਮਲਾ ਚਰਚਾ ਦੇ ਵਿਚ ਆਇਆ, ਭਾਵੇਂ ਇਸ ਦਾ ਸੋਸ਼ਲ ਮੀਡੀਆ 'ਤੇ ਵਿਰੋਧ ਵੀ ਵੇਖਿਆ ਗਿਆ ਪਰ ਕੀ ਸਾਨੂੰ ਇਹ ਕੁਝ ਗੁਰੂ ਸਾਹਿਬਾਨ ਨੇ ਸਿਖਾਇਆ ਹੈ।

ਲੰਘੇ ਦਿਨੀਂ ਜਿਹੜਾ ਮਾਮਲਾ ਚਰਚਾ ਦੇ ਵਿਚ ਰਿਹਾ, ਉਹ ਸੀ ਕਿ ਕਿਸੇ ਪਿੰਡ ਅੰਦਰ ਕੀਰਤਨ ਕਰਨ ਮੌਕੇ ਜਿਹੜੇ ਪੈਸੇ ਸੰਗਤ ਵੱਲੋਂ ਰਾਗੀ ਸਿੰਘਾਂ ਨੂੰ ਬਾਜੇ ਉੱਤੇ ਭੇਟਾ ਵਜੋਂ ਦਿੱਤੇ ਗਏ ਸਨ। ਉਨ੍ਹਾਂ ਨੂੰ ਲੈ ਕੇ ਕਮੇਟੀ ਵਾਲੇ ਕਹਿਣ ਲੱਗੇ ਕਿ ਇਹ ਸਾਰੇ ਪੈਸੇ ਤੁਸੀਂ ਸਾਨੂੰ ਦਿਓ। ਕਿਉਂਕਿ ਅਸੀਂ ਤੁਹਾਨੂੰ ਪੱਕੇ ਤੌਰ 'ਤੇ ਬੁੱਕ ਕੀਤਾ ਹੈ ਅਤੇ ਪੈਸੇ ਦਿੱਤੇ ਹਨ ਕਿਉਂਕਿ ਆਮ ਤੌਰ 'ਤੇ ਰਾਗੀ ਸਿੰਘਾਂ ਨੂੰ ਬਹੁਤ ਸਾਰੇ ਪਿੰਡਾਂ ਸ਼ਹਿਰਾਂ ਅੰਦਰ ਭੋਗ ਮੌਕੇ ਚੁੱਕਤ ਪੈਸੇ ਦੇ ਕੇ ਬੁੱਕ ਕਰ ਲਿਆ ਜਾਂਦਾ ਹੈ। ਪਰ ਇਹ ਬੇਹੱਦ ਮਾੜੀ ਤੇ ਘਿਨਾਉਣੀ ਹਰਕਤ ਆਖੀ ਜਾਵੇਗੀ ਕਿ ਜਿਸ ਨੂੰ ਅਸੀਂ ਗੁਰੂ ਘਰ ਦੇ ਵਜ਼ੀਰ ਕਹਿੰਦੇ ਹਾਂ, ਉਨ੍ਹਾਂ ਨੂੰ ਚੁੱਕਤ ਪੈਸੇ ਦੇ ਮਾਮਲੇ ਵਿਚ ਜ਼ਲੀਲ ਕੀਤਾ ਜਾਂਦਾ ਹੈ, ਇਹ ਬੇਹੱਦ ਗਲਤ ਹੈ। ਰਾਗੀ ਸਿੰਘਾਂ ਵੱਲੋਂ ਇਹ ਆਖੇ ਜਾਣ ਕਿ ਇਹ ਪੈਸਾ ਸੰਗਤ ਨੇ ਸਾਨੂੰ ਦਿੱਤਾ ਹੈ, ਇਸ ਮਾਇਆ ਉੱਤੇ ਸਾਡਾ ਹੱਕ ਹੈ, ਤਾਂ ਮਾਮਲਾ ਬਹੁਤ ਜ਼ਿਆਦਾ ਵਧ ਗਿਆ। ਮਾਮਲੇ ਦੀਆਂ ਵੀਡੀਓਜ਼ ਵੀ ਸੋਸ਼ਲ ਮੀਡੀਆ ਦੇ ਵੱਖ-ਵੱਖ ਸਾਧਨਾਂ ਉੱਤੇ ਵੇਖੀਆਂ ਗਈਆਂ, ਜਿਸ ਨੂੰ ਲੈ ਕੇ ਸਿੱਖ ਕੌਮ ਦੀ ਕਿਰਕਰੀ ਵੀ ਹੋਈ ਕਿ ਇਹ ਅਕਸਰ ਪੈਸੇ ਪਿੱਛੇ ਕਿਵੇਂ ਲੜਦੇ ਰਹਿੰਦੇ ਹਨ। ਕਿਵੇਂ ਇੱਕ ਵਿਅਕਤੀ ਦੀ ਗਲਤੀ ਕਾਰਨ ਪੂਰੀ ਕੌਮ ਨੂੰ ਕੋਸਿਆ ਗਿਆ।

ਉਸ ਤੋਂ ਬਾਅਦ ਦੂਜੀ ਘਟਨਾ ਦਾ ਜ਼ਿਕਰ ਕਰੀਏ, ਤਾਂ ਇਹ ਵੀ ਰਾਗੀ ਸਿੰਘਾਂ ਦੇ ਬਾਜੇ ਉੱਤੇ ਪੈਸੇ ਰੱਖਣ ਨੂੰ ਲੈ ਕੇ ਵਾਪਰੀ ਸੀ, ਜਿਸ ਨੂੰ ਲੈ ਕੇ ਵੀ ਵੱਡੀ ਚਰਚਾ ਸਾਡੇ ਸਮਾਜ ਅੰਦਰ ਵੇਖੀ ਗਈ। ਸਮਾਜ ਦੇ ਬਹੁਤ ਲੋਕਾਂ ਵੱਲੋਂ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦੀ ਗਲਤੀ ਨੂੰ ਅੱਗੇ ਲਿਆਉਂਦਿਆਂ ਚੁਣ-ਚੁਣ ਕੇ ਵਿਰੋਧੀ ਧਿਰਾਂ ਵੱਲੋਂ ਤੀਰ ਮਾਰੇ ਗਏ। ਅਕਸਰ ਸਮਾਜ ਵਿਚ ਇਸੇ ਤਰ੍ਹਾਂ ਹੁੰਦਾ ਹੈ ਕਿ ਇੱਕ ਵਿਅਕਤੀ ਦੀ ਗਲਤੀ ਦੇ ਨਾਲ ਪੂਰੀ ਕੌਮ ਨੂੰ ਨਿਸ਼ਾਨਾ ਬਣਾ ਲਿਆ ਜਾਂਦਾ ਹੈ। ਹੈਰਾਨੀਜਨਕ ਤੱਥ ਇਹ ਹੈ ਕਿ ਕੁਝ ਪੈਸਿਆਂ ਪਿੱਛੇ ਪੂਰੇ ਸਮਾਜ ਨੂੰ ਦੋਸ਼ ਦੇਣਾ ਵੀ ਗਲਤ ਹੈ। ਉਹ ਵੀ ਕਿਸੇ ਮਸਲੇ ਦਾ ਹੱਲ ਨਹੀਂ, ਮਹਿਜ਼ ਇੱਕ ਬੰਦੇ ਪਿੱਛੇ ਪੂਰੀ ਕੌਮ ਨੂੰ ਗਰਦਾਨ ਦੇਣਾ ਬੇਹੱਦ ਮਾੜੀ ਘਟਨਾ ਹੀ ਗਿਣਿਆ ਜਾਵੇਗਾ। ਇਹ ਵੀ ਬਾਜੇ ਉੱਤੇ ਪੈਸੇ ਰੱਖਣ ਤੋਂ ਬਾਅਦ ਰਾਗੀ ਸਿੰਘਾਂ ਵੱਲੋਂ ਵੀਡੀਓ ਬਣਾ ਕੇ ਉਸ ਨੂੰ ਪੇਸ਼ ਕਰਕੇ ਆਪਣੇ ਹੱਕ ਵਿਚ ਕੀਤਾ ਗਿਆ। ਕਿਉਂ ਅਸੀਂ ਅਕਸਰ ਇਹੋ ਜਿਹੀਆਂ ਹਾਸੋਹੀਣੀਆਂ ਗੱਲਾਂ ਕਰਕੇ ਪੂਰੀ ਕੌਮ ਨੂੰ ਨਮੋਸ਼ੀ ਦੇ ਦਿੰਦੇ ਹਾਂ। ਇਹ ਕੋਈ ਆਮ ਗੱਲ ਨਹੀਂ ਹੈ। ਇਹ ਭਾਵੇਂ ਗੱਲਾਂ ਛੋਟੀਆਂ ਹਨ ਪਰ ਇਸ ਦੇ ਕਾਰਨ ਵੱਡੇ ਨਿਕਲਦੇ ਹਨ।

ਜੇਕਰ ਵਿਦੇਸ਼ਾਂ ਦੀ ਗੱਲ ਕਰੀਏ ਤਾਂ ਇੱਥੇ ਵੀ ਬਹੁਤ ਕੁਝ ਪਿਛਲੇ ਸਮੇਂ ਤੋਂ ਵਾਪਰਿਆ ਹੈ। ਗੁਰੂ ਘਰਾਂ ਦੀਆਂ ਕੁਝ ਕਮੇਟੀਆਂ ਵੱਲੋਂ ਰਾਗੀ ਸਿੰਘਾਂ ਅਤੇ ਗ੍ਰੰਥੀ ਸਿੰਘਾਂ ਦਾ ਸ਼ੋਸ਼ਣ ਕਰਨਾ ਆਮ ਗੱਲ ਬਣ ਚੁੱਕੀ ਹੈ। ਇਹੀ ਕੁਝ ਪੰਜਾਬ ਦੀ ਧਰਤੀ 'ਤੇ ਵਾਪਰ ਰਿਹਾ ਹੈ। ਸਭ ਤੋਂ ਵੱਡਾ ਅਹਿਮ ਸਵਾਲ ਇਹ ਖੜ੍ਹਾ ਹੁੰਦਾ ਹੈ, ਕਿ ਗ੍ਰੰਥੀ ਜਾਂ ਰਾਗੀ ਸਿੰਘਾਂ ਦੇ ਬੱਚੇ ਨਹੀਂ ਹਨ, ਉਨ੍ਹਾਂ ਦੇ ਪਰਿਵਾਰ ਨਹੀਂ ਹਨ। ਗੁਰਦੁਆਰਿਆਂ ਅੰਦਰ ਰਾਗੀ ਅਤੇ ਗ੍ਰੰਥੀ ਸਿੰਘਾਂ ਨੂੰ ਜੋ ਮਾਇਆ ਦਿੱਤੀ ਜਾਂਦੀ ਹੈ, ਉਹ ਮਹਿਜ਼ ਕੁਝ ਡਾਲਰਾਂ ਵਿਚ ਹੁੰਦੀ ਹੈ, ਜਦਕਿ ਅਸੀਂ ਕਲਾਕਾਰਾਂ ਨੂੰ ਲੱਖਾਂ ਰੁਪਈਆ ਲੁਟਾ ਕੇ ਮਾਣ ਮਹਿਸੂਸ ਕਰਦੇ ਹਾਂ। ਰਾਗੀ ਸਿੰਘਾਂ ਦੇ ਬਾਜੇ ਉੱਤੇ ਅਸੀਂ ਇੱਕ ਜਾਂ 2 ਡਾਲਰ ਜਾਂ ਇਹੋ 10 ਰੁਪਏ ਰੱਖ ਕੇ ਪਰ੍ਹਾਂ ਹੋ ਜਾਂਦੇ ਹਾਂ ਅਤੇ ਆਪਣੀ ਜ਼ਿੰਮੇਵਾਰੀ ਤੋਂ ਫਾਰਗ ਹੋ ਜਾਂਦੇ ਹਾਂ। ਇਹ ਵਰਤਾਰਾ ਬੇਹੱਦ ਗਲਤ ਅਤੇ ਮਾੜਾ ਹੈ। ਇਸ ਤਰ੍ਹਾਂ ਦਾ ਬਤੀਰਾ ਅਪਣਾ ਕੇ ਅਸੀਂ ਸਿਰਫ ਪੂਰੀ ਕੌਮ ਨੂੰ ਨਮੋਸ਼ੀ ਹੀ ਦੇ ਸਕਦੇ ਹਾਂ, ਹੋਰ ਕੁਝ ਨਹੀਂ। ਕੁਝ ਵਿਅਕਤੀ ਹੁੰਦੇ ਹੀ ਅਜਿਹੇ ਹਨ, ਜੋ ਸਾਰਿਆਂ ਲਈ ਨਮੋਸ਼ੀ ਦਾ ਕਾਰਨ ਬਣਦੇ ਹਨ।

ਸਵਾਲ ਤਾਂ ਇਹ ਵੀ ਵੱਡਾ ਹੈ ਕਿ ਜਿਹੜੇ ਰਾਗੀ ਅਤੇ ਗ੍ਰੰਥੀ ਸਿੰਘ ਹੁੰਦੇ ਹਨ, ਉਨ੍ਹਾਂ ਦੇ ਪਰਿਵਾਰ ਵੀ ਹੁੰਦੇ ਹਨ। ਉਨ੍ਹਾਂ ਨੂੰ ਇਲਾਜ ਦੀ ਲੋੜ ਵੀ ਹੁੰਦੀ ਹੈ। ਉਨ੍ਹਾਂ ਨੂੰ ਪੜ੍ਹਾਈ ਦੀ ਲੋੜ ਵੀ ਹੁੰਦੀ ਹੈ। ਉਨ੍ਹਾਂ ਨੇ ਵੀ ਆਪਣਾ ਪੇਟ ਭਰਨਾ ਹੁੰਦਾ ਹੈ। ਉਨ੍ਹਾਂ ਵੱਲੋਂ ਵੀ ਆਪਣੇ ਬੱਚਿਆਂ ਨੂੰ ਪੜ੍ਹਾ ਕੇ ਕੁਝ ਬਣਾਉਣਾ ਹੁੰਦਾ ਹੈ, ਫਿਰ ਅਸੀਂ ਉਨ੍ਹਾਂ ਦੇ ਨਾਲ ਵਿਤਕਰਾ ਕਿਉਂ ਕਰਦੇ ਹਾਂ। ਕਿਉਂਕਿ ਹਰ ਵਿਅਕਤੀ ਨੇ ਆਪਣਾ ਪਰਿਵਾਰ ਅਤੇ ਪੇਟ ਪਾਲਣਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਅਸੀਂ ਰਾਗੀ ਅਤੇ ਗ੍ਰੰਥੀ ਸਿੰਘਾਂ ਦੇ ਪਰਿਵਾਰਾਂ ਨੂੰ ਪਰਿਵਾਰ ਸਮਝਣ ਦੇ ਲਈ ਤਿਆਰ ਹੀ ਨਹੀਂ ਹੁੰਦੇ। ਕਲਾਕਾਰਾਂ ਅਤੇ ਵਿਆਹਾਂ ਸ਼ਾਦੀਆਂ ਉੱਤੇ ਲੱਖਾਂ ਰੁਪਈਆ ਲੁਟਾਉਂਦੇ ਹਾਂ ਪਰ ਰਾਗੀ ਅਤੇ ਗ੍ਰੰਥੀ ਸਿੰਘਾਂ ਦੇ ਪਰਿਵਾਰਾਂ ਨੂੰ ਪਤਾ ਨਹੀਂ ਕਿਉਂ ਇਲਾਜ ਜੋਗੇ ਪੈਸੇ ਦੇਣ ਤੋਂ ਵੀ ਸਾਡੇ ਹੱਥ ਕਿਉਂ ਰੁਕ ਜਾਂਦੇ ਹਨ। ਇਹ ਵਰਤਾਰਾ ਪਿਛਲੇ ਸਮੇਂ ਤੋਂ ਵੱਡੇ ਪੱਧਰ 'ਤੇ ਪਨਪ ਰਿਹਾ ਹੈ, ਜਿਸ ਨੂੰ ਰੋਕਣ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਇਸ ਮਾਮਲੇ 'ਤੇ ਸਖਤੀ ਤੋਂ ਕੰਮ ਲੈਂਦਿਆਂ ਉਨ੍ਹਾਂ ਲੋਕਾਂ ਨੂੰ ਘੂਰਨਾ ਚਾਹੀਦਾ ਹੈ, ਜਿਹੜੇ ਅਜਿਹੇ ਕੰਮ ਕਰਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੁਰੰਤ ਫੈਸਲਾ ਲੈ ਕੇ ਰਾਗੀ ਅਤੇ ਗ੍ਰੰਥੀ ਸਿੰਘਾਂ ਦੇ ਹੱਕ ਵਿਚ ਆਵਾਜ਼ ਚੁੱਕਣ ਦੀ ਲੋੜ ਹੈ। ਕਿਉਂਕਿ ਰਾਗੀ ਅਤੇ ਗ੍ਰੰਥੀ ਸਿੰਘਾਂ ਨੇ ਵੀ ਪਰਿਵਾਰ ਹਨ, ਉਨ੍ਹਾਂ ਨੇ ਵੀ ਸਮਾਜ ਦੇ ਵਿਚ ਆਪਣਾ ਰੋਟੀ ਪਾਣੀ ਚਲਾਉਣਾ ਹੈ। ਪਰਿਵਾਰਾਂ ਦੇ ਖਰਚੇ ਹਨ। ਅਸੀਂ ਜਿੱਥੇ ਕਲਾਕਾਰਾਂ ਨੂੰ ਰੁਪਈਏ ਲੁਟਾਉਂਦੇ ਹਾਂ, ਉੱਥੇ ਰਾਗੀ ਅਤੇ ਗ੍ਰੰਥੀ ਸਿੰਘਾਂ ਦੇ ਹੱਕ ਵਿਚ ਕਿਉਂ ਨਹੀਂ ਭੁਗਤਦੇ। ਰਾਗੀ ਅਤੇ ਗ੍ਰੰਥੀ ਸਿੰਘ ਵੀ ਸਾਡੇ ਸਮਾਜ ਦਾ ਹਿੱਸਾ ਹਨ ਅਤੇ ਗੁਰੂ ਘਰ ਦੇ ਵਜ਼ੀਰ ਹਨ। ਇੱਥੇ ਇੱਕ ਗੱਲ ਹੋਰ ਮੈਂ ਕਹਿਣੀ ਚਾਹਾਂਗਾ ਕਿ ਸਾਡੇ ਗੁਰੂ ਘਰਾਂ ਅੰਦਰ ਯੂ.ਪੀ., ਬਿਹਾਰ ਤੋਂ ਆ ਕੇ ਜੋ ਰਾਗੀ ਅਤੇ ਗ੍ਰੰਥੀ ਸਿੰਘ ਬਣ ਰਹੇ ਹਨ। ਪਿਛਲੇ ਸਮੇਂ ਕਈ ਰਾਗੀ ਅਤੇ ਗ੍ਰੰਥੀ ਸਿੰਘਾਂ ਵੱਲੋਂ ਅਜਿਹੇ ਘੜੰਮ ਚੌਧਰੀਆਂ ਤੋਂ ਅੱਕ ਕੇ ਆਪਣੇ ਸਿੱਖ ਪਹਿਰਾਵੇ ਨੂੰ ਅਲਵਿਦਾ ਆਖ ਦਿੱਤਾ ਸੀ। ਇਸ ਤਰ੍ਹਾਂ ਦੀਆਂ ਘਟਨਾਵਾਂ ਭਾਵੇਂ ਪਿਛਲੇ ਲੰਬੇ ਸਮੇਂ ਤੋਂ ਸਮਾਜ ਅੰਦਰ ਵਾਪਰ ਰਹੀਆਂ, ਜਿਨ੍ਹਾਂ ਨੂੰ ਵੇਖ ਕੇ ਦੁੱਖ ਬਹੁਤ ਹੁੰਦਾ ਹੈ।

ਉਹ ਇਸੇ ਦਾ ਨਤੀਜਾ ਹਨ ਕਿ ਅਸੀਂ ਆਪਣਿਆਂ ਨੂੰ ਦੂਰ ਧੱਕ ਰਹੇ ਹਾਂ। ਅਸੀਂ ਆਪਣੇ ਰਾਗੀ ਅਤੇ ਗ੍ਰੰਥੀ ਸਿੰਘਾਂ ਨੂੰ ਜਿਹੜੇ ਹਸਪਤਾਲ ਵਿਚ ਦਾਖਲ ਹੁੰਦੇ ਹਨ, ਉਨ੍ਹਾਂ ਦਾ ਇਲਾਜ ਕਰਵਾਉਣ ਤੋਂ ਵੀ ਅਸਮਰਥ ਹਾਂ। ਲੰਘੇ ਸਮੇਂ ਵੀ ਇੱਕ ਰਾਗੀ ਸਿੰਘ ਵੱਲੋਂ ਆਪਣੇ ਗਲ ਵਿਚ ਫਾਹਾ ਪਾ ਕੇ ਆਤਮਹੱਤਿਆ ਕੀਤੀ ਸੀ। ਅਸੀਂ ਇੱਕ ਪਾਸੇ ਫਿਰ ਕਹਿੰਦੇ ਹਾਂ ਕਿ ਯੂ.ਪੀ. ਅਤੇ ਬਿਹਾਰ ਤੋਂ ਆ ਕੇ ਲੋਕ ਸਾਡੇ 'ਤੇ ਕਾਬਜ਼ ਹੋ ਰਹੇ ਹਨ ਪਰ ਇਸ ਪ੍ਰਤੀ ਸਾਡਾ ਨਜ਼ਰੀਆ ਕੀ ਹੈ। ਅਸੀਂ ਤਾਂ ਆਪਣੇ ਆਪ ਹੀ ਆਪਣਿਆਂ ਨੂੰ ਪਰ੍ਹੇ ਧੱਕ ਰਹੇ ਹਾਂ। ਇਹ ਬਤੀਰਾ ਬਿਲਕੁਲ ਗਲਤ ਹੈ। ਕੀ ਸਾਨੂੰ ਸਿੱਖ ਗੁਰੂ ਸਾਹਿਬਾਨ ਨੇ ਇਹੀ ਸਿੱਖਿਆ ਦਿੱਤੀ ਸੀ, ਜਿਸ ਨੂੰ ਅਸੀਂ ਲੈ ਕੇ ਅੱਜ ਪੂਰੇ ਸਮਾਜ ਅੰਦਰ ਸਿਰਫ ਆਪਣਾ ਹੀ ਸਿਰ ਨੀਵਾਂ ਕਰਨ 'ਤੇ ਲੱਗੇ ਹੋਏ ਹਾਂ। ਇਹ ਵਤੀਰਾ ਬਿਲਕੁਲ ਗਲਤ ਹੈ।

# ਪ੍ਰਵਾਸੀ ਪੰਜਾਬੀਆਂ ਦਾ ਧਿਆਨ ਪੰਜਾਬ ਵੱਲ ਰਹਿੰਦਾ ਹੈ




-ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)


ਪੰਜਾਬੀ ਮੀਡੀਆ ਵਿਚ ਪ੍ਰਵਾਸੀ ਪੰਜਾਬੀਆਂ ਬਾਰੇ ਅਕਸਰ ਗੱਲ ਚੱਲਦੀ ਰਹਿੰਦੀ ਹੈ। ਕਦੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਅਤੇ ਕਦੇ ਉਨ੍ਹਾਂ ਦੀਆਂ ਸਮੱਸਿਆਵਾਂ, ਪ੍ਰੇਸ਼ਾਨੀਆਂ ਸੰਬੰਧੀ। ਕਦੇ ਸੱਤ ਸਮੁੰਦਰੋਂ ਪਾਰ ਕੀਤੇ ਉਨ੍ਹਾਂ ਦੇ ਸੰਘਰਸ਼ ਬਾਰੇ ਅਤੇ ਕਦੇ ਆਪਣੀ ਧਰਤੀ, ਆਪਣੇ ਘਰ-ਪਰਿਵਾਰ ਦੇ ਹੇਰਵੇ ਬਾਰੇ। ਕਦੇ ਵਿਦੇਸ਼ਾਂ ਵਿਚ ਉਨ੍ਹਾਂ ਨਾਲ ਹੁੰਦੇ ਵਿਤਕਰੇ ਦੇ ਪ੍ਰਸੰਗ ਵਿਚ ਅਤੇ ਕਦੇ ਆਰਥਿਕ ਅਸਾਵੇਂਪਨ ਤੇ ਮਹਿੰਗਾਈ ਦੇ ਇਸ ਦੌਰ ਵਿਚ ਜ਼ਿੰਦਗੀ ਦੀ ਤੋਰ ਨੂੰ ਰਵਾਂ ਰੱਖਣ ਵਿਚ ਪੇਸ਼ ਆਉਂਦੀਆਂ ਔਕੜਾਂ ਬਾਰੇ। ਇਨ੍ਹਾਂ ਸਭ ਬਾਰੇ ਗੱਲ ਕਰਦਿਆਂ ਪੰਜਾਬ ਦੀ, ਪੰਜਾਬੀ ਬੋਲੀ ਦੀ, ਪੰਜਾਬੀ ਜੀਵਨ ਦੀ, ਪੰਜਾਬੀ ਸੱਭਿਆਚਾਰ ਦੀ ਗੱਲ ਆਪਣੇ ਆਪ ਵਿਚ ਸ਼ਾਮਲ ਹੋ ਜਾਂਦੀ ਹੈ।

ਇੰਝ ਹੀ ਹੋਇਆ ਜਦ ਬੀਤੇ ਦਿਨੀਂ ਡੀ.ਡੀ. ਪੰਜਾਬੀ ਦੇ ਚਰਚਿਤ ਪ੍ਰੋਗਰਾਮ 'ਗੱਲਾਂ ਤੇ ਗੀਤ' ਵਿਚ ਕੈਨੇਡਾ ਤੋਂ ਆਏ ਸ਼੍ਰੀ ਸਤਿੰਦਰਪਾਲ ਸਿੰਘ ਸਿਧਵਾਂ ਸ਼ਾਮਲ ਹੋਏ। ਉਹ ਚਰਚਿਤ ਮੀਡੀਆ ਸ਼ਖ਼ਸੀਅਤ ਹਨ ਅਤੇ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਚ ਲੰਮੇ ਸਮੇਂ ਤੋਂ ਬੇਹੱਦ ਚਰਚਿਤ ਸ਼ੋਅ 'ਪੰਜਾਬੀ ਲਹਿਰਾਂ' ਦਾ ਪ੍ਰਸਾਰਨ ਕਰ ਰਹੇ ਹਨ।

ਸਾਲ 2023 ਦੇ ਅੰਕੜਿਆਂ ਅਨੁਸਾਰ 32285425 ਦੇ ਕਰੀਬ ਭਾਰਤੀ ਵਿਦੇਸ਼ਾਂ ਵਿਚ ਵੱਸੇ ਹੋਏ ਹਨ। ਇਕ ਅਨੁਮਾਨ ਅਨੁਸਾਰ ਇਕ ਕਰੋੜ ਦੇ ਲਗਭਗ ਪੰਜਾਬੀ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਜਾ ਵਸੇ ਹਨ। ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਯੂਰਪ ਦੇ ਮੁਲਕਾਂ ਵਿਚ ਇਹ ਗਿਣਤੀ ਵਧੇਰੇ ਹੈ।

ਇਸੇ ਪ੍ਰਸੰਗ ਵਿਚ ਸਤਿੰਦਰਪਾਲ ਸਿੰਘ ਸਿਧਵਾਂ ਨੇ ਦੱਸਿਆ ਕਿ ਭਾਵੇਂ ਉਹ ਵਿਦੇਸ਼ਾਂ ਵਿਚ ਜਾ ਵੱਸੇ ਹਨ ਪਰ ਉਨ੍ਹਾਂ ਦਾ ਧਿਆਨ ਪੰਜਾਬ ਵੱਲ ਰਹਿੰਦਾ ਹੈ। ਕਿਉਂਕਿ ਇੱਥੇ ਉਹ ਜੰਮੇ ਪਲੇ ਅਤੇ ਆਪਣੇ ਘਰ-ਪਰਿਵਾਰ ਦੇ ਅੰਗ-ਸੰਗ ਮਹੱਤਵਪੂਰਨ ਵਰ੍ਹੇ ਬਤੀਤ ਕੀਤੇ।



ਪੰਜਾਬ ਪ੍ਰਵਾਸੀ ਪੰਜਾਬੀਆਂ ਲਈ ਪੇਕੇ ਘਰ ਵਾਂਗ ਹੈ। ਉਨ੍ਹਾਂ ਦੱਸਿਆ ਕਿ ਕੈਨੇਡਾ ਵਿਚ ਜਿਹੜੇ ਟੈਲੀਵਿਜ਼ਨ, ਰੇਡੀਓ ਪ੍ਰੋਗਰਾਮ ਵਿਚ ਪੰਜਾਬ ਤੇ ਪੰਜਾਬੀ ਦੀ ਵਧੇਰੇ ਗੱਲ ਹੁੰਦੀ ਹੈ, ਉਨ੍ਹਾਂ ਨੂੰ ਵਧੇਰੇ ਇਸ਼ਤਿਹਾਰ ਮਿਲਦੇ ਹਨ। ਉਥੇ ਜਿਹੜੇ ਘਰਾਂ ਵਿਚ ਬੱਚਿਆਂ ਨੂੰ ਪੰਜਾਬੀ ਬੋਲਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਉਹ ਬੱਚੇ ਅਸਾਨੀ ਨਾਲ ਪੰਜਾਬੀ ਬੋਲਣੀ ਸਿੱਖ ਜਾਂਦੇ ਹਨ। ਕਈ ਸਕੂਲਾਂ ਵਿਚ ਵੀ ਪੰਜਾਬੀ ਪੜ੍ਹਨ ਦੀ ਸਹੂਲਤ ਹੈ ਅਤੇ ਕਈ ਲੋਕਾਂ ਨੇ ਨਿੱਜੀ ਪੱਧਰ 'ਤੇ ਪੰਜਾਬੀ ਸਕੂਲ ਖੋਲ੍ਹੇ ਹੋਏ ਹਨ। ਕੈਨੇਡਾ ਵਿਚ ਲੇਖਕ ਅਤੇ ਸਾਹਿਤ ਸਭਾਵਾਂ ਬਹੁਤ ਸਰਗਰਮ ਹਨ। ਕੋਈ ਨਾ ਕੋਈ ਪੰਜਾਬੀ ਸਮਾਗਮ-ਸਮਾਰੋਹ ਚੱਲਦਾ ਹੀ ਰਹਿੰਦਾ ਹੈ। ਸਭ ਤੋਂ ਵੱਧ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਕੈਨੇਡਾ ਵਿਚ ਹੁੰਦੀਆਂ ਹਨ। ਪ੍ਰੋਗਰਾਮ ਦੌਰਾਨ ਸਤਿੰਦਰਪਾਲ ਸਿੰਘ ਸਿਧਵਾਂ ਨੇ ਪੰਜਾਬੀ ਪਹਿਰਾਵੇ, ਵਿਆਹ-ਸ਼ਾਦੀਆਂ, ਪੰਜਾਬੀ ਰਵਾਇਤਾਂ ਅਤੇ ਕਦਰਾਂ-ਕੀਮਤਾਂ ਦਾ ਵਿਸ਼ੇਸ਼ ਜ਼ਿਕਰ ਕੀਤਾ।

### ਚੋਣ ਕਮਿਸ਼ਨ ਦੀ ਪਹਿਲਕਦਮੀ

ਪੰਜਾਬ ਵਿਚ ਪੇਡ ਨਿਊਜ਼ ਦੇ ਮਾਮਲਿਆਂ 'ਤੇ ਨਿਗਰਾਨੀ ਰੱਖਣ ਲਈ ਚੋਣ ਕਮਿਸ਼ਨ ਨੇ ਜ਼ਿਲ੍ਹਾ ਪੱਧਰ 'ਤੇ ਮੀਡੀਆ ਸਰਟੀਫਿਕੇਸ਼ਨ ਅਤੇ ਮੌਨੀਟਰਿੰਗ ਕਮੇਟੀਆਂ ਬਣਾਈਆਂ ਹਨ। ਸਮਝਿਆ ਜਾ ਰਿਹਾ ਹੈ ਕਿ ਪੇਡ ਨਿਊਜ਼ ਰੋਕਣ ਦੀ ਦਿਸ਼ਾ ਵਿਚ ਇਹ ਇਕ ਚੰਗਾ ਯਤਨ ਹੈ। ਸਖ਼ਤ ਹਦਾਇਤਾਂ ਜਾਰੀ ਕਰਦਿਆਂ ਨੋਡਲ ਅਫ਼ਸਰਾਂ ਨੂੰ ਤੁਰੰਤ ਕਾਰਵਾਈ ਦੇ ਅਧਿਕਾਰ ਦਿੱਤੇ ਗਏ ਹਨ। ਨੋਡਲ ਅਫ਼ਸਰ ਪੇਡ ਨਿਊਜ਼ ਦੀ ਰਿਪੋਰਟ ਕਰਨਗੇ।

ਜਿਵੇਂ-ਜਿਵੇਂ ਚੋਣਾਂ ਨੇੜੇ ਆਉਂਦੀਆਂ ਜਾ ਰਹੀਆਂ ਹਨ, ਤਿਵੇਂ-ਤਿਵੇਂ ਮੀਡੀਆ ਵਿਚ ਚੋਣਾਵੀਂ ਸਰਗਰਮੀਆਂ ਨੂੰ ਵਧੇਰੇ ਕਵਰੇਜ ਮਿਲਣ ਲੱਗੀ ਹੈ। ਪੇਡ ਨਿਊਜ਼ ਦਾ ਰੁਝਾਨ ਕਾਫ਼ੀ ਪੁਰਾਣਾ ਹੈ ਅਤੇ ਸਮੇਂ ਨਾਲ, ਮੀਡੀਆ ਖੇਤਰ ਵਿਚ ਤੇਜ਼ੀ ਨਾਲ ਆ ਰਹੀਆਂ ਤਬਦੀਲੀਆਂ ਕਾਰਨ ਇਹ ਰੁਝਾਨ ਹੋਰ ਵੱਧਦਾ ਜਾ ਰਿਹਾ ਹੈ। ਪ੍ਰੈੱਸ ਕੌਂਸਲ ਆਫ਼ ਇੰਡੀਆ ਦੁਆਰਾ 2010 'ਚ ਤਿਆਰ ਕੀਤੀ ਗਈ ਇਕ ਖੋਜ-ਆਧਾਰਿਤ ਰਿਪੋਰਟ ਵਿਚ ਇਸ ਰੁਝਾਨ ਦਾ ਖ਼ੁਲਾਸਾ ਵਿਸਥਾਰ ਵਿਚ ਕੀਤਾ ਗਿਆ ਸੀ।

ਭਾਵੇਂ ਇਸ ਰੁਝਾਨ ਦੀ ਹਰ ਪਾਸੇ ਹਰ ਪੱਧਰ 'ਤੇ ਆਲੋਚਨਾ ਹੁੰਦੀ ਹੈ ਪਰ ਜਿਵੇਂ-ਕਿਵੇਂ ਇਹ ਰੁਝਾਨ ਪੂਰੀ ਤਰ੍ਹਾਂ ਰੁਕਿਆ ਨਹੀਂ ਹੈ।

ਮੰਨਿਆ ਜਾ ਰਿਹਾ ਹੈ ਕਿ ਇਸਦੀ ਸ਼ੁਰੂਆਤ 1950 ਦੇ ਇਰਦ-ਗਿਰਦ ਹੋਈ। ਜਿਹੜੀ ਸਮੇਂ ਨਾਲ ਵੱਧਦੀ ਚਲੀ ਗਈ। ਮੀਡੀਆ ਦਾ ਇਕ ਹਿੱਸਾ ਹਰੇਕ ਚੋਣਾਂ ਦੌਰਾਨ ਇਸ ਰੁਝਾਨ ਤੋਂ ਵੱਧ ਤੋਂ ਵੱਧ ਲਾਹਾ ਲੈਣ ਦੀ ਕੋਸ਼ਿਸ਼ ਕਰਦਾ ਹੈ।

ਹੁਣ ਇਕ ਪਾਸੇ ਚੋਣ ਕਮਿਸ਼ਨ ਸਖ਼ਤੀ ਵਿਖਾ ਰਿਹਾ ਹੈ, ਦੂਸਰੇ ਪਾਸੇ ਸੁਪਰੀਮ ਕੋਰਟ ਦੇ ਸਖ਼ਤ ਫ਼ੈਸਲੇ ਆ ਰਹੇ ਹਨ। ਸਰਕਾਰ ਵੱਲੋਂ ਇੰਟਰਨੈਟ ਮੀਡੀਆ 'ਤੇ ਵਿਸ਼ੇਸ਼ ਨਜ਼ਰ ਰੱਖਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਦਾ ਮਨੋਰਥ ਇਹ ਹੈ ਕਿ ਡਿਜ਼ੀਟਲ ਪਲੇਟਫਾਰਮ ਚੋਣ-ਪ੍ਰਕਿਰਿਆ ਨੂੰ ਪ੍ਰਭਾਵਤ ਨਾ ਕਰ ਸਕਣ। ਸਬੰਧਤ ਮਹਿਕਮੇ ਨੇ ਬੀਤੇ ਦਿਨੀਂ ਇਕ ਉੱਚ-ਪੱਧਰੀ ਮੀਟਿੰਗ ਕਰਨ ਉਪਰੰਤ ਐਕਸ, ਇੰਸਟਾ, ਫੇਸਬੁਕ ਅਤੇ ਵੱਟਸਐਪ ਜਿਹੇ ਮੰਚਾਂ ਨੂੰ ਸਖ਼ਤੀ ਨਾਲ ਕਿਹਾ ਹੈ ਕਿ ਉਹ ਪੱਖਪਾਤੀ ਸਮੱਗਰੀ ਨੂੰ ਰੋਕਣ ਦੇ ਪੁਖ਼ਤਾ ਪ੍ਰਬੰਧ ਕਰਨ। ਅਜਿਹੇ ਮੌਕਿਆਂ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਵਰਤੋਂ ਦੀਆਂ ਦੁਨੀਆਂ ਭਰ ਵਿਚੋਂ ਅਨੇਕਾਂ ਉਦਾਹਰਨਾਂ ਸਾਹਮਣੇ ਆ ਰਹੀਆਂ ਹਨ।

ਚੋਣਾਂ ਦੌਰਾਨ ਪੇਡ ਨਿਊਜ਼ ਰੋਕਣ ਲਈ ਚੋਣ ਕਮਿਸ਼ਨ ਦੀ ਪਹਿਲਕਦਮੀ ਸਰਾਹੁਣਯੋਗ ਹੈ। ਚੋਣ ਅਮਲ ਲੰਮਾ ਚੱਲਣ ਕਾਰਨ ਨੋਡਲ ਅਫ਼ਸਰਾਂ ਨੂੰ ਵਧੇਰੇ ਚੌਕਸ ਰਹਿਣ ਦੀ ਲੋੜ ਹੈ।

ਪੇਡ ਨਿਊਜ਼ ਦਾ ਸਹਾਰਾ ਲੈਣ ਵਾਲੇ ਮੀਡੀਆ ਨੂੰ ਇਸਦੀ ਕੀਮਤ ਤਾਰਨੀ ਪੈਂਦੀ ਹੈ। ਪਾਠਕਾਂ ਅਤੇ ਦਰਸ਼ਕਾਂ ਵਿਚ ਉਸਦੀ ਭਰੋਸੇਯੋਗਤਾ ਅਤੇ ਵਿਸ਼ਵਾਸ ਨੂੰ ਵੱਡਾ ਖੋਰਾ ਲੱਗਦਾ ਹੈ।

# ਹੋਲੀ ਤੋਂ ਹੋਲਾ ਮਹੱਲਾ

-ਦਿਲਜੀਤ ਸਿੰਘ ਬੇਦੀ
(Punjab Mail USA)





ਅਜੋਕੇ ਸਮੇਂ ਵਿਚ ਨਵੀਂ ਪੀੜ੍ਹੀ ਸ਼ਾਨਾਂਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿਚ ਸ਼ਕਤੀ ਦੇ ਪ੍ਰਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁੱਲਦੀ ਜਾ ਰਹੀ ਹੈ ਅਤੇ ਸ਼ਸਤਰਾਂ ਪ੍ਰਤੀ ਪਿਆਰ ਵੀ ਘਟਦਾ ਜਾ ਰਿਹਾ ਹੈ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ ਸਰੋਤ ਹੈ।

ਖ਼ਾਲਸਾ-ਪੰਥ ਵਿਚ 'ਹੋਲਾ ਮਹੱਲਾ' ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਤੇ ਸਾਰਥਿਕ ਹਨ। ਦਰਅਸਲ ਹੋਲਾ ਤੇ ਮਹੱਲਾ ਦੋ ਵੱਖ-ਵੱਖ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਅਤੇ 'ਮਹੱਲਾ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ ਤੇ ਹੋਲਾ ਮਹੱਲਾ ਆਦਿ ਰਲਦੇ-ਮਿਲਦੇ ਸ਼ਬਦ ਹਨ। ਅਰਬੀ ਭਾਸ਼ਾ ਦਾ ਇਕ ਸ਼ਬਦ ਹੈ 'ਹੂਲ' ਜਿਸ ਦੇ ਅਰਥ ਨੇਕ ਅਤੇ ਭਲੇ ਕੰਮਾਂ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚੱਲਣਾ ਕੀਤੇ ਗਏ ਸੀ। ਦਸਮੇਸ਼ ਪਿਤਾ ਜਨੀ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਤੇ ਸਵੈਮਾਨ ਮਹਿਸੂਸ ਕਰਵਾਉਣ ਲਈ ਉਨ੍ਹਾਂ 'ਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਸੂਰਬੀਰ ਯੋਧੇ ਬਨਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਇਸ ਲਈ ਉਨ੍ਹਾਂ ਨੇ ਚਰਨ-ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ-ਮਹੱਲਾ ਪ੍ਰਚਲਿਤ ਕੀਤਾ। ਆਜ਼ਾਦੀ ਪ੍ਰਾਪਤ ਕਰਨ ਅਤੇ ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਜੀ ਨੇ ਜਿਥੇ ਨਵਾਂ ਜੀਵਨ ਬਖਸ਼ਿਆ, ਉਥੇ ਭਾਰਤੀ ਸਮਾਜ ਨੂੰ ਉਨ੍ਹਾਂ ਦੇ ਰੀਤੀ-ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਗੁਰੂ ਸਾਹਿਬ ਨੇ 1699 ਈ: ਦੀ ਵੈਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਣਾ ਕਰਕੇ ਸਿੱਖ ਪੰਥ ਵਿਚ ਇਕ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਅਤੇ ਸਿੱਖਾਂ ਨੂੰ ਇਕ ਵੱਖਰੀ ਪਹਿਚਾਣ ਪ੍ਰਦਾਨ ਕੀਤੀ। ਗੁਰੂ ਜੀ ਨੇ ਇਸ ਕਾਇਮ ਕੀਤੀ ਜਥੇਬੰਦੀ ਵਿਚ ਦਲੇਰੀ ਅਤੇ ਜ਼ੁਰਅਤ ਭਰਨ ਲਈ ਉਨ੍ਹਾਂ ਵਲੋਂ ਮਨਾਏ ਜਾ ਰਹੇ ਤਿਉਹਾਰਾਂ ਨੂੰ ਮਨਾਉਣ ਦੇ ਰੰਗ-ਢੰਗ ਹੀ ਬਦਲ ਕੇ ਰੱਖ ਦਿੱਤੇ। ਹੋਲੀ ਮਨਾਉਣ ਸਮੇਂ ਜਿਥੇ ਲੋਕ ਇਕ ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਸਤਿਗੁਰਾਂ ਨੇ ਇਸ ਬੁਰਿਆਈ ਨੂੰ ਖਤਮ ਕਰਨ ਲਈ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਦਿੱਤਾ।

ਔਰਨ ਕੀ ਹੋਲੀ ਮਮ ਹੋਲਾ।
ਕਹਯੋ ਕ੍ਰਿਪਾਨਿਧ ਬਚਨ ਅਮੋਲਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਯੁੱਧ-ਵਿੱਦਿਆ ਵਿਚ ਪ੍ਰਬੀਨ ਬਨਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਹੋਲੀ ਦੇ ਪ੍ਰੰਪਰਾਈ ਪੱਖ ਤੋਂ ਹੱਟ ਕੇ ਇਸ ਤਿਉਹਾਰ ਦਾ ਸਬੰਧ ਸੂਰਮਤਾਈ ਨਾਲ ਜੋੜਿਆ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਭਾਵ ਬਨਾਉਟੀ ਲੜਾਈ ਹੈ। ਇਸ ਵਿਚ ਪੈਦਲ ਅਤੇ ਘੋੜ-ਸਵਾਰ ਸ਼ਸਤਰਧਾਰੀ ਸਿੰਘ ਦੋ ਦਲ ਬਣਾ ਕੇ ਇਕ ਖਾਸ ਹਮਲੇ ਦੀ ਥਾਂ ਉਤੇ ਹਮਲਾ ਕਰਦੇ ਹਨ ਅਤੇ ਅਨੇਕ ਪ੍ਰਕਾਰ ਦੇ ਕਰਤਬ ਦਿਖਾਉਂਦੇ ਹਨ। ਕਲਗੀਧਰ ਪਾਤਸ਼ਾਹ ਜੀ ਆਪ ਇਸ ਮਸਨੂਈ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਂਦੀ ਸਿੱਖਿਆ ਪ੍ਰਦਾਨ ਕਰਦੇ। ਜਿਹੜਾ ਦਲ ਜੇਤੂ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾਓ ਬਖਸ਼ਿਸ਼ ਕਰਦੇ ਸਨ। ਇਸ ਮੌਕੇ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਖੁਦ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ-ਮਹੱਲਾ ਦੇ ਰੂਪ ਵਿਚ ਮਨਾਏ ਜਾਂਦੇ ਜੰਗਜੂ ਤਿਉਹਾਰ 'ਤੇ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋਬਲ ਨੂੰ ਉੱਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਤਿਉਹਾਰ ਵਿਚ ਧੜਾਧੜ ਬੜੇ ਜੋਸ਼ ਤੇ ਸੱਜ-ਧੱਜ ਨਾਲ ਸ਼ਾਮਲ ਹੋਣ ਲੱਗੇ। ਅਤਰ-ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ-ਮਹੱਲੇ ਦੀ ਖੇਡ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ ਕਿ ਹੋਲੀ ਦੇ ਫੁੱਲ ਖਿੜਨ ਨਾਲ ਸਾਰਾ ਬਾਗ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁਖੜਾ ਕਲੀ ਵਾਂਗ ਖਿੜ ਗਿਆ। ਗੁਲਾਬ, ਅੰਬਰ, ਕਸਤੂਰੀ ਤੇ ਅੰਬੀਰ ਮੀਂਹ ਦੀ ਤਰ੍ਹਾਂ ਵਰਸਣ ਲੱਗੀ। ਕੇਸਰ ਦੀ ਪਿਚਕਾਰੀ ਨੇ ਸਭ ਚਿੱਟੇ ਚੋਲਿਆਂ ਨੂੰ ਰੰਗਾਂ ਨਾਲ ਭਰ ਦਿੱਤਾ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਤੇ ਅਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆਂ ਤਾਂ ਸਭ ਦੀ ਆਤਮਾ ਖਿੜ ਗਈ:

ਗੁਲੇ ਹੋਲੀ ਬ ਬਾਗੇ ਦਰ ਬੂ ਕਰਦ।
ਲਬੇ ਚੂੰ ਗ਼ੁੰਚਾ ਰਾ ਫ਼ਰਖ਼ੰਦਹ ਖ਼ੂ ਕਰਦ।
ਗੁਲਾਬੋ ਅੰਬਰੋ ਮੁਸ਼ਕੋ ਅਬੀਰੋ।
ਚੂ ਬਾਰਾਂ ਬਾਰਸ਼ੇ ਅਜ ਸੂ ਬਸੂ ਕਰਦ।
ਜਹੇ ਪਿਚਕਾਰੀਏ ਪੁਰ ਜੁਫਰਾਨੀ।
ਕਿ ਹਰ ਬੇਰੰਗ ਰਾ ਖੁਸ਼ਰੰਗੋ ਬੂ ਕਰਦ।
ਗੁਲਾਲ ਅਫਸ਼ਾਨੀ ਅਜ਼ ਦਸਤੇ ਮੁਬਾਰਕ।
ਜ਼ਮੀਨੋ ਆਸਮਾਂ ਰਾ ਸੁਰਖਰੂ ਕਰਦ।
ਦੋ ਆਲਮ ਗਸ਼ਤ ਰੰਗੀ ਅਜ਼ ਤੁਫਲੈਸ਼।
ਚੁ ਸ਼ਾਹਮ ਜਾਮਹ ਰੰਗੀ ਦਹ ਗੁਲੂ ਕਰਦ।
(ਭਾਈ ਨੰਦ ਲਾਲ ਰਚਨਾਵਲੀ)

ਭਾਰਤ ਬਹੁਤ ਸਾਰੇ ਮੌਸਮੀ, ਸੱਭਿਆਚਾਰਕ ਅਤੇ ਇਤਿਹਾਸਕ ਤਿਉਹਾਰਾਂ ਦਾ ਦੇਸ਼ ਹੈ। ਖ਼ਾਲਸਾ-ਪੰਥ ਇਨ੍ਹਾਂ ਵਿਚੋਂ ਕਈ ਤਿਉਹਾਰਾਂ ਨੂੰ ਆਪਣੀ ਪਛਾਣ ਨਾਲ ਜੋੜ ਕੇ ਨਿਵੇਕਲੇ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਉਂਦਾ ਹੈ। ਜਿਵੇਂ 'ਹੋਲੀ' ਦੀ ਥਾਂ ਖ਼ਾਲਸਾ-ਪੰਥ 'ਹੋਲਾ ਮਹੱਲਾ' ਅਤੇ ਦੀਵਾਲੀ ਦੀ ਥਾਂ 'ਬੰਦੀ-ਛੋੜ ਦਿਵਸ' ਮਨਾਉਂਦਾ ਹੈ। ਹੋਲੇ-ਮਹੱਲੇ ਦਾ ਆਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਇਕ ਸੰਮਤ 1757 ਬਿਕ੍ਰਮੀ ਵਾਲੇ ਦਿਨ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਹੋਲਗੜ੍ਹ ਦੇ ਸਥਾਨ 'ਤੇ ਕੀਤਾ ਸੀ। ਹੋਲੀ ਰੰਗਾਂ ਦੀ ਖੇਡ ਹੈ, ਜਦਕਿ ਹੋਲਾ-ਮਹੱਲਾ ਮਨਾਉਣ ਦਾ ਮੁੱਖ ਮੰਤਵ ਗੁਰਸਿੱਖਾਂ ਅੰਦਰ 'ਫ਼ਤਹਿ' ਦੇ ਅਨੁਭਵ ਨੂੰ ਹੋਰ ਦ੍ਰਿੜ੍ਹ ਕਰਨਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦੇਸ਼ ਦੀ ਜਨਤਾ ਖਾਸ ਕਰਕੇ ਗੁਰੂ ਨਾਨਕ ਨਾਮ-ਲੇਵਾ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ ਅਤੇ ਨਿਰਭੈਤਾ ਦੀ ਭਾਵਨਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਆਦੇਸ਼ ਜਾਰੀ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਮਨਾਉਣ ਦੀ ਪ੍ਰੰਪਰਾਗਤ ਰਵਾਇਤ ਤੋਂ ਹੱਟ ਕੇ ਇਸ ਨੂੰ ਹੋਲਾ-ਮਹੱਲਾ ਦੇ ਵਿਲੱਖਣ ਰੂਪ 'ਚ ਮਨਾਉਣਾ ਆਰੰਭ ਕੀਤਾ ਅਤੇ ਇਸ ਤਿਉਹਾਰ ਨੂੰ ਖ਼ਾਲਸਾ-ਪੰਥ ਵਿਚ ਚੜ੍ਹਦੀ ਕਲਾ ਦੀ ਭਾਵਨਾ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਨਵੇਂ ਸਾਰਥਿਕ ਅਰਥ ਦਿੱਤੇ ਤੇ ਨਵੇਂ ਢੰਗ-ਤਰੀਕੇ ਅਪਣਾਏ।

ਮੌਸਮੀ ਤਬਦੀਲੀ ਦੇ ਪੱਖ ਤੋਂ 'ਹੋਲੀ' ਬਸੰਤ ਰੁੱਤ ਦੇ ਆਗਮਨ ਦੇ ਨਾਲ-ਨਾਲ ਖੇੜੇ ਤੇ ਖੁਸ਼ੀਆਂ ਦਾ ਤਿਉਹਾਰ ਹੋਣ ਕਰਕੇ ਮਾਨਵ ਚੇਤਨਾ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਪੱਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ ਅਤੇ ਸਾਰੇ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਹ ਤਿਉਹਾਰ ਸਿਮਰਨ, ਸਤਿਸੰਗ ਤੇ ਸੇਵਾ ਵਿਚ ਜੁੜ ਕੇ ਮਨਾਉਣ ਦਾ ਉਪਦੇਸ਼ ਦਿੱਤਾ ਹੈ:

ਨਾਨਕ ਤਿਨਾ ਬਸੰਤੁ ਹੈ ਜਿਨ ਘਰਿ ਵਸਿਆ ਕੰਤੁ ॥
ਜਿਨ ਕੇ ਕੰਤ ਦਿਸਾਪੁਰੀ
ਸੇ ਅਹਿਨਿਸਿ ਫਿਰਹਿ ਜਲੰਤ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ : 791)

ਗੁਰੂ ਸਾਹਿਬ ਦੀ ਮਾਨਵ-ਸਮਾਜ ਨੂੰ ਵੱਡਮੁਲੀ ਦੇਣ ਹੀ ਇਹ ਹੈ ਕਿ ਉਨ੍ਹਾਂ ਨੇ ਮਨੁੱਖੀ ਜੀਵਨ ਨੂੰ ਹਰ ਪੱਖ ਤੋਂ ਸੰਪੂਰਨ, ਸਿੱਖਿਆਦਾਇਕ ਤੇ ਉਸਾਰੂ ਬਨਾਉਣ ਦੀ ਪ੍ਰੇਰਨਾ ਦਿੱਤੀ ਹੈ। ਏਸੇ ਲਈ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਗੁਰਬਾਣੀ ਵਿਚ ਪਰਮਾਰਥ ਦੇ ਮਾਰਗ ਦੀ ਅਨੰਦਮਈ ਹੋਲੀ ਖੇਡਣ ਦੀ ਇਸ ਤਰ੍ਹਾਂ ਪ੍ਰੇਰਨਾ ਕੀਤੀ ਹੈ:

ਗੁਰੁ ਸੇਵਉ ਕਰਿ ਨਮਸਕਾਰ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ਚਿੰਤ ਲਥੀ ਭੇਟੇ ਗੋਬਿੰਦ ॥1 ॥
ਆਜੁ ਹਮਾਰੈ ਗ੍ਰਿਹਿ ਬਸੰਤ ਗੁਨ ਗਾਏ ਪ੍ਰਭ ਤੁਮ ਬੇਅੰਤ ॥1 ॥ ਰਹਾਉ ॥
ਆਜੁ ਹਮਾਰੈ ਬਨੇ ਫਾਗ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ਰੰਗੁ ਲਾਗਾ ਅਤਿ ਲਾਲ ਦੇਵ ॥ 2 ॥
(ਪੰਨਾ : 1180)

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਚਲਾਇਆ ਹੋਲਾ-ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖਾਲਸਾ ਪੰਥ ਲਈ ਸਵੈਮਾਨ, ਖਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹ ਪਵਿੱਤਰ ਤਿਉਹਾਰ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ ਮੰਗਿਆਂ ਪ੍ਰਾਪਤ ਨਹੀਂ ਹੁੰਦੇ, ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ:

ਰਾਜ ਕਿਸੇ ਕੋ ਕੋਇ ਨ ਦੈ ਹੈਂ।
ਜੋ ਲੈ ਹੈ ਨਿਜ ਬਲ ਸੋਂ ਲੈ ਹੈਂ। (ਪੰਥ ਪ੍ਰਕਾਸ਼)

ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਭਾਰੀ ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਸਜਾਉਂਦੇ ਹਨ। ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਜੰਗਜੂ ਕਰਤੱਵ ਦੇਖਣਯੋਗ ਹੁੰਦੇ ਹਨ। ਇਸ ਦੀ ਅਲੌਕਿਕ ਮਹਿਮਾ ਦਾ ਵਰਣਨ 'ਕਹਿਬੇ ਕਉ ਸੋਭਾ ਨਹੀ, ਦੇਖਾ ਹੀ ਪ੍ਰਵਾਨ' ਅਨੁਸਾਰ ਕੇਵਲ ਕਥਨ ਕਰਨ ਨਾਲ ਹੀ ਨਹੀਂ, ਸਗੋਂ ਅੱਖੀਂ ਦੇਖਣ ਨਾਲ ਪਤਾ ਲੱਗਦਾ ਹੈ। ਖਾਲਸਾ ਪੰਥ ਹੋਲੀ ਨਹੀਂ, ਹੋਲਾ ਖੇਡਦਾ ਹੈ ਅਤੇ ਮਹੱਲਾ ਕਢਦਾ ਹੈ। ਕਵੀ ਸੁਮੇਰ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ਾਂ ਨੂੰ ਇਸ ਤਰ੍ਹਾਂ ਲਿਖਦੇ ਹਨ:

ਔਰਨ ਕੀ ਹੋਲੀ ਮਮ ਹੋਲਾ।
ਕਹਯੋ ਕ੍ਰਿਪਾਨਿਧ ਬਚਨ ਅਮੋਲਾ।

ਅਜੋਕੇ ਸਮੇਂ ਵਿਚ ਨਵੀਂ ਪੀੜ੍ਹੀ ਸ਼ਾਨਾਂਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿਚ ਸ਼ਕਤੀ ਦੇ ਪ੍ਰਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁੱਲਦੀ ਜਾ ਰਹੀ ਹੈ ਅਤੇ ਸ਼ਸਤਰਾਂ ਪ੍ਰਤੀ ਪਿਆਰ ਵੀ ਘਟਦਾ ਜਾ ਰਿਹਾ ਹੈ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ ਸਰੋਤ ਹੈ। ਆਓ! ਇਸ ਪਵਿੱਤਰ ਤਿਉਹਾਰ ਨੂੰ ਮਨਾਉਂਦੇ ਹੋਏ ਆਪਣੇ ਗੌਰਵਮਈ ਵਿਰਸੇ ਅਤੇ ਜੁਝਾਰੂ ਬਿਰਤੀ ਦੀ ਸ਼ਕਤੀ ਨਾਲ ਨਸ਼ਿਆਂ ਤੇ ਪਤਿੱਤਪੁਣੇ ਵਿਰੁੱਧ ਜੂਝੀਏ। ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਲਹਿਰ ਨੂੰ ਪ੍ਰਚੰਡ ਕਰਨ ਦਾ ਪ੍ਰਣ ਲਈਏ ਅਤੇ ਖੰਡੇ-ਬਾਟੇ ਦੀ ਪਾਹੁਲ ਛੱਕ ਕੇ ਸਰਬੰਸਦਾਨੀ ਦਸਮੇਸ਼ ਪਿਤਾ ਦੇ ਸੱਚੇ ਸਪੂਤ ਬਣੀਏ।




# 'ਦਿਲਾਂ ਦੀ ਜੂਹ'

-ਸ਼ਿਵਚਰਨ ਜੱਗੀ ਕੁਸਾ
(Punjab Mail USA)



## ਕਾਂਡ ਤਿੰਨ




ਮਹੀਨਾਂ ਗਿੰਦਰ ਸਿੰਘ ਨੂੰ ਮਸਾਂ ਲੰਘਿਆ।

ਮਹੀਨਾਂ ਪੂਰਾ ਹੋਣ ਸਾਰ ਹੀ ਉਸ ਨੇ ਕਲਿਆਣ ਦੇ ਦਫ਼ਤਰ ਜਾ ਅਲਖ ਜਗਾਈ। ਸਾਰੇ ਸਟਾਫ਼ ਨੇ ਹੀ ਗਿੰਦਰ ਨੂੰ ਪਹਿਚਾਣ ਲਿਆ ਸੀ।

-"ਸਾਸਰੀ'ਕਾਲ ਭਾਈ ਸਾਰਿਆਂ ਨੂੰ..! ਦੋਵੇਂ ਹੱਥ ਜੋੜ ਕੇ ਫ਼ਤਹਿ..!" ਗਿੰਦਰ ਸਿੰਘ ਨੇ ਹੋਕਾ ਦੇਣ ਵਾਂਗ ਕਿਹਾ।

-"ਅੰਦਰ ਈ ਚਲਿਆ ਜਾਹ ਬਾਪੂ..! ਕਲਿਆਣ ਸਾਹਿਬ ਅੰਦਰ ਈ ਨੇ..!"

-"ਸ਼ੁਕਰ ਐ ਭਾਈ..! ਮੇਰੇ ਮਨ ਨੂੰ ਤਾਂ ਧੁੜਕੂ ਲੱਗਿਆ ਪਿਆ ਸੀ ਕਿ ਬਾਬੂ ਕਿਤੇ ਗਿਆ ਨਾ ਹੋਵੇ..!" ਉਸ ਨੂੰ "ਲਾਹਣ" ਆਖਣ ਤੋਂ ਗਿੰਦਰ ਨੇ ਗੁਰੇਜ਼ ਹੀ ਕੀਤਾ, "ਅੱਠੇ ਪਹਿਰ ਲਚੜੇਂਵਾਂ ਵੀ ਚੰਗਾ ਨੀ ਹੁੰਦਾ..!" ਉਸ ਦਾ ਮਨ ਬੋਲਿਆ ਸੀ।

-"ਆ ਬਾਪੂ ਸਿਆਂ...! ਕੀ ਹਾਲ ਐ..? 'ਕੱਲਾ ਈ ਆਇਐਂ..?" ਮੁੰਨਿਆਂ ਮੂੰਹ ਬਘਿਆੜ ਵਾਂਗ ਖੋਲ੍ਹ ਕੇ ਕਲਿਆਣ ਬੋਲਿਆ। ਉਹ ਚਤਰ ਨਜ਼ਰ ਨਾਲ਼ ਦੇਖ ਰਿਹਾ ਸੀ ਕਿ ਜਿੰਦਰ ਨਾਲ਼ ਨਹੀਂ ਆਈ ਸੀ।

-"ਹੋਰ ਭਾਈ ਮੇਰੇ ਨਾਲ਼ ਕਿਹੜਾ ਸਿਮਲ ਸਰਜਣ ਨੇ ਆਉਣਾ ਸੀ..?"

ਸਾਰਾ ਸਟਾਫ਼ ਹੱਸ ਪਿਆ।

-"ਹੁਕਮ ਕਰ ਬਾਪੂ ਸਿਆਂ...!"

-"ਹੁਕਮ ਨੂੰ ਮੈਂ ਕਿਹੜਾ ਪਾਕਿਸਤਾਨ 'ਤੇ ਗੋਲ਼ਾਬਾਰੀ ਕਰਵਾਉਣੀ ਐਂ..? ਬੱਸ ਕੁੜੀ ਦਾ ਪਾਸਪੋਰਟ ਕਢਵਾ ਦਿਓ, ਮੈਂ ਬਾਗੋ ਬਾਗ ਐਂ, ਮੈਨੂੰ ਸਾਰਾ ਕੁਛ ਵਿੱਚੇ ਈ ਆਜੂ..!"

ਸਟਾਫ਼ ਦਾ ਹਾਸਾ ਮੁੜ ਉਚਾ ਉਠਿਆ।

-"ਪਾਸਪੋਰਟ ਜੇ ਅਸੀਂ ਕੱਢਣਾ ਹੁੰਦਾ ਤਾਂ ਮਦਾਰੀ ਦੇ ਕਬੂਤਰ ਵਾਂਗੂੰ ਕੱਢ ਦਿਖਾਉਂਦੇ, ਬਾਪੂ ਸਿਆਂ...! ਉਹ ਤਾਂ ਨਬਜ਼ ਹੀ ਕਿਸੇ ਹੋਰ ਦੇ ਹੱਥ ਐ..!"

-"ਉਹ ਨਬਜ਼ ਕੀਹਦੇ ਹੱਥ ਐ..?"

-"ਉਹ ਨਬਜ਼ ਬਾਪੂ ਸਿਆਂ ਚੰਡੀਗੜ੍ਹ ਵਾਲ਼ਿਆਂ ਦੇ ਹੱਥ ਐ..! ਪਾਸਪੋਰਟ ਦਾ ਦਫ਼ਤਰ ਚੰਡੀਗੜ੍ਹ ਐ..!"

-"ਅੱਛਾ..! ਤੇ ਤੁਸੀਂ ਐਥੇ ਬੈਠੇ ਕੀ ਕੜਛ ਮਾਂਜਦੇ ਐਂ...?"

ਕਲਿਆਣ ਉਸ ਦੀ ਸਿੱਧੀ-ਸਾਦੀ, ਪੇਂਡੂ ਗੱਲ 'ਤੇ ਉੱਚੀ-ਉੱਚੀ ਹੱਸ ਪਿਆ।

-"ਅਸੀਂ ਕੁੱਤੇ ਖੱਸੀ ਕਰਦੇ ਐਂ, ਬਾਪੂ..!"

ਸਾਰਾ ਸਟਾਫ਼ ਹੱਸਣ ਲੱਗ ਪਿਆ।

-"ਹੱਸੋ ਨਾ..! ਮੈਨੂੰ ਰਾਹ ਪਾਓ ਕਿਸੇ..! ਨਹੀਂ ਆਵਦੇ ਘਰੇ ਰੱਖ ਲਓ, ਘਰਵਾਲ਼ੀ ਨੇ ਤਾਂ ਮੈਨੂੰ ਘਰੇ ਵੜਨ ਨੀ ਦੇਣਾ..!"

-"ਕੋਈ ਨਾ ਬਾਪੂ ਸਿਆਂ..! ਤੈਨੂੰ ਸਾਡੇ ਦਫ਼ਤਰ ਈ ਮੰਜੀ ਡਾਹ ਦਿਆਂਗੇ, ਰਾਤ ਨੂੰ ਐਥੇ ਈ ਲਾ ਲਿਆ ਕਰੀਂ ਡੇਰੇ..! ਅਸੀਂ ਦੱਸ ਕਿਸੇ ਗੱਲੋਂ ਮੁਕਰਨ ਲੱਗੇ ਐਂ..?"

-"ਲਾਹਣ ਸਿਆਂ, ਤੂੰ ਪਾਸਪੋਰਟ ਦੇ ਰਾਹ ਚੱਲ..! ਮੈਨੂੰ ਪੁੱਠੀਆਂ ਮੱਤਾਂ ਨਾ ਦੇਹ..! ਮੈਂ ਘਰੋਂ ਸਤਿਆ ਪਿਐਂ..! ਅੱਗਿਓਂ ਤੂੰ ਮੇਰੇ ਅੰਤਰੇ ਲੈਣ ਲੱਗ ਪਿਆ..!"

-"ਬੈਠ ਬਾਪੂ ਸਿਆਂ ਐਥੇ...! ਸ਼ਰਮਾਂ ਜੀ...!"

-"ਜੀ ਸਰ..?"

-"ਜਾਹ ਚਾਹ ਲੈ ਕੇ ਆ...!!"

ਸ਼ਰਮਾਂ ਚਾਹ ਲੈਣ ਚਲਿਆ ਗਿਆ।

-"ਬਾਪੂ ਸਿਆਂ..! ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ..! ਜੇ ਤਾਂ ਕਢਵਾਉਣੈਂ ਪਾਸਪੋਰਟ ਜਲਦੀ...!"

-"ਹਾਏ ਰੱਬਾ...! ਅਖੇ ਸਾਰੀ ਰਾਤ ਰੋਈ ਗਈ, ਤੇ ਮਰਿਆ ਕੋਈ ਵੀ ਨੀ...! ਮੈਂ ਤਾਂ ਦੋਨੋਂ ਹੱਥਾਂ ਨਾਲ਼ ਪਿੱਟਦੈਂ ਬਈ ਪਾਸਪੋਰਟ ਕੱਢਣੈਂ..! ਕੁਛ ਕਰ...!"

-"ਕਰਨਾਂ ਫ਼ੇਰ ਮੈਂ ਨੀ ਬਾਪੂ...! ਕਰਨਾ ਤੈਨੂੰ ਪੈਣੈਂ..!"

-"ਮੈਨੂੰ ਤਾਂ ਚਾਹੇ ਤੂੰ ਗੱਡੇ ਜੋੜ ਲੈ..!"

-"ਗੱਡੇ ਤੈਨੂੰ ਜਮਾਂ ਨੀ ਜੋੜਦੇ..!"

-"ਹੋਰ ਕੀ ਮੈਥੋਂ ਹਲ਼ ਵਹਾਉਣੈਂ..?"

-"ਤੂੰ ਕਿਸਾਨੀ ਕਿੱਤੇ 'ਚੋਂ ਬਾਹਰ ਆ ਕੇ ਗੱਲ ਕਰ..!"

-"ਚੱਲ ਆ ਗਿਆ ਬਾਹਰ..! ਹੁਣ ਦੱਸ..?"

-"ਚੰਡੀਗੜ੍ਹ ਪਾਸਪੋਰਟ ਦਫ਼ਤਰ 'ਚ ਜਿਹੜੇ ਮਗਰਮੱਛ ਬੈਠੇ ਐ, ਉਨ੍ਹਾਂ ਨੂੰ ਕੁਛ ਨਾ ਕੁਛ ਮੱਥਾ ਟੇਕਣਾ ਪੈਣੈ, ਪਾਸਪੋਰਟ ਤਾਂ ਗੋਲ਼ੀ ਬਣਿਆਂ ਆਊ...!"

-"ਮੱਥਾ ਤਾਂ ਟੇਕ ਦਿਆਂਗੇ...! ਪਰ ਟੇਕਣਾ ਕਿੰਨਾਂ ਕੁ ਪਊ..??"

ਗਿੰਦਰ ਦਾ ਮੂੰਹ ਆਲ਼ੇ ਵਾਂਗ ਖੁੱਲ੍ਹਾ ਸੀ।

-"ਬਾਪੂ ਸਿਆਂ...! ਜਿੰਨਾਂ ਗੁੜ ਪਾਵੇਂਗਾ, ਮਿੱਠਾ ਸੁੱਖ ਨਾਲ਼ ਓਨਾਂ ਈ ਹੋਣੈਂ..! ਮੇਰੇ ਮੂੰਹੋਂ ਬਾਹਲ਼ਾ ਕਿਉਂ ਅਖਵਾਈ ਜਾਨੈਂ...?"

-"ਫ਼ੇਰ ਵੀ...? ਮੂੰਹ ਤਾਂ ਸੁੰਘ, ਬਈ ਕਿੰਨੇ ਕੁ ਨਾਲ਼ ਸਰਜੂ..?"

-"ਰੁਪੱਈਆ ਬਾਪੂ ਸਿਆਂ ਲੱਗੂਗਾ ਪੂਰਾ ਪੰਜ ਹਜ਼ਾਰ...!"

-"ਪੰਜ ਹਜ਼ਾਰ...?" ਬਾਪੂ ਦੇ ਕੰਨਾਂ ਵਿਚ ਬਿੰਡੇ ਟਿਆਂਕਣ ਲੱਗ ਪਏ, "ਪੰਜ ਹਜ਼ਾਰ ਤਾਂ ਠੀਕਰੀ ਨੀ 'ਕੱਠੀ ਹੁੰਦੀ..!"

-"ਦੇਖ'ਲਾ ਬਾਪੂ ਸਿਆਂ..! ਦੇਣਾ, ਜਾਂ ਨਾ ਦੇਣਾਂ ਤੇਰਾ ਕੰਮ ਐਂ..! ਪੰਜ ਹਜ਼ਾਰ ਦੇ ਕੇ ਪਾਸਪੋਰਟ ਹੱਥ 'ਚ ਆ'ਜੂ..! ਜੇ ਤਾਂ ਹੈਗਾ ਮਨਜ਼ੂਰ, ਫ਼ੇਰ ਤਾਂ ਦੱਸ, ਨਹੀਂ ਟਿੱਡੀਆਂ ਬੁਸ਼ਕਰਨ ਦਾ ਫ਼ਾਇਦਾ ਕੋਈ ਨੀ, ਅਰਾਮ ਨਾਲ਼ ਪੰਜ ਮਹੀਨੇ ਹੋਰ ਉਡੀਕ ਕਰ..!" ਕਲਿਆਣ ਨੇ ਆਖਰੀ ਰਸਤਾ ਦਿਖਾ ਕੇ, ਗੱਲ ਭੌਣ ਤੋਂ ਲਾਹ ਦਿੱਤੀ।

-"................।" ਬਾਪੂ ਦੀ ਸੋਚ ਅਜੀਬ ਘੋੜ-ਦੌੜ ਵਿਚ ਵੜ ਗਈ। ...ਗਿੰਦਰ ਸਿਆਂ...! ਮਾਰ ਲੈ ਮੋਰਚਾ..! ਕੁੜੀ ਪੰਜ ਹਜ਼ਾਰ 'ਚ ਇੰਗਲੈਂਡ ਵੜਦੀ ਹੁੰਦੀ ਐ..! ਲੋਕ ਲੱਖਾਂ ਰੁਪੱਈਆ ਚੱਕੀ ਫ਼ਿਰਦੇ ਐ ਪੱਟ ਹੋਣੀਂ ਵਲੈਤ ਦੇ ਨਾਂ ਨੂੰ..! ਚੌਲ਼ਾਂ 'ਚ ਈ ਸਰਦੈ ਤੇਰਾ ਤਾਂ...! ਛੋਕਰੀ ਦੇਣੇਂ ਰਿਸ਼ਤੇਦਾਰ ਬਥੇਰੇ ਫ਼ੇਰੇ ਦਿੰਦੇ ਐ, ਬਈ ਇਨ੍ਹਾਂ ਦੀ ਬਾਹਰ ਨਾ ਜਾਵੇ, ਸਾਡੀ ਕੁੜੀ ਚਲੀ ਜਾਵੇ..! ਸਿਆਣੇ ਕਹਿੰਦੇ ਹੁੰਦੇ ਐ, ਰੱਬ ਬੰਦੇ ਨੂੰ ਮੌਕਾ ਕਦੇ-ਕਦੇ ਦਿੰਦੈ..! ਜੇ ਆਹ ਮੌਕਾ ਹੱਥੋਂ ਚਲਿਆ ਗਿਆ, ਫ਼ੇਰ ਹੋ ਸਕਦੈ ਕਦੇ ਹੱਥ ਨਾ ਆਵੇ..! ਕਿਸਮਤ ਬਣਾਈ ਬਣਦੀ ਐ, ਗਿੰਦਰ ਸਿਆਂ..! ਮੰਜੇ 'ਤੇ ਪਏ ਦੇ ਮੂੰਹ 'ਚ ਤਾਂ ਰੱਬ ਵੀ ਬੁਰਕੀ ਨੀ ਪਾਉਂਦਾ..! ਮੂੰਹ 'ਚ ਬੁਰਕੀ ਪਾਉਣ ਲਈ ਵੀ ਹੱਥ ਹਿਲਾਉਣਾ ਪੈਂਦੈ...! ਨਿੱਕੀ ਜੀ ਗੱਲ ਪਿੱਛੇ ਹੁਣ ਮੋਕ ਨਾ ਮਾਰ..! ਕੱਢ ਜਿਗਰਾ, ਤੇ ਮਾਰ ਪੰਜ ਹਜ਼ਾਰ ਰੁਪੱਈਆ ਕਲਿਆਣ ਦੇ ਮੱਥੇ 'ਚ..! ਸਿਆਣੇ ਕਹਿੰਦੇ ਐ, ਜੁੱਲ ਕੰਧੋਲ਼ੇ ਮੌਜਾਂ ਮਾਨਣ, ਆਕੜ ਪਾਲ਼ੇ ਮਰਦੀ ਐ..! ਹੁਣ ਵੇਲ਼ਾ ਹੱਥ ਘੁੱਟਣ ਦਾ ਨੀ, ਕਲਿਆਣ ਵਰਗੇ ਲਾਲਚੀ ਕੁੱਕੜਾਂ ਨੂੰ ਚੋਗਾ ਖਿਲਾਰਨ ਦਾ ਐ..! ਜੇ ਕਿਸੇ ਅਜੰਟ ਰਾਹੀਂ ਕੁੜੀ ਤੋਰਨੀ ਪੈਂਦੀ, ਅਗਲਾ ਨਿੱਤ ਸਾਨੂੰ ਮਿਸ਼ਰੀ ਮਾਂਗੂੰ ਭੋਰ-ਭੋਰ ਖਾਂਦਾ..! ਇਹ ਤਾਂ ਪੰਜ ਹਜ਼ਾਰ 'ਚ ਈ ਸਰਦੈ..! ਮਾਰ ਬੜ੍ਹਕ..!

-"ਸੋਚੀਂ ਪਿਆ, ਤੇ ਬੰਦਾ ਗਿਆ, ਬਾਪੂ ਸਿਆਂ...! ਨਾਲ਼ੇ ਤਾਂ ਤੂੰ ਸਾਡਾ ਟਾਈਮ ਬਰਬਾਦ ਕਰੀ ਜਾਨੈਂ, ਤੇ ਨਾਲ਼ੇ ਆਪਣਾ..! ਤੂੰ ਤਾਂ ਬਿਚਾਰੀ ਕੁੜੀ ਦੀਆਂ ਬੇੜੀਆਂ 'ਚ ਵੀ ਵੱਟੇ ਪਾਵੇਂਗਾ..!"

-"ਕੌਣ ਕਹਿੰਦੈ..? ਨ੍ਹਾਂ ਕੌਣ ਕਹਿੰਦੈ ਮੈਂ ਆਬਦੀ ਕੁੜੀ ਦੀਆਂ ਬੇੜੀਆਂ 'ਚ ਬੱਟੇ ਪਾਊਂਗਾ..? ਮੈਂ ਕਮਲ਼ਾ ਲੱਗਦੈਂ ਤੈਨੂੰ..? ਓਏ ਮੈਂ ਆਬਦੀ ਧੀ ਦੀ ਖਾਤਰ ਫ਼ਾਕੜਾਂ ਹੋਜਾਂ, ਫ਼ਾਹੇ ਚੜ੍ਹਜਾਂ..!" ਗਿੰਦਰ ਸਿਉਂ ਤਾਅ ਖਾ ਗਿਆ। ਉਸ ਨੇ ਆਪਣਾ ਵੱਡਾ ਸਾਰਾ ਹੱਥ ਕਈ ਵਾਰ ਛਾਤੀ 'ਤੇ ਮਾਰਿਆ। ਛਾਤੀ ਛੱਜ ਵਾਂਗ ਖੜਕੀ ਸੀ।

-"ਮੈਂ ਤਾਂ ਤੈਨੂੰ ਡੂੰਘੀਆਂ ਸੋਚਾਂ 'ਚ ਪਿਆ ਦੇਖ ਕੇ ਕਿਹਾ ਸੀ ਬਾਪੂ ਸਿਆਂ..! ਗਰਮ ਨਾ ਹੋ, ਠੰਢਾ ਰਹਿ..! ਗਰਮੀ ਸਿਹਤ ਦਾ ਨੁਕਸਾਨ ਕਰਦੀ ਐ..!" ਸੱਤਾਂ ਪੱਤਣਾਂ ਦਾ ਤਾਰੂ ਕਲਿਆਣ ਦੇਖ ਰਿਹਾ ਸੀ ਕਿ ਲੋਹਾ ਗਰਮ ਹੋ ਚੁੱਕਿਆ ਸੀ, ਹੁਣ ਸਿਰਫ਼ ਘਣ ਦੀ ਸੱਟ ਦੀ ਹੀ ਲੋੜ ਸੀ।

-"ਦੱਸ ਪੈਸੇ ਕਦੋਂ ਦੇਵਾਂ..?" ਉਸ ਦੀ ਅਵਾਜ਼ ਸੰਖ ਵਾਂਗ ਗੂੰਜੀ। ਡਰ ਨਾਲ਼ ਕੂਲਰ ਪਿੱਛੇ ਲੁਕੀਆਂ ਚਿੜੀਆਂ "ਫ਼ੁਰਰ" ਕਰ ਕੇ ਉਡ ਗਈਆਂ।

-"ਪੈਸੇ ਮੈਨੂੰ ਦੇਣ ਦਾ ਕੋਈ ਫ਼ਾਇਦਾ ਨੀ ਬਾਪੂ..!"

-"ਤੇ ਹੋਰ ਕੀਹਨੂੰ ਦੇਣੇ ਐਂ..? ਤੂੰ ਤਾਤੇ ਬਾਤੇ ਜੇ ਨਾ ਪਾਅ..! ਗੱਲ ਨੱਕ ਦੀ ਸੇਧ ਨੂੰ ਕਰ..! ਗਜ ਵਰਗੀ ਸਿੱਧੀ..!"

-"ਪੈਸੇ ਲੈ ਕੇ ਤੈਨੂੰ ਚੰਡੀਗੜ੍ਹ ਜਾਣਾ ਪਊਗਾ..!"

-"ਉਥੇ ਮੈਨੂੰ ਕੌਣ ਜਾਣਦੈ..? ਮੈਂ ਤਾਂ ਕਦੇ ਮੋਗੇ ਜ਼ਿਲ੍ਹੇ ਦੀ ਜੂਹ ਨੀ ਟੱਪਿਆ..!"

-"ਤੇਰੇ ਨਾਲ਼ ਬੰਦਾ ਭੇਜਾਂਗੇ, ਬਾਪੂ ਸਿਆਂ..! ਪਰ ਬੰਦੇ ਦਾ ਕਿਰਾਇਆ ਭਾੜਾ ਤੈਨੂੰ ਲਾਉਣਾ ਪੈਣੈਂ..!"

-"ਲਾਊਂਗਾ..! ਦੋਨੀਂ ਹੱਥੀ ਲਾਊਂਗਾ..! ਜਿੱਥੇ ਕੱਟਿਆਂ ਦੀਆਂ, ਓਥੇ ਵੱਛਿਆਂ ਦੀਆਂ ਸਹੀ..! ਤੂੰ ਆਪਣਾ ਕੰਮ ਕੱਢਣ ਵਾਲ਼ਾ ਬਣ..! ਦੱਸ ਮੇਰੇ ਨਾਲ਼ ਕੌਣ ਜਾਊਗਾ..?"

-"ਸਾਡਾ ਸੂਰੀ ਜਾਊਗਾ...!"

-"ਸੂਰੀ...?" ਗਿੰਦਰ ਦੇ ਦਿਮਾਗ ਨੂੰ ਭੁਆਂਟਣੀ ਆ ਗਈ।

ਸਾਰੇ ਫ਼ਿਰ ਹੱਸ ਪਏ।

-"ਆਹੋ ਬਾਪੂ...!"

-"ਸੂਰੀ ਕਿਸੇ ਬੰਦੇ ਦਾ ਨਾਂ ਐਂ...?"

-"ਔਹ ਦੇਖ ਬੈਠਾ...! ਆਪ ਈ ਦੇਖ ਲੈ ਬੰਦਾ ਐ ਕਿ ਜਾਨਵਰ..!" ਕਲਿਆਣ ਨੇ ਇੱਕ ਘੁੱਟੇ ਜਿਹੇ ਮੂੰਹ ਵਾਲ਼ੇ ਬੰਦੇ ਵੱਲ ਇਸ਼ਾਰਾ ਕਰ ਕੇ ਕਿਹਾ। ਦਾਹੜ੍ਹੀ ਦੀ ਰੱਸੀ ਜ਼ਿਆਦਾ ਕਸੀ ਹੋਣ ਕਾਰਨ ਉਸ ਦਾ ਮੂੰਹ ਸੁੱਜਿਆ-ਸੁੱਜਿਆ ਜਿਹਾ ਲੱਗਦਾ ਸੀ।

-"ਦੂਰ ਫ਼ਿੱਟੇ ਮੂੰਹ...! ਤੁਸੀਂ ਨਾਂ ਕਿਹੋ ਜੇ ਰੱਖੇ ਐ..?"

-"ਸ਼ਹਿਰਾਂ ਆਲ਼ਿਆਂ ਦੇ ਐਹੋ ਜੇ ਨਾਂ ਈ ਹੁੰਦੇ ਐ ਬਾਪੂ...!"

-"ਬੜੇ ਕੁਪੱਤੇ ਐ ਫ਼ੇਰ ਤਾਂ..!"

-"ਤੈਨੂੰ ਈ ਲੱਗਦੇ ਐ ਬਾਪੂ ਸਿਆਂ...!"

-"ਪੈਸੇ ਦੱਸ ਕਦੋਂ ਲੈ ਕੇ ਆਵਾਂ...?"

-"ਅੱਜ ਸ਼ੁੱਕਰਵਾਰ ਐ, ਤੁਸੀਂ ਸੋਮਵਾਰ ਨੂੰ ਸਵੇਰੇ ਸੱਤ ਵਜੇ ਵੱਡੇ ਬੱਸ ਅੱਡੇ 'ਤੇ ਆ ਜਾਇਓ, ਸੂਰੀ ਥੋਨੂੰ ਬੱਸ ਅੱਡੇ 'ਚ ਈ ਮਿਲੂਗਾ..!"

-"ਕੋਈ ਚੱਜ ਦੇ ਨਾਂ ਆਲ਼ਾ ਬੰਦਾ ਤੋਰ ਦਿੰਦੇ, ਮੂੰਹ 'ਚੋਂ ਕਦੇ ਕੋਈ ਭੈੜੀ ਗੱਲ ਨਿਕਲ਼ ਜਾਂਦੀ ਐ..!"

-"ਜੋ ਮਰਜ਼ੀ ਐ ਕੱਢੀ ਚੱਲੀਂ ਬਾਪੂ ਸਿਆਂ..! ਸੂਰੀ ਨੂੰ ਸੁਣਦਾ ਵੀ ਲੰਗੇ ਡੰਗ ਈ ਐ..!"

-"ਕਿਤੇ ਉਥੇ ਜਾ ਕੇ ਪਹਿਲਾਂ ਇਹਦੇ ਕੰਨ ਨੂੰ ਸਪੀਕਰ ਨਾ ਲਾਉਣਾ ਪਵੇ..?"

-"ਨਹੀਂ..! ਐਨਾਂ ਵੀ ਉੱਚਾ ਨੀ ਸੁਣਦਾ..! ਕੰਮ ਦਾ ਡੰਗ ਤਾਂ ਸਾਰੂਗਾ..!"

-"ਕਿਤੇ ਉਹ ਨਾ ਹੋਵੇ ਬਈ ਇਹਦੀ ਬੈਟਰੀ ਮੈਨੂੰ ਚਾਰਜ ਕਰਨੀ ਪਵੇ..!"

-"ਓਏ ਨਹੀਂ ਖਸਮਾਂ...!" ਕਲਿਆਣ ਸਮੇਤ ਸਾਰਾ ਸਟਾਫ਼ ਹੱਸੀ ਜਾ ਰਿਹਾ ਸੀ।

-"ਚੰਗਾ ਫ਼ੇਰ ਮੈਂ ਤਾਂ ਚੱਲਦੈਂ ਹੁਣ..! ਸਾਧੂ ਚੱਲਦੇ ਭਲੇ, ਤੇ ਨਗਰੀ ਵਸਦੀ ਭਲੀ..!"

-"ਚਾਹ ਨੀ ਪੀਣੀਂ, ਬਾਪੂ ਸਿਆਂ..?"

-"ਕੁਪੱਤੀ ਬੱਕਰੀ ਮਾਂਗੂੰ ਤੁਸੀਂ ਵੀ ਦੁੱਧ ਮੀਂਗਣਾਂ ਘੋਲ਼ ਕੇ ਈ ਦਿੰਨੇ ਐਂ...!"

-"ਕਿਉਂ...?"

-"ਐਨੇ ਚਿਰ ਦਾ ਬੈਠੈਂ, ਹੁਣ ਤੁਰਨ ਵੇਲ਼ੇ ਚਾਹ ਯਾਦ ਆ'ਗੀ...?"

-"ਮਾਫ਼ ਕਰ ਪਤੰਦਰਾ...! ਸੂਰੀ ਸਾਹਿਬ, ਚਾਹ ਮੰਗਵਾਓ...!"

-"ਜੀ ਸਰ...!"

ਚਾਹ ਦਾ ਹੁਕਮ ਹੋ ਗਿਆ।

-"ਜਿੰਨਾਂ ਚਿਰ ਚਾਹ ਨੀ ਆਉਂਦੀ, ਓਨਾਂ ਚਿਰ ਮੈਂ ਸੂਰੀ ਦੀ ਹਾਸੇ ਆਲ਼ੀ ਗੱਲ ਸੁਣਾ ਦਿੰਨੈਂ..!" ਕਲਿਆਣ ਬੋਲਿਆ।

-"ਕੋਈ ਚੱਜ ਦੀ ਸੁਣਾਈਂ, ਚਾਹ ਦਾ ਸੁਆਦ ਨਾ ਖਰਾਬ ਕਰਦੀਂ..!"

-"ਜਮਾਂ ਨੀ ਕਰਦਾ...! ਇੱਕ ਆਰੀ ਸੂਰੀ ਸਾਹਿਬ ਨੇ ਕਿਸੇ ਨੂੰ ਫ਼ੋਨ ਮਿਲ਼ਾ ਲਿਆ, ਫ਼ੋਨ ਚੱਕ ਲਿਆ ਕਿਸੇ ਬੀਬੀ ਨੇ, ਸੂਰੀ ਸਾਹਿਬ ਓਹਨੂੰ ਪੁੱਛਦੇ ਐ; ਜੀ ਕੌਣ ਬੋਲਦੈ? ਅੱਗਿਓਂ ਔਰਤ ਕਹਿੰਦੀ; ਜੀ ਮੈਂ ਸੀਤਾ ਬੋਲਦੀ ਐਂ, ਤਾਂ ਸੂਰੀ ਸਾਹਿਬ ਕਹਿੰਦੇ; ਭਾਈ ਬੀਬਾ, ਮੈਨੂੰ ਲੱਗਦੈ ਫ਼ੋਨ ਆਯੁੱਧਿਆ 'ਚ ਮਿਲ਼ ਗਿਆ, ਮੈਨੂੰ ਮੁਆਫ਼ ਕਰੋ, ਹੋਰ ਦੱਸੋ, ਹਨੂੰਮਾਨ ਮਹਾਰਾਜ ਠੀਕ ਠਾਕ ਨੇ..? ਤੇ ਅੱਗਿਓਂ ਬੀਬੀ ਨੇ ਜੋ ਖੰਡ ਸੂਰੀ ਸਾਹਿਬ ਨੂੰ ਪਾਈ, ਉਹ ਸੂਰੀ ਸਾਹਿਬ ਈ ਜਾਣਦੇ ਐ...!"

-"ਪਾਉਣੀ ਸੀ, ਜਦੋਂ ਧਰਤੀ 'ਤੇ ਬਹਿ ਕੇ ਬੈਕੁੰਠ ਆਲ਼ਿਆਂ ਨਾਲ਼ ਗੱਲਾਂ ਕਰਦੈ..!"

ਹਾਸੜ ਪੈ ਗਈ।

ਉਨ੍ਹਾਂ ਦੇ ਗੱਲਾਂ ਕਰਦਿਆਂ ਹੀ ਚਾਹ ਆ ਗਈ।

-"ਸਾਡੇ ਆਲੀ ਗੱਦਾਂ ਯੱਧੀ ਚੌਂਕੇ 'ਚ ਈ ਆਥਣ ਕਰ ਮਾਰਦੀ ਐ ਚਾਹ ਨੂੰ, ਆਹ ਦੇਖ'ਲਾ, ਮਿਲਟ ਨੀ ਲਾਇਆ ਚਾਹ ਨੂੰ..! ਠਾਹ ਦੇਣੇਂ ਭੇਜ'ਤੀ..!"

ਗਿੰਦਰ ਦੇ ਕਾਰਨਾਵਿਆਂ ਤੋਂ ਦਫ਼ਤਰ ਵਾਲ਼ੇ ਹੱਸੀ ਜਾ ਰਹੇ ਸਨ।

-"ਚੁੱਲ੍ਹੇ 'ਤੇ ਈ ਨਲ਼ੀ ਬੁੜ੍ਹਕਾਈ ਜਾਊ ਕੰਜਰਾਂ ਦੀ..!" ਉਸ ਨੇ ਕੱਪ ਚੁੱਕ ਕੇ ਮੂੰਹ ਨੂੰ ਲਾ ਲਿਆ ਅਤੇ ਤਿੰਨਾਂ ਘੁੱਟਾਂ ਵਿਚ ਕੱਪ ਖਾਲੀ ਕਰ ਦਿੱਤਾ।

-"ਸੁਆਦ ਸੀ ਬਾਪੂ ਸਿਆਂ ਚਾਹ...?"

-"ਲੈ...! ਕਰ ਲੈ ਘਿਉ ਨੂੰ ਭਾਂਡਾ...! ਦੱਸ ਕੀ ਨੰਗੀ ਨ੍ਹਾਹ ਲਊ, ਤੇ ਕੀ ਨਿਚੋੜ ਲਊ..? ਗੁੜ੍ਹਤੀ ਜਿੰਨੀ ਤਾਂ ਮੈਨੂੰ ਚਾਹ ਦਿੱਤੀ ਐ...! ਤਿੱਪ ਚਾਹ 'ਚੋਂ ਸੁਆਦ ਦਾ ਸੁਆਹ ਪਤਾ ਲੱਗਣਾ ਸੀ..? ਚਾਹ ਦੇ ਸੁਆਦ ਦਾ ਪਤਾ ਤਾਂ ਜੁਆਨਾਂ ਡੋਲਣੇਂ ਆਲ਼ੀ ਚਾਹ 'ਚੋਂ ਲੱਗਦੈ..! ਉਹ ਹਿਲਾਉਂਦੀ ਐ ਧਰਨ ਬੰਦੇ ਦੀ..! ਜਦੋਂ ਨੂੰ ਚਾਹ ਦੇ ਸੁਆਦ ਦਾ ਪਤਾ ਲੱਗਣ ਲੱਗਿਆ, ਓਦੋਂ ਨੂੰ ਤੇਰੀ ਚਾਹ ਮੁੱਕਗੀ..! ਸੁਆਦ ਦੀ ਤਾਂ ਅਜੇ ਬਾਈ-ਧਾਈ ਵੀ ਨੀ ਸੀ..!"

-"ਸ਼ਹਿਰਾਂ 'ਚ ਤਾਂ ਬਾਪੂ ਐਨੀ ਕੁ ਚਾਹ ਈ ਮਿਲ਼ਦੀ ਐ...!"

-"ਤਾਂ ਹੀ ਤਾਂ ਥੋਡੇ ਜੁਆਕ ਹਰੀ ਸਿੰਘ ਨਲੂਏ ਮਾਂਗੂੰ ਮੋਛੇ ਪਾਉਂਦੇ ਐ..! ਸਾਲ਼ਿਆਂ ਦੇ ਠੇਡਾ ਵੱਜ'ਜੇ, ਤਿੰਨ ਦਿਨ ਰੋਣੋਂ ਨੀ ਹਟਦੇ, ਬੂਹਕਦੇ ਦੇ ਸਾਰਾ ਟੱਬਰ ਪਾਣੀ ਦੀਆਂ ਪੱਟੀਆਂ ਈ ਧਰੀ ਜਾਊ, ਤੇ ਲੁਆਉਣ ਤੁਰ ਪੈਣਗੇ ਧਣਖਵਾਅ ਦਾ ਟੀਕਾ..! ਤੇ ਪਿੰਡ ਆਲ਼ੇ ਜੁਆਕ ਦੇ ਗੰਡਾਸਾ ਵੀ ਵੱਜੇ, ਪਿਉ ਤਿੰਨ ਮਾਰਦੈ ਲਫ਼ੇੜੇ..! ਆਖੂ ਸਾਲ਼ਿਆ ਗੋਲ਼ੀ ਵੱਜ'ਗੀ..? ਭੋਰਾ ਝਰੀਟ ਐ, ਆਪੇ 'ਰਾਮ ਆ'ਜੂ..! ਧਿਆਨ ਈ ਨੀ ਦਿੰਦੇ..!"

-"ਸੋਮਵਾਰ ਨੂੰ ਸਵੇਰੇ ਸਾਝਰੇ ਈ ਪਹੁੰਚ ਜਾਈਂ ਬਾਪੂ ਸਿਆਂ..!"

-"ਮੈਖਿਆ ਸਵੇਰੇ ਸਾਝਰੇ ਸੱਤ ਤੋਂ ਪਹਿਲਾਂ ਈ ਮੀਲ ਪੱਥਰ ਮਾਂਗੂੰ ਖੜ੍ਹਾ ਹੋਊਂ..!"

-"ਵੱਡੇ ਬੱਸ ਅੱਡੇ...!"

-"ਤੇ ਮੈਂ ਕਿਹੜਾ ਪਹਾੜਾਂ ਆਲ਼ੀ ਮਾਤਾ ਦੇ ਕਹਿੰਨੈਂ..?"

ਸਭ ਦੇ ਹੱਸ-ਹੱਸ ਢਿੱਡੀਂ ਪੀੜਾਂ ਪੈ ਗਈਆਂ।

ਬੱਸ ਅੱਡੇ ਆ ਕੇ ਉਸ ਨੇ ਪਿੰਡ ਵਾਲ਼ੀ ਬੱਸ ਫ਼ੜ ਲਈ।

ਬੱਸ ਵਿਚ ਵੀ ਉਸ ਦਾ ਦਿਮਾਗ ਛੱਤਣੀਂ ਚੜ੍ਹਿਆ ਰਿਹਾ।

ਬੱਸੋਂ ਉਤਰ ਕੇ ਗਿੰਦਰ ਨੇ ਠੇਕੇ ਤੋਂ ਸੰਤਰਾ ਦੀ ਇੱਕ ਬੋਤਲ ਲੈ ਲਈ ਅਤੇ ਨਾਲ਼ ਦੇ ਅਹਾਤੇ ਵਿਚ ਖੜ੍ਹ ਕੇ ਦੋ ਕਰੜੇ ਪੈੱਗ ਲਾ ਕੇ ਘਰ ਨੂੰ ਤੁਰ ਪਿਆ।

-"ਆ ਜਾਹ ਬਹਿ'ਜਾ ਘੜੀ ਹੋਰ..! ਛੇਤੀ ਈ ਤੁਰ ਚੱਲਿਆ..?" ਬਖਤੌਰ ਨੇ ਤੁਰੇ ਜਾਂਦੇ ਗਿੰਦਰ ਨੂੰ ਕਿਹਾ।

-"ਐਥੇ ਮੈਂ ਸ਼ਰਾਧ ਕਰਨੈਂ..? ਜਿਹੜਾ ਕੰਮ ਕਰਨਾ ਸੀ, ਸੋ ਕਰ ਲਿਆ..!" ਗਿੰਦਰ ਨੇ ਉਸ ਨੂੰ ਤੋੜ ਕੇ ਸੁੱਟਦਿਆਂ ਕਿਹਾ। ਡੱਬ 'ਚ ਦਿੱਤੀ ਬੋਤਲ ਉਸ ਨੇ ਤਸੱਲੀ ਕਰਨ ਲਈ ਦੁਬਾਰਾ ਟੋਹੀ ਸੀ।

-"...........।" ਬਖਤੌਰ ਚੁੱਪ ਕਰ ਗਿਆ। ਉਹ ਗਿੰਦਰ ਵਾਲ਼ੀ ਬੋਤਲ 'ਚੋਂ ਪੈੱਗ ਦੀ ਝਾਕ ਲਾਈ ਬੈਠਾ ਸੀ।

-"ਦਾਰੂ ਦੀ ਬੋਤਲ ਦੇਖ ਕੇ ਸਾਲ਼ੇ ਨੂੰ ਕਿਵੇਂ ਹੀਂਗਣਾਂ ਛੁੱਟ ਪਿਆ..! ਲਾਅਲ਼ਾਂ ਸਿੱਟ'ਲੀਆਂ ਡੱਬ 'ਚ ਬੋਤਲ ਦੇਖ ਕੇ..! ਇਹਦੇ ਚਿੱਤ 'ਚ ਸੀ ਬਈ ਮੈਂ ਸ਼ਰਾਬੀ ਐਂ, ਗਿਲਾਸ ਭਰਦੂੰ..! ਮੈਂ ਤੇਰੇ ਅਰਗੇ ਨੂੰ ਵੇਚ ਕੇ ਖਾ'ਜਾਂ..! ਤੂੰ ਕਿਹੜੇ ਬਾਗ ਦੀ ਮੂਲ਼ੀ ਐਂ..? ਬਈ ਸਾਲ਼ਿਆ, ਜੇ ਪੀਣ ਦਾ ਸ਼ੌਕ ਐ ਤਾਂ ਆਬਦੀ ਖਰੀਦ ਕੇ ਪੀ..! ਮੁਖਤ ਦੀ ਤੈਨੂੰ ਕਿਹੜਾ ਕੰਜਰ ਪਿਆ'ਦੂ..? ਕਈਆਂ ਦੀ ਨੀਅਤ ਈ ਸਾਲ਼ਿਆਂ ਦੀ ਮਾੜੀ ਹੁੰਦੀ ਐ..!" ਗਲ਼ੀਆਂ ਵਿਚ ਬੱਕੜਵਾਹ ਕਰਦਾ ਉਹ ਘਰ ਪਹੁੰਚ ਗਿਆ।

ਸ਼ਾਮ ਕੌਰ ਰਸੋਈ ਵਿਚ ਹੀ ਚੱਕਣ ਧਰਨ ਕਰ ਰਹੀ ਸੀ।

ਘਰਵਾਲ਼ੇ ਨੂੰ ਦੇਖ ਕੇ ਉਸ ਦੇ ਚਿਹਰੇ 'ਤੇ ਰੌਣਕ ਆ ਗਈ।

-"ਪਾਣੀ ਦੇਵਾਂ..?"

-"ਲਿਆ...! ਦਾਲ਼ ਦੀ ਕੌਲੀ ਜਾਂ 'ਚਾਰ ਵੀ ਲਈ ਆਈਂ...!"

-"ਕੋਈ ਖ਼ੁਸ਼ਖਬਰੀ ਐ...?" ਉਹ ਨਲ਼ਕੇ ਤੋਂ ਪਾਣੀ ਦਾ ਗਿਲਾਸ ਭਰਦੀ ਬੋਲੀ।

-"ਆਹੋ..!"

ਸ਼ਾਮ ਕੌਰ ਨੇ ਪਾਣੀ ਦਾ ਗਿਲਾਸ ਲਿਆ ਫ਼ੜਾਇਆ।

-"ਕੱਚ ਦਾ ਗਿਲਾਸ ਵੀ ਲਿਆਉਣਾ ਸੀ...! ਅੱਧਾ ਕੰਮ ਤੂੰ ਕਰਦੀ ਐਂ, ਕਦੇ ਪੂਰਾ ਵੀ ਕਰ ਲਿਆ ਕਰ...?" ਉਸ ਨੇ ਡੱਬ ਵਿਚੋਂ ਬੋਤਲ ਕਬੂਤਰ ਵਾਂਗ ਕੱਢੀ।

-"ਹੁਣ ਇਹ ਤੇਰਾ ਨਿੱਤ ਦਾ ਕੰਮ ਈ ਹੋ ਗਿਆ..! ਬੰਦਾ ਬਣ'ਜਾ..!" ਉਸ ਨੇ ਬੁੱਲ੍ਹ ਟੇਰੇ।

-"ਤੂੰ ਮੈਥੋਂ ਕਿਤੇ ਖੌਂਸੜੇ ਨਾ ਖਾ'ਲੀਂ..! ਹੋ ਗਿਆ ਨਿੱਤ ਦਾ ਕੰਮ..! ਮਹੀਨਾ ਹੋ ਗਿਆ, ਉਸ ਦਿਨ ਪੀਤੀ ਸੀ..! ਨੀਅਤ ਨਾ ਮਾੜੀ ਕਰਿਆ ਕਰ..! ਚੰਗੀ ਨੀਅਤ ਨੂੰ ਈ ਚੰਗੇ ਭਾਗ ਲੱਗਦੇ ਐ..!"

-"ਤੂੰ ਬਿਨਾਂ ਗੱਲੋਂ ਤੇਈਕਤ ਕਰਨ ਲੱਗ ਜਾਨੈਂ ਮੇਰੀ..! ਇਹਦੇ ਨਾਲ਼ ਤੇਰਾ ਪਿੱਤਾ ਸੜ'ਜੂ..!"

-"ਸੜੀ ਜਾਣ'ਦੇ..! ਸਾਲ਼ੀ ਕੁੱਤਿਆਂ ਦੀ..! ਲੁਤਰੋ ਨੀ ਅੰਦਰ ਵੜਦੀ ਸਾਲ਼ੀ ਤੋਂ..! ਕੁਛ ਨਾ ਕੁਛ ਭੌਂਕੀ ਜਾਊਗੀ..! ਅੱਜ ਤੱਕ ਤਾਂ ਪਿੱਤਾ ਸੜਿਆ ਨਾ..! ਪਿੱਤਾ ਸਾਲ਼ਾ ਕਾਗਤ ਦੈ, ਜਿਹੜਾ ਸੜਜੂਗਾ..? ਜਾਹ ਲਿਆ ਗਿਲਾਸ ਜਾ ਕੇ..!"

-"............।" ਉਹ ਪੁੱਠੇ ਪੈਰੀਂ ਵਾਪਸ ਮੁੜ ਗਈ।

-"ਚੰਗੀ ਨੀ ਪੁੱਛਣੀ, ਮਾੜੀ ਨੀ ਪੁੱਛਣੀ..! ਆਬਦਾ ਈ ਘੋਰੜੂ ਖੜਕਾਉਣ ਲੱਗ ਜਾਣੈਂ..!"

-"ਚੱਲ ਹੁਣ ਖਪ ਨਾ..! ਮਾਫ਼ੀ ਦੇਹ ਮੈਨੂੰ..! ਤੇ ਸੁਣਾ ਗੱਲ ਪਾਸਪੋਰਟ ਆਲ਼ੀ..!" ਉਹ ਬੜੇ ਠੰਢੇ ਮਤੇ ਨਾਲ਼ ਬੋਲੀ।

-"ਹੁਣ ਦਾਲ਼ ਦੀ ਕੌਲੀ ਵੀ ਲਿਆ ਦੇ..! ਸੁੱਕੀ ਤਾਂ ਪਿੱਤਾ ਈ ਮਚਾਊ..! ਬੈਰਨ ਤਾਂ ਮੇਰੀ ਤੂੰ ਬਣੀ ਐਂ, ਪਿੱਤਾ ਓਥੇ .... ਮੇਰੇ ਮੂੰਹੋਂ ਹੋਰ ਕੁਛ ਨਿਕਲ਼ ਚੱਲਿਆ ਸੀ..!"

ਸ਼ਾਮ ਕੌਰ ਨੇ ਅੰਬ ਦਾ ਅਚਾਰ ਲਿਆ ਧਰਿਆ।

-"ਲੱਗੀ ਗੱਲ ਕਿਸੇ ਤਣ ਪੱਤਣ..?"

-"ਲੱਗੀ ਤਾਂ ਖ਼ੈਰ ਨਹੀਂ, ਪਰ ਲੱਗ ਜਾਊਗੀ..!"

-"ਕੀ ਕਹਿੰਦੇ..?"

-"ਕਹਿਣਾਂ ਕੀ ਐ..? ਹੱਡ ਭਾਲ਼ਦੇ ਐ ਭੈਣ ਦੇ ਬੀਂਬੜ..!"

-"ਕਿੱਡਾ ਕੁ...?"

-"ਹੱਡ ਤਾਂ ਸ਼ਾਮ ਕੁਰੇ ਬਾਹਵਾ ਵੱਡਾ ਭਾਲ਼ਦੇ ਐ..!" ਉਸ ਨੇ ਗਿਲਾਸ ਭਰ ਕੇ ਅੰਦਰ ਸੁੱਟਿਆ।

-"ਤਾਂ ਵੀ..? ਜੇ ਫ਼ਸੇ ਐਂ, ਹੂਲ਼ਾ ਤਾਂ ਫ਼ੱਕਣਾਂ ਈ ਪੈਣੈਂ..!"

-"ਪੰਜ ਹਜ਼ਾਰ..!"

-"ਨੀ ਮੈਂ ਮਰ'ਜਾਂ...! ਪੰਜ ਹਜ਼ਾਰ..?" ਸ਼ਾਮ ਕੌਰ ਦੇ ਸਾਹ ਅਸਮਾਨ ਨੂੰ ਚੜ੍ਹ ਗਏ।

-"ਪਰ ਜੇ ਕੁੜੀ ਕਿਸੇ ਅਜੰਟ ਰਾਹੀਂ ਤੋਰਦੇ, ਫ਼ੇਰ ਵੀ ਦੋ-ਚਾਰ ਲੱਖ ਲਾਉਣਾ ਈ ਪੈਂਦਾ..!"

-"ਗੱਲ ਤੇਰੀ ਵੀ ਠੀਕ ਐ, ਸਰਦਾਰਾ..! ਕੁੜੀ ਨੂੰ ਤਾਂ ਕਿਸੇ ਤਣ-ਪੱਤਣ ਲਾਉਣਾ ਈ ਐਂ..!"

-"ਤੂੰ ਤਾਂ ਮੇਰੀ ਦਾਰੂ ਨੂੰ ਈ ਤੋਏ-ਤੋਏ ਕਰਦੀ ਰਹਿੰਨੀ ਐਂ..! ਮੇਰੇ ਅਰਗਾ ਖਰਾ ਬੰਦਾ ਤੈਨੂੰ ਦਿਨੇ ਦੀਵਾ ਲੈ ਕੇ ਵੀ ਨੀ ਮਿਲ਼ਣਾਂ ਸਾਰੇ ਜਹਾਨ 'ਚ..!" ਉਸ ਨੇ ਅਗਲਾ ਗਿਲਾਸ ਕੰਗਣੀ ਤੱਕ ਭਰ ਲਿਆ।

-"ਤੇ ਮੈਂ ਹੋਰ ਕਿਸੇ ਬੰਦੇ ਨੂੰ ਲਾਂਬੂ ਲਾਉਣੈਂ..? ਮੇਰਾ ਤਾਂ ਤੂੰ ਹੀ ਸਿਰੋਂ ਸਰਦਾਰ ਐਂ..!"

-"ਸਦਕੇ ਜਾਂਵਾਂ ਤੇਰੇ ਤੋਂ...!" ਗਿੰਦਰ ਖ਼ੁਸ਼ ਹੋ ਗਿਆ।

-"ਜਿੰਨਾਂ ਮਰਜ਼ੀ ਲੜਦੀ ਐਂ ਸਰਦਾਰਾ..! ਪਰ ਸੁੱਖ ਵੀ ਅੱਠੇ ਪਹਿਰ ਤੇਰੀਓ ਈ ਮੰਗਦੀ ਐਂ..! ਲੜਨਾ ਵੀ ਤੀਮੀਂ ਮਾਨੀਂ ਨੇ ਆਬਦੇ ਬੰਦੇ ਨਾਲ਼ ਈ ਹੁੰਦੈ, ਤੇਰੇ ਬਿਨਾਂ ਤਾਂ ਮੈਨੂੰ ਵੀ ਘੁੱਪ ਹਨ੍ਹੇਰਾ ਈ ਲੱਗਦੈ..!"

-"ਚੰਗਾ ਫ਼ੇਰ ਇੱਕ ਬੁੱਘੀ ਤਾਂ ਦੇਹ..!"

-"ਐਨੀ ਵੀ ਚੰਗੀ ਨੀ ਹੈਗੀ ਮੈਂ..!" ਉਸ ਨੇ ਸਾਹਣ ਵਾਂਗ ਫ਼ੂੰਕਾਰਾ ਮਾਰਿਆ, "ਬਾਹਲ਼ਾ ਮਸਤਿਆ ਨਾ ਕਰ..! ਭੀਮ ਸੈਨ ਮਾਂਗੂੰ ਧੌਣੋਂ ਫ਼ੜ ਕੇ ਲਟੈਣ ਥੱਲੇ ਵੀ ਦੇ'ਦੂੰ..!"

-"ਸਾਲ਼ੀ ਨੇ ਪੀਤੀ ਈ ਖੋਟੀ ਕਰ'ਤੀ..!" ਗਿੰਦਰ ਹੈਰਾਨ ਸੀ, "ਹੁਣ ਕੀ ਧਤੂਰਾ ਚੜ੍ਹ ਗਿਆ ਤੈਨੂੰ, ਬੇਬੇ ਮੇਰੀਏ...? ਚੰਗੀ ਭਲੀ ਤਾਂ ਬੋਲਦੀ ਸੀ..!"

-"ਮੂੰਹ 'ਚ ਕੁੱਢਣ ਦੇ'ਦੂੰ..! ਕਿਵੇਂ ਲੁੱਚਾ ਲੰਡਾ ਬਣਿਐਂ, ਜੁਆਕ ਜੁਆਨ ਐਂ, ਕੁਛ ਸ਼ਰਮ ਕਰ...!"

-"ਜੁਆਕ ਆਬਦੀ ਥਾਂ, ਤੀਮੀਂ ਆਬਦੀ ਥਾਂ..! ਸਾਲ਼ੀਏ ਚੰਡਾਲ਼ ਕੀ ਚੜ੍ਹ ਗਿਆ ਤੈਨੂੰ..? ਚੰਗੀ ਭਲੀ ਝਾਕਦੀ ਟੀਰ ਮਾਰਨ ਲੱਗ ਪੈਨੀਂ ਐਂ..!"

-"ਜਿਹੜੇ ਕੰਮ ਗਿਆ ਸੀ, ਓਹਦੇ ਬਾਰੇ ਤਾਂ ਦੱਸਦਾ ਨੀ..! ਹੋਰ ਈ ਬਲ਼ਦ ਮੂਤਣੀਆਂ ਪਾਉਣ ਲੱਗ ਪਿਆ ਔਤਾਂ ਦੇ ਜਾਣਾ, ਬੋਕ..!"

-"ਦੱਸੀ ਤਾਂ ਜਾਨੈਂ, ਹੋਰ ਤੈਨੂੰ ਅਛਟਾਮ 'ਤੇ ਲਿਖ ਕੇ ਦੇ ਦਿਆਂ..?"

-"ਕਿੱਥੇ ਦੱਸਦੈਂ...? ਤੂੰ ਤਾਂ ਹੋਰ ਈ ਗੁੱਡੀਆਂ ਪਟੋਲ੍ਹੇ ਸੁਣਾਉਣ ਲੱਗ ਪਿਆ..! ਦੇ-ਦੇ ਇਹਨੂੰ ਬੁੱਘੀ..! ਸਿਵਿਆਂ 'ਚ ਲੱਤੈਂ, ਲਾ ਕੇ ਘੁੱਟ ਮੂੰਹ ਨੂੰ ਅਜੇ ਬੁੱਘੀਆਂ ਭਾਲ਼ਦੈ, ਧੌਲ਼ ਦਾੜ੍ਹੀਆ, ਚੌਰਾ ਕਿਸੇ ਥਾਂ ਦਾ..!"

-"ਬੈਠ ਕੇ ਠੰਢੇ ਮਤੇ ਨਾਲ਼ ਗੱਲ ਸੁਣ..! ਤੇਰਾ ਬਲੱਡ ਚੜ੍ਹ ਗਿਆ, ਹੋਰ ਕੁਛ ਨੀ ਹੋਇਆ ਤੈਨੂੰ..! ਆ ਬਹਿ'ਜਾ ਕੋਲ਼ੇ..!"

-"ਮੈਂ ਪੀੜ੍ਹੀ ਲੈ ਕੇ ਆਉਨੀਂ ਆਂ..! ਤੇਰੇ ਕੋਲ਼ੇ ਬਹਿੰਦੀ ਐ ਮੇਰੀ ਜੁੱਤੀ..!"

ਉਹ ਹਵਾ ਵਾਂਗ ਗਈ ਅਤੇ ਪੀੜ੍ਹੀ ਲੈ ਕੇ ਆ ਗਈ।

-"ਰੁਪੱਈਆ ਉਹ ਪੰਜ ਹਜ਼ਾਰ ਮੰਗਦੈ, ਪਾਸਪੋਰਟ ਕਢਵਾ ਦਿਊ..!"

-"ਤੇ ਦੇ ਕੇ ਮੱਥਾ ਡੰਮ੍ਹ ਪਰ੍ਹੇ..! ਕੁੜੀ ਤਾਂ ਘਰੋਂ ਤੋਰਨੀ ਈ ਐਂ..!"

-"ਤੇ ਮੈਂ ਕਦੋਂ ਪਾਸਾ ਵੱਟਦੈਂ ਜਿਉਣ ਜੋਕਰੀਏ..? ਬੰਦਾ ਤਾਂ ਸਾਲ਼ਾ ਗਿੱਦੜਮਾਰ ਜਿਆ ਈ ਐ, ਪਰ ਹੱਡ ਲੈ ਕੇ ਪਾਸਪੋਰਟ ਕਢਵਾ ਦਿਊਗਾ ਕੁੜੀ ਦਾ..!"

-"ਅਸੀਂ ਬੰਦੇ ਤੋਂ ਕੀ ਮੇੜ੍ਹ ਪੁਆਉਣੀਂ ਐਂ..? ਆਬਦਾ ਕੰਮ ਕੱਢਣੈਂ, ਚਾਹੇ ਦੁਨੀਆਂ ਦਾ ਚੋਰ ਹੋਵੇ..! ਤੂੰ ਆਬਦਾ ਕੰਮ ਕੱਢਣ ਆਲ਼ਾ ਬਣ..!" -"ਅਸੀਂ ਸੋਮਵਾਰ ਨੂੰ ਜਾਣੈਂ ਚੰਡੀਗੜ੍ਹ..!"

-"ਚੰਦੀਗੜ੍ਹ...? ਵੇ ਐਡੀ ਦੂਰ...?"

-"ਆਹੋ..! ਪਾਸਪੋਰਟ ਚੰਡੀਗੜ੍ਹ ਈ ਬਣਦੇ ਐ..! ਓਥੇ ਈ ਜਾਣਾ ਪਊ..!"

-"ਜੀ, ਕਿਤੇ ਤੂੰ ਨਾ ਗੁਆਚ'ਜੀਂ..!"

-"ਮੇਰੇ ਗੁਆਚਣ ਨਾਲ਼ ਤੈਨੂੰ ਕੀ ਫ਼ਰਕ ਪੈਣੈਂ..? ਨ੍ਹਾਂ ਤੂੰ ਮੈਥੋਂ ਕਰਵਾਉਣਾ ਵੀ ਕੀ ਐ..?? ਗਾਲ਼ਾਂ ਦੀ ਤਾਂ ਸੂੜ ਬੰਨ੍ਹੀ ਰੱਖਦੀ ਐਂ, ਜਿਵੇਂ ਮੈਂ ਕੋਈ ਬੈਰੀ ਹੁੰਨੈਂ..!"

-"ਜੀ ਤੇਰੇ ਬਿਨਾ ਤਾਂ ਮੈਂ ਆਨੇ ਦੀ ਨੀ ਸਰਦਾਰਾ..! ਕੰਮ 'ਚ ਭੂਤਨੀ ਤਾਂ ਮੇਰੀ ਭੁੱਲੀ ਰਹਿੰਦੀ ਐ, ਕਬੀਲਦਾਰੀ ਦੀ ਚਿੰਤਾ ਮੈਨੂੰ ਟਿੰਡੀ ਦੇ ਬੀਅ 'ਤੇ ਚੜ੍ਹਾਈ ਰੱਖਦੀ ਐ, ਖਿਝੀ ਖਿਝਾਈ ਤੈਨੂੰ ਚੁੰਬੜ ਜਾਨੀ ਐਂ..! ਹੋਰ ਮੈਨੂੰ ਤੇਰੇ ਨਾਲ਼ ਕੋਈ ਰੰਜ ਜਾਂ ਰੋਸਾ ਥੋੜ੍ਹੋ ਐ..? ਤੈਨੂੰ ਦੇਖ-ਦੇਖ ਜਿਉਨੀਂ ਐਂ, ਬੰਦੇ ਬਿਨਾ ਤੀਮੀਂ ਤਾਂ ਕੱਖ ਦੀ ਨੀ ਰਹਿੰਦੀ ਸਰਦਾਰਾ, ਜੇ ਸਿਰ 'ਤੇ ਬੰਦਾ ਨਾ ਹੋਵੇ ਤਾਂ ਦੁਨੀਆਂ ਦੀ ਜੂਠ ਖੰਘੂਰੇ ਮਾਰ-ਮਾਰ ਸਤਾਉਂਦੀ ਐ..! ਦੁੱਕੀ ਦੇ ਛੜੇ ਲੋਟ ਨੀ ਆਉਂਦੇ, ਸ਼ਰੀਕਾਂ ਮਾਂਗੂੰ ਖਹਿ-ਖਹਿ ਨੰਘਦੇ ਐ..!"

-"ਕੱਲ੍ਹ ਨੂੰ ਜਾਨੈਂ ਆੜ੍ਹਤੀਏ ਕੋਲ਼ੇ, ਤੇ ਪਾਉਨੈਂ ਉਹਦੇ ਗਲ਼ 'ਚ ਸਾਅਫ਼ਾ..! ਪਿਉ-ਦਾਦੇ ਦੀ ਬਥੇਰੀ ਖੱਲ ਲਾਹੀ ਐ ਇਨ੍ਹਾਂ ਨੇ..!"

-"ਤੇ ਆਪਾਂ ਨੂੰ ਕਿਹੜਾ ਬਖਸ਼ਦੇ ਐ ਖਸਮਾਂ ਨੂੰ ਖਾਣੇਂ..! ਆਪਣੀ ਵੀ ਬਥੇਰੀ ਲੁੱਪਰੀ ਲਾਹੁੰਦੇ ਐ ਕੋਹੜੀ ਹੋਣੇ..!"

ਬਾਹਰਲਾ ਦਰਵਾਜ਼ਾ ਖੜਕਿਆ।

-"ਦੇਖ ਕੌਣ ਐਂ...?" ਗਿੰਦਰ ਨੇ ਬੋਤਲ ਚੁੱਕ ਕੇ ਸਿਰਹਾਣੇਂ ਹੇਠ ਦੇ ਲਈ। ਗਿਲਾਸ ਅਤੇ ਕੌਲੀ ਮੰਜੇ ਥੱਲੇ ਨੂੰ ਕਰ ਦਿੱਤੇ।

ਸ਼ਾਮ ਕੌਰ ਨੇ ਦਰਵਾਜ਼ਾ ਜਾ ਖੋਲ੍ਹਿਆ।

-"ਬਾਈ ਘਰੇ ਈ ਐ ਭਾਬੀ...?" ਪਿੰਡ ਵਿਚੋਂ ਜਗਦੇਵ 'ਗਿਆਨੀ' ਆਇਆ ਸੀ।

-"ਵੇ ਤੇਰੇ ਬਾਈ ਨੇ ਕਿਹੜਾ ਪਰੋਜਪੁਰ ਜਾਣੈਂ, ਕਹਿੰਦੇ ਨੀ ਹੁੰਦੇ..? ਕੱਟੇ ਦਾ ਸਾਥੀ, ਜਾਂ ਖੁਰਨੀਂ ਜਾਂ ਕਿੱਲਾ, ਔਹ ਬੈਠੈ ਤੇਰਾ ਬਾਈ, ਪਾ ਲੈ ਸਲਾਮੀ..! ਚੋਪੜ ਲੈ ਸਿੰਗ ਬਾਈ ਦੇ...!"

ਜਗਦੇਵ ਅੰਦਰ ਲੰਘ ਆਇਆ।

-"ਤਕੜੈਂ ਬਾਈ ਸਿਆਂ...?"

-"ਲੋਹੇ ਵਰਗੇ ਗਿਆਨੀ..! ਵਧਾਈਆਂ ਬਈ ਤੈਨੂੰ..! ਅੱਜ ਈ ਪਤਾ ਲੱਗਿਐ ਮੁੰਡੇ ਦੇ ਵਿਆਹ ਦਾ..!"

-"ਸਵਾ ਵਧਾਈਆਂ ਬਾਈ..! ਬਰਾਤ ਨੂੰ ਆਖਣ ਆਇਐਂ..!"

-"ਜ਼ਰੂਰ ਚੱਲਾਂਗੇ ਜਿਉਣ ਜੋਕਰਿਆ, ਤੇਰਾ ਕਿਹਾ ਸਿਰ ਮੱਥੇ..!"

-"ਕਦੋਂ ਜਾਣੈਂ..?"

-"ਅੱਜ ਪੂਰੇ ਦੋ ਹਫ਼ਤੇ ਐ..!"

-"ਚੱਲਾਂਗੇ...! ਸਾਡੇ ਆਲ਼ਾ ਸਮਾਨ ਤਾਂ ਤੂੰ ਪੀਂਦਾ ਨੀ, ਬਹਿ'ਜਾ, ਦੁੱਧ ਪੀ ਲੈ..!"

-"ਨਹੀਂ..! ਮੈਂ ਹੋਰ ਘਰੀਂ ਵੀ ਜਾਣੈਂ, ਬਾਈ..! ਦੁੱਧ ਕਦੇ ਫ਼ੇਰ ਪੀਂਵਾਂਗੇ..! ਗੁਰੂ ਬਾਹਲ਼ਾ ਦੇਵੇ..!"

ਜਗਦੇਵ ਬਾਹਰ ਨਿਕਲ਼ ਗਿਆ।

ਗਿੰਦਰ ਨੇ ਸਿਰਹਾਣੇਂ ਹੇਠੋਂ ਬੋਤਲ ਇਉਂ ਕੱਢੀ, ਜਿਵੇਂ ਜੋਗੀ ਪਟਾਰੀ ਵਿਚੋਂ ਸੱਪ ਖਿੱਚਦੈ।

-"ਸਾਲ਼ਾ ਨਿਕਾਲ਼ ਈ ਮਰ ਚੱਲਿਆ ਸੀ..!" ਉਸ ਨੇ ਗਿਲਾਸ ਭਰ ਕੇ ਅੰਦਰ ਸੁੱਟਿਆ।

-"ਹੌਲ਼ੀ ਪੀ ਲੈ..! ਕੋਈ ਮਗਰ ਪਿਐ..? ਨਾਲ਼ੇ ਇਹ ਕਿਹੜਾ ਭੱਜੀ ਜਾਂਦੀ ਐ..?"

-"ਹੌਲ਼ੀ ਚਾਹੇ ਕਾਹਲ਼ੀ, ਜਾਣੀਂ ਤਾਂ ਅੰਦਰ ਈ ਐ..! ਐਹੋ ਜੇ ਕੰਮ ਨੂੰ ਘੌਲ਼ ਕਾਹਦੀ..? ਜਿਹੜਾ ਕੰਮ ਟੈਮ ਨਾਲ਼ ਨਿੱਬੜਜੇ ਉਹਦੇ ਨਾਲ਼ ਦੀ ਰੀਸ ਨੀ ਹੁੰਦੀ, ਭਾਗਮਾਨੇ..!"

-"ਕੰਮ ਤਾਂ ਮੈਂ ਕਹਿੰਨੀ ਐਂ ਤੂੰ 'ਮਰੀਕਾ ਨੂੰ ਰਾਗਟ ਚੜ੍ਹਾਉਣ ਲੱਗਿਐਂ, ਚੱਚਰ ਕੀ ਕਰਦੈ..!"

-"ਆਹ ਗਿਆਨੀ ਜਗਦੇਵ ਦੇ ਮੁੰਡੇ ਦੀ ਜੰਨ ਜਾਣ ਦਾ ਫ਼ਾਇਦਾ ਤਾਂ ਕੋਈ ਹੋਣਾਂ ਨੀ..!" ਗਿੰਦਰ ਨੇ ਗੱਲ ਬਦਲੀ।

-"ਘਰਾਂ ਦਾ ਵਰਤ ਵਰਤਾਓ ਹੁੰਦੈ, 'ਕੱਲਾ ਕੋਈ ਵੱਡਾ ਨੀ ਹੁੰਦਾ, ਦਿਨ-ਦਿਹਾਰਾਂ ਦਾ ਖੱਟਿਆ ਈ ਖਾਈਦੈ, ਫ਼ਾਇਦੇ ਕੁਫ਼ਾਇਦੇ ਦੇਖ ਕੇ ਥੋੜ੍ਹੋ ਵਰਤਣੈਂ..?"

-"ਨਾ ਇਹਨੇ ਆਪ ਕੁਛ ਖਾਣਾਂ, ਨਾ ਪੀਣਾ, ਸਾਨੂੰ ਵੀ ਉਪਦੇਸ਼ ਦਿਊਗਾ, ਅਖੇ ਨਾ ਪੀਓ..!"

-"ਤੇ ਫ਼ੇਰ ਸਹੀ ਕਹਿੰਦੈ..! ਸਿਹਤ ਗਾਲ਼ਦੀ ਐ ਅੱਗ ਲੱਗੜੀ..! ਤੇਰੀ ਤਾਂ ਜੀਭ ਮੂਤਦੀ ਰਹਿੰਦੀ ਐ ਦਾਰੂ ਨੂੰ..!"

-"ਇਹ ਤਾਂ ਸ਼ਿਵ ਜੀ ਮਹਾਰਾਜ ਦਾ ਤੇਰ੍ਹਵਾਂ ਰਤਨ ਐਂ...! ਜੈ ਭੋਲ਼ੇ ਨਾਥ...! ਜੈ ਸ਼ਿਵ ਸ਼ੰਕਰ...! ਐਂਵੇਂ ਨੀ ਦੁਨੀਆਂ ਪੀਂਦੀ, ਨਾਲ਼ੇ ਨਾਂਵਾਂ ਖਰਚਦੀ..!" ਉਸ ਨੇ ਇੱਕ ਹੋਰ ਪਾ ਕੇ ਚਾੜ੍ਹ ਲਿਆ।

-"ਪੀ ਕੇ ਝੱਗੇ ਚੌੜ ਵੀ ਦੁਨੀਆਂ ਈ ਕਰਵਾਉਂਦੀ ਐ..!"

-"ਤੂੰ ਸਾਡੇ ਸ਼ਾਹੀ ਕੰਮ 'ਚ ਆਬਦੇ ਝੱਗੇ ਡਬੱਟੇ ਨਾ ਲਿਆ ਘਸੋੜਿਆ ਕਰ..! ਨੀਅਤ ਨਾ ਨੰਗ ਕਰਿਆ ਕਰ ਆਬਦੀ..! ਜਗਦੇਵ ਗਿਆਨੀ ਈ ਪ੍ਰਚਾਰ ਕਰਦਾ ਹੁੰਦੈ, ਅਖੇ ਜੇ ਬੰਦਾ ਕਿਸੇ ਕੰਮ ਨੂੰ ਸਿੱਧੀ ਨੀਅਤ ਨਾਲ਼ ਮਿਥ ਕੇ ਚੱਲ ਪਵੇ, ਤਾਂ ਕੁਜਰਤ ਵੀ ਉਹਦੇ ਨਾਲ਼ ਤੁਰ ਪੈਂਦੀ ਐ..! ਹੈ ਤਾਂ ਬੜਾ ਬਿਦਮਾਨ ਬੰਦਾ, ਪਰ ਖਾਣ-ਪੀਣ ਵੱਲੋਂ ਈ ਹੱਥ ਜਿਆ ਘੁੱਟਦੈ..!"

-"ਹੁਣ ਡੱਫ਼ੀ ਨਾ ਜਾਹ..! ਮੈਂ ਰੋਟੀ ਪਾ ਲਿਆਉਨੀਂ ਐਂ..! ਤੂੰ ਤਾਂ ਗਰਲ਼ੇ 'ਤੇ ਗਰਲ਼ਾ ਸਿੱਟੀ ਜਾਨੈਂ ਅੰਦਰ, ਜਿਮੇਂ ਕੋਈ ਮਗਰ ਪਿਆ ਹੁੰਦੈ..!"

-"ਰੋਟੀ ਪਹਿਲਾਂ ਜੁਆਕਾਂ ਨੂੰ ਖੁਆ ਦਿੰਦੀ..? ਮੈਂ ਅਜੇ ਹੋਰ ਲਹਿਰ ਲਾ ਲੈਂਦਾ...??"

-"ਡੰਡੇ ਮਾਂਗੂੰ ਡੱਕ-ਡੱਕ ਤਾਂ ਮੂੰਹ 'ਚ ਤੇਰੀ ਜ਼ੁਬਾਨ ਵੱਜੀ ਜਾਂਦੀ ਐ, ਅਜੇ ਹੋਰ ਤੂੰ ਕਿਹੜੀ ਲਹਿਰ ਲਾਉਣੀਂ ਐਂ..? ਡੱਫ਼ ਕੇ ਹੁਣ ਮੂਧੇ ਮੂੰਹ ਤਾਂ ਨੀ ਡਿੱਗਣਾ..? ਪੌਣੀ ਤਾਂ ਤੂੰ ਬੋਤਲ ਪੀ ਗਿਆ..! ਜੇ ਰਹਿੰਦੀ ਬੋਤਲ ਵੀ ਸੂਤ ਗਿਆ, ਮੌਲ਼ੇ ਬਲ਼ਦ ਮਾਂਗੂੰ ਪੂਛੋਂ ਫ਼ੜ ਕੇ ਉਠਾਉਣ ਆਲ਼ਾ ਹੋਜੇਂਗਾ...!"

-"ਹਾਏ ਰੱਬਾ..! ਨਜਰ ਨਾ ਲਾਅਦੀਂ ਮੈਨੂੰ..! ਮੈਂ ਤਾਂ ਚਾਂਦੀ ਦੇ ਰੁਪਈਏ ਅਰਗਾ ਖਰਾ ਬੰਦੈਂ, ਪਰ ਤੇਰੇ ਨੀ ਫ਼ਿੱਟ ਆਇਆ ਮੈਂ...! ਨ੍ਹਾਂ ਤੂੰ ਮੈਨੂੰ ਸ਼ਰਾਬੀ ਸਮਝਦੀ ਐਂ..?"

-"ਕਾਹਨੂੰ...! ਤੂੰ ਤਾਂ ਬਾਹਲ਼ਾ ਈ ਦੇਬਤਾ ਐਂ...! ਅੱਖਾਂ ਤਾਂ ਤੇਰੀਆਂ ਪੜਛੱਤੀ ਚੜ੍ਹੀਆਂ ਪਈਐਂ, ਜੀਭ ਤੇਰੀ ਜਗਰਾਂਮਾਂ ਤੋਂ ਹੋ-ਹੋ ਕੇ ਮੁੜਦੀ ਐ..! 'ਉਰਲ਼-ਉਰਲ਼' ਤੂੰ ਕਰੀ ਜਾਨੈਂ..!"

-"ਸਿਆਣੇ ਕਹਿੰਦੇ ਹੁੰਦੇ ਐ, ਚੰਦ 'ਤੇ ਨੀ ਥੁੱਕੀਦਾ ਹੁੰਦਾ, ਮੂੰਹ 'ਤੇ ਈ ਡਿੱਗਦੈ..! ਓਦੋਂ ਤਾਂ ਫ਼ੋਰਾ ਨੀ ਸੀ ਲਾਇਆ, ਗੜੱਪ ਦੇਣੇਂ ਲਾਵਾਂ 'ਤੇ ਬਹਿਗੀ ਸੀ ਨਾਲ਼ ਜੁੜ ਕੇ..!'

-"ਮੇਰੇ ਪਿਉ ਦੀ ਬਹਿ'ਗੀ ਸੀ ਬੇੜੀ..! ਤੇ ਨਾਲ਼ ਬਹਿ'ਗੀ ਸੀ ਅੱਗ ਲੱਗੜੇ ਬਚੋਲੇ ਦੀ, ਓਹਨਾਂ ਨੇ ਨਰੜ'ਤਾ ਤੇਰੇ ਨਾਲ਼ ਮੈਨੂੰ..! ਮੈਂ ਤਾਂ ਬਥੇਰੀ ਢਾਕ ਮਰੋੜ ਕੇ ਤੁਰਦੀ ਸੀ..!"

-"ਹੈਅ ਤੇਰੀ..!" ਉਸ ਨੇ ਲਚੜੇਂਵੇਂ ਵਿਚ ਟਕੋਰ ਕੀਤੀ, "ਸਦਕੇ ਤੇਰੇ..! ਕਦੇ-ਕਦੇ ਤੈਨੂੰ ਪਤਾ ਨੀ ਕੀ ਚੰਡੀ ਚੜ੍ਹਦੀ ਐ, ਭੂਸਰੇ ਸਾਹਣ ਮਾਂਗੂੰ ਗੇੜਾ ਦੇ ਕੇ ਮੇਰੇ ਦੁਆਲ਼ੇ ਹੋ ਜਾਨੀਂ ਐਂ..!"

-"ਘਤਿੱਤਾਂ ਤੂੰ ਕਰਿਆ ਕਰ, ਮੂਤ ਤੂੰ ਪੀਆ ਕਰ, ਤੇ ਦੋਸ਼ ਮੜ੍ਹਿਆ ਕਰ ਮੇਰੇ 'ਤੇ..! ਵੱਡਾ ਚਲਾਕ..!"

-"ਲੈ ਹੁਣ ਨੀ ਪੀਂਦਾ ਮੂਤ..!" ਉਸ ਨੇ ਬੋਤਲ ਵਿਚੋਂ ਆਖਰੀ ਪੈੱਗ ਪਾ ਕੇ ਅੰਦਰ ਸੁੱਟਦਿਆਂ ਕਿਹਾ, "ਆਹ ਲੈ ਗਈ ਤੇਰੀ ਬੈਰਨ..!" ਉਸ ਨੇ ਬੋਤਲ ਦੂਰ ਚਲਾਵੀਂ ਮਾਰੀ, "ਹੁਣ ਖ਼ੁਸ਼ ਐਂ..? ਨ੍ਹਾ ਹੁਣ ਬਾਗੋ ਬਾਗ ਐਂ ਸਰਦਾਰਨੀਏਂ..? ਸਿੱਟ'ਤੀ ਗੰਦੀ ਚੀਜ਼..! ਵੱਢ'ਤਾ ਫ਼ਾਹਾ..!"

-"..............।"

ਹੁਣ ਸ਼ਾਮ ਕੌਰ ਕੁਛ ਨਾ ਬੋਲੀ। ਉਸ ਨੇ ਰੋਟੀ ਵਾਲ਼ੀ ਥਾਲ਼ੀ ਉਸ ਦੇ ਅੱਗੇ ਲਿਆ ਰੱਖੀ। ਡਿੰਮ੍ਹ ਜਿਹੀ ਲਾਈਟ ਵਿਚ ਗਿੰਦਰ ਬਾਟੀ ਦੀ ਜਗਾਹ, ਮੰਜੇ 'ਤੇ ਹੀ ਬੁਰਕੀ ਘਸਾਈ ਜਾ ਰਿਹਾ ਸੀ।

-"ਦਾਲ਼ 'ਚ ਨੂਣ ਘੱਟ ਐ..!" ਰੋਟੀ ਲੈ ਕੇ ਆਈ ਸ਼ਾਮ ਕੌਰ ਕੋਲ਼ ਗਿੰਦਰ ਨੇ ਸ਼ਿਕਵਾ ਕੀਤਾ।

-"ਹਾਏ ਮੈਂ ਮਰ'ਜਾਂ..! ਵੇ ਬੈਰੀਆ ਬੁਰਕੀ ਦਾਲ਼ ਨਾਲ਼ ਤਾਂ ਲਬੇੜ ਲੈ..! ਮੰਜੇ 'ਤੇ ਘਸਾ-ਘਸਾ ਈ ਅੰਦਰ ਸਿੱਟ੍ਹੀ ਜਾਨੈਂ..!"

-"ਬਿਜਲੀ ਡਿੰਮ੍ਹ ਐਂ ਨ੍ਹਾਂ..! ਦੀਂਹਦਾ ਨੀ..!"

-"ਬਿਜਲੀ ਤਾਂ ਖਸਮਾਂ ਨੂੰ ਖਾਣੀਂ ਨਿੱਤ ਈ ਡਿੰਮ੍ਹ ਹੁੰਦੀ ਐ, ਲੱਗ'ਜੇ ਅੱਗ ਐਸ ਸਰਕਾਰ ਨੂੰ..! ਬਿਜਲੀ ਤਾਂ ਰੋਜ ਈ ਡਿੰਮ੍ਹ ਆਉਂਦੀ ਐ, ਅੱਜ ਤੇਰੇ ਈ ਕੁੱਤੇ ਬਾਹਲ਼ੇ ਫ਼ੇਲ੍ਹ ਹੋਏ ਵੇ ਐ..!"

-"ਫ਼ੇਰ ਇਉਂ ਹੋਣੈਂ..!" ਆਖ ਕੇ ਗਿੰਦਰ ਚੁੱਪ ਕਰ ਗਿਆ, "ਤੂੰ ਸਹੀ ਕਹਿੰਨੀ ਐਂ...! ਮੈਂ ਈ ਲੋਟ ਜਿਆ ਨੀ ਅੱਜ...!"

-"ਵੇ ਆ'ਜੋ ਵੇ ਜੁਆਕੋ..! ਤੁਸੀਂ ਵੀ ਰੋਟੀ ਖਾ ਕੇ ਕੰਮ ਨਬੇੜੋ, ਮੈਂ ਵੀ ਮੰਜੇ 'ਤੇ ਢੂਹੀ ਲਾਉਣ ਆਲ਼ੀ ਬਣਾਂ, ਆਥਣ ਦੀ ਚੁੱਲ੍ਹੇ ਮੂਹਰੇ ਬੈਠੀ ਐਂ..! ਆ'ਜੋ ਸਾਰੇ..! ਕੁੜ੍ਹੇ ਜਿੰਦਰ..!"

-"ਹਾਂ ਬੀਜੀ...?"

-"ਮਾਰ ਪੁੱਤ ਸਾਰਿਆਂ ਨੂੰ 'ਵਾਜ..! ਖਾ ਕੇ ਕੰਮ ਨਬੇੜੋ..!"

ਬੱਚੇ ਆ ਗਏ।

-"ਜਿੰਦਰ..!"

-"ਹਾਂ ਬੀਜੀ..?"

-"ਆਬਦੇ ਪਿਉ ਦੇ ਭਾਂਡੇ ਚੱਕ ਲਿਆ ਪੁੱਤ..!"

ਜਿੰਦਰ ਭਾਂਡੇ ਚੁੱਕ ਲਿਆਈ ਅਤੇ ਗਿੰਦਰ ਦੇ ਘੁਰਾੜ੍ਹੇ ਸ਼ੁਰੂ ਹੋ ਗਏ।

-"ਆਬਦੇ ਪਿਉ 'ਤੇ ਰਜਾਈ ਦੇ-ਦੇ ਪੁੱਤ..! ਰਾਤ ਨੂੰ ਠੰਢ ਲੱਗੂ'ਗੀ ਇਹਨੂੰ..!"

ਜਿੰਦਰ ਨੇ ਅੰਦਰੋਂ ਰਜਾਈ ਲਿਆ ਕੇ ਗਿੰਦਰ ਉਪਰ ਪਾ ਦਿੱਤੀ।

-"ਉਂ ਤਾਂ ਤੇਰੇ ਪਿਉ ਦਾ ਵੀ ਕੋਈ ਕਸੂਰ ਨੀ..! ਮਹੀਨੇ 'ਚ ਇੱਕ ਅੱਧੀ ਵਾਰੀ ਪੀਂਦੈ, ਮੈਂ ਵੀ ਬਾਹਲ਼ੀ ਘੜਮੱਸ ਪੱਟਣ ਲੱਗ ਜਾਨੀਂ ਐਂ..! ਬਥੇਰੇ ਦੁੱਖੜੇ ਕੱਟੇ ਐ ਜਿਉਣ ਜੋਕਰੇ ਨੇ..! ਬਲ਼ਦ ਮਾਂਗੂੰ ਕਮਾਇਐ ਬਿਚਾਰੇ ਨੇ..! ਕਿਸੇ ਨੇ ਕੋਈ ਗੁਣ ਨੀ ਪਾਇਆ ਇਹਦਾ, ਸਾਂਝੇ ਘਰ 'ਚ ਜੀਓ ਜੀਅ ਨੇ ਬਦਲੇ ਲਏ ਐ ਇਹਤੋਂ..!"

ਜਿੰਦਰ ਨੇ ਘੁਰਾੜ੍ਹੇ ਮਾਰਦੇ ਬਾਪ ਵੱਲ ਦੇਖਿਆ, ਤਾਂ ਉਸ ਨੂੰ ਭੋਲ਼ੇ ਬਾਪੂ ਦਾ ਅੰਤਾਂ ਦਾ ਤਰਸ ਆਇਆ।

ਜਿੰਦਰ ਦੀਆਂ ਅੱਖਾਂ ਭਰ ਆਈਆਂ।

ਗਿੰਦਰ ਦੇ ਘੁਰਾੜ੍ਹੇ ਘਰਾਟ ਵਾਂਗ ਚੱਲ ਰਹੇ ਸਨ।

ਜੁਆਕਾਂ ਨੂੰ ਰੋਟੀ ਖੁਆ ਕੇ ਸ਼ਾਮ ਕੌਰ ਨੇ ਗਿੰਦਰ ਦੇ ਸਿਰਹਾਣੇਂ ਪਾਣੀ ਦੀ ਡੋਲਣੀਂ ਰੱਖ ਕੇ ਕੌਲੀ ਨਾਲ਼ ਢਕ ਦਿੱਤੀ।

-ਚੱਲਦਾ

# ਸੁਨਹਿਰੀ ਗੁਰ

ਘਰ ਹਵੇਲੀ ਦੇ ਫਾਟਕ ਉੱਚੇ ਤੇ ਖੁੱਲ੍ਹੀ ਦਿਲ ਦੀ ਬਾਰੀ ਰੱਖ।
ਖਾਲੀ ਮੁੜੇ ਨਾ ਕੋਈ ਸਵਾਲੀ, ਦਾਤਾਂ ਦੀ ਭਰੀ ਪਟਾਰੀ ਰੱਖ।

ਸਰਵਣ ਪੁੱਤਰ ਜੇ ਕਹਾਉਣਾ, ਪਿਤਰਾਂ ਦੀ ਹਿੱਕ ਠਾਰੀ ਰੱਖ।
ਊਜ ਉਲਾਂਭਾ ਨਾ ਕੋ ਆਵੇ, ਸੋਸਾਇਟੀ ਵਿਚ ਸਰਦਾਰੀ ਰੱਖ।

ਪਰਾਈ ਨਾਰ ਭੈਣ ਬਰਾਬਰ, ਬਿਗਾਨੀ ਤੋਂ ਵਿੱਥ ਭਾਰੀ ਰੱਖ।
ਦਾਜ ਵਿਆਜ ਵੱਢੀ ਤੋਂ ਤੌਬਾ, ਆਪਣੀ ਹਿੰਡ ਪਿਆਰੀ ਰੱਖ।

ਮੁਹੱਬਤ ਮੰਗੇ ਜਾਨ ਵੀ ਹਾਜ਼ਰ, ਮੂਹਰੇ ਉਸ ਦੇ ਸਾਰੀ ਰੱਖ।
ਰੁਠ ਜਾਏ ਜੇ ਆਪਣਾ ਦਿਲਬਰ, ਹੋਠਾਂ 'ਤੇ ਮਿੱਠੀ ਪਾਰੀ ਰੱਖ।

ਵੈਰ ਵਿਰੋਧ ਨਫ਼ਰਤ ਛੱਡ ਕੇ, ਸਦਾਚਾਰ ਸੰਗ ਯਾਰੀ ਰੱਖ।
ਬਿਨ ਵਿਤਕਰੇ ਵੰਡ ਖ਼ੁਸ਼ਬੂਆਂ, ਹੱਥ ਫੁੱਲਾਂ ਦੀ ਖਾਰੀ ਰੱਖ।

ਪਹਿਲਾ ਵਾਰ ਮੈਂ ਨਹੀਂ ਕਰਨਾ, ਮਨ ਵਿਚ ਪੱਕੀ ਧਾਰੀ ਰੱਖ।
ਜੇ ਕੋਈ ਚੜ੍ਹ ਕੇ ਪੈ ਜਾਏ ਦੁਸ਼ਮਣ, ਮੱਥੇ ਚੋਟ ਕਰਾਰੀ ਰੱਖ।

ਅਨੁਚਿਤ ਟਿੱਪਣੀ ਜੇ ਨਹੀਂ ਸੁਣਨੀ, ਕੰਨਾ ਘੇਸਲ ਮਾਰੀ ਰੱਖ।
ਜਿਹੜੇ ਕਰਨਗੇ ਸੋਈ ਭਰਨਗੇ, ਤੂੰ ਵੇਖ ਕੇ ਚੁੱਪੀ ਧਾਰੀ ਰੱਖ।

ਤੇਰਾ-ਤੇਰਾ ਦਾ ਛਾਬਾ ਤੋਲ, ਇਨਸਾਫ਼ ਦਾ ਪੱਲੜਾ ਭਾਰੀ ਰੱਖ।
ਹੱਕ ਪਰਾਇਆ ਹੈ ਸੂਰ ਬਰਾਬਰ, ਨਾਨਕ ਮੱਤ ਪ੍ਰਚਾਰੀ ਰੱਖ।

ਭ੍ਰਿਸ਼ਟ ਤੰਤਰ ਦਾ ਸਾਥ ਜੇ ਦੇਣਾ, ਕੋਤਵਾਲ ਨਾਲ ਯਾਰੀ ਰੱਖ।
ਕਾਨੂੰਨ ਹੱਥ ਵਿਚ ਲੈਣਾ ਚਾਹੇਂ, ਜੇਲ੍ਹ ਦੀ ਨਾਲ ਤਿਆਰੀ ਰੱਖ।

ਕੀਤੇ ਜੁਰਮ ਮਾਫ਼ ਨਹੀਂ ਹੋਣੇ, ਲੱਖ ਗਾਵਾਂ ਨੂੰ ਪੱਠੇ ਚਾਰੀ ਰੱਖ।
ਨਵਾਂ ਮੁਨਸਫ਼ ਕੁਰਖ਼ਤ ਬੜਾ ਹੈ, ਪੇਪਰ ਵੇਟ ਜਰਾ ਭਾਰੀ ਰੱਖ।

ਪ੍ਰਦੂਸ਼ਣ ਮੁਕਤ ਹੋਵੇ ਧਰਤੀ, ਅੰਬਰਾਂ ਦਾ ਹਿਰਦਾ ਠਾਰੀ ਰੱਖ।
ਪ੍ਰਕਿਰਤੀ ਨੂੰ ਜ਼ਰਾ ਆਂਚ ਨਾ ਆਵੇ, ਛੁਪਾ ਕੇ ਓਹਲੇ ਆਰੀ ਰੱਖ।

ਉਜਾੜ ਦਿੰਦੀ ਜੋ ਹੱਸਦੇ ਵਿਹੜੇ, ਚਿੱਟੇ ਦੀ ਦੂਰ ਬਿਮਾਰੀ ਰੱਖ।
ਨਸ਼ੇੜੀ ਸਮਝਣ ਜਾਂ ਨਾ ਸਮਝਣ, ਤੂੰ ਸਮਝਾਉਣਾ ਜਾਰੀ ਰੱਖ।


-ਚਰਨਜੀਤ ਸਿੰਘ ਪੰਨੂ,
ਕੈਲੀਫੋਰਨੀਆ
(Punjab Mail USA)



# ਰਿਸ਼ਤੇ ਸਾਰੇ ਹੀ ਬਣਾ ਲੈਂਦੇ

ਰਿਸ਼ਤੇ ਦੀ ਬੜੀ ਅਹਿਮੀਅਤ ਹੁੰਦੀ
ਪਰ ਰਿਸ਼ਤੇ ਪ੍ਰਤੀ ਫਰਜ਼ ਨਿਭਾਉਂਦਾ ਕੋਈ-ਕੋਈ
ਭੈਣਾਂ-ਭਰਾਵਾਂ ਦਾ ਰਿਸ਼ਤਾ ਬੜਾ ਅਨਮੋਲ ਹੁੰਦਾ
ਪਰ ਅੱਜ ਪੈਸੇ ਦੀ ਖਾਤਰ ਭਰਾ-ਭਰਾ ਦਾ ਕਤਲ ਕਰੀ ਜਾਂਦਾ
ਇਸ ਪਵਿੱਤਰ ਰਿਸ਼ਤੇ ਪ੍ਰਤੀ ਫਰਜ਼ ਨਿਭਾਉਂਦਾ ਕੋਈ-ਕੋਈ
ਚਾਚੇ-ਤਾਏ ਹੁੰਦੇ ਮਤਲਬ ਦੇ
ਸ਼ੱਕਾਂ ਪੂਰਦੇ ਅੰਮੀ ਦੇ ਜਾਏ
ਪਰ ਪਿਤਾ ਵਾਲਾ ਫਰਜ਼ ਨਿਭਾਉਂਦਾ ਕੋਈ-ਕੋਈ
ਮਿੱਤਰ ਸਭ ਬਣ ਜਾਂਦੇ
ਜਦੋਂ ਬਟੂਆ ਭਾਰਾ ਹੁੰਦਾ
ਸਭ ਨੇੜੇ ਹੋ ਕੇ ਢੁੱਕ-ਢੁੱਕ ਬਹਿੰਦੇ
ਪਰ ਮੁਸੀਬਤ ਵੇਲੇ ਸਭ ਸਾਥ ਛੱਡ ਜਾਂਦੇ
ਪਰ ਮੁਸੀਬਤ ਵੇਲੇ ਸੱਚੇ ਮਿੱਤਰ ਵਾਲਾ
ਫਰਜ਼ ਨਿਭਾਉਂਦਾ ਕੋਈ-ਕੋਈ
ਅਧਿਆਪਕ ਸਭ ਬਣ ਜਾਂਦੇ
ਉੱਚੇ ਤੇ ਸੁੱਚੇ ਕਿਰਦਾਰ ਵਾਲੇ ਬਹੁਤ ਥੋੜ੍ਹੇ ਹੁੰਦੇ
ਕਿੱਤੇ ਪ੍ਰਤੀ ਫਰਜ਼ ਨਿਭਾਉਂਦਾ ਕੋਈ-ਕੋਈ
ਰਾਜਨੀਤਿਕ ਸਭ ਬਣ ਜਾਂਦੇ
ਸਭ ਰਾਜਨੀਤਿਕ ਸੱਤਾ ਤੇ ਪੈਸੇ ਦੇ ਭੁੱਖੇ
ਜਨਤਾ ਦੀ ਸੇਵਾ ਭਾਵਨਾ ਨਾਲ
ਰਾਜਨੀਤੀ ਵਿੱਚ ਆਉਂਦਾ ਕੋਈ-ਕੋਈ
ਸਾਹਿਤਕਾਰ ਸਾਰੇ ਹੀ ਬਣ ਜਾਂਦੇ
ਚੰਗੇ ਸਾਹਿਤਕਾਰ ਤੇ ਚੰਗੇ ਇਨਸਾਨ ਬਹੁਤ ਘੱਟ ਹੁੰਦੇ
ਜਬਲੀਆਂ ਮਾਰਕੇ
ਮਨਪ੍ਰਚਾਵੇ ਵਾਲਾ ਸਾਹਿਤ
ਤਾਂ ਸਾਰੇ ਹੀ ਰਚ ਲੈਂਦੇ
ਪਰ ਸਮਾਜਿਕ ਕਲਿਆਣਕਾਰੀ
ਸਾਹਿਤ ਰਚਦਾ ਕੋਈ-ਕੋਈ

-ਮਾਸਟਰ ਨਿਰਮਲ ਸਿੰਘ ਲਾਲੀ, ਯੂਬਾ ਸਿਟੀ
530-777-0956
(Punjab Mail USA)



# ਫੂਕ

ਜਦ ਫੂਕ ਨਿਕਲ ਜਾਏ ਜ਼ਿੰਦਗੀ ਦੀ,
ਤਦ ਫੂਕ ਫੂਕ ਪੱਬ ਧਰਦੀ ਹੈ,
ਰਹਿੰਦੇ ਸਾਹਾਂ ਨੂੰ ਜੀਵਣ ਲਈ,
ਪਲ ਪਲ ਤਰਲੇ ਕਰਦੀ ਹੈ।

ਕਦੀ ਫੂਕਾਂ ਦਿੱਤੀਆਂ ਹੋਰਾਂ ਨੂੰ,
'ਤੇ ਖ਼ੁਦ ਵੀ ਫੂਕਾਂ ਛਕੀਆਂ ਸਨ,
ਅੰਤ ਕੌੜੀਆਂ ਮਿੱਠੀਆਂ ਯਾਦਾਂ ਦੀ,
ਕੰਧ ਜਿਹੀ ਆ ਖੜ੍ਹਦੀ ਹੈ।

ਕਦੀ ਅੱਲੇ ਜ਼ਖ਼ਮਾਂ ਦੇ ਉੱਤੇ,
ਫੂਕਾਂ ਦੇ ਫੈਹੇ ਮਰਹਮ ਬਣੇਂ,
ਕਦੀ ਜ਼ਖ਼ਮਾਂ ਤੋਂ ਨਾਸੂਰਾਂ ਤੱਕ,
ਨਾ ਮਿਲਿਆ ਕੋਈ ਵੀ ਦਰਦੀ ਹੈ।

ਕਈ ਵਲਵਲੇ ਪਣਪੇ ਦਿਨ ਰਾਤੀ,
ਕਈ ਪਣਪਦਿਆਂ ਹੀ ਫੂਕੇ ਗਏ,
ਕਦੀ ਵਿਲਕਦੇ ਵਲਵਲਿਆਂ ਦੇ ਉੱਤੇ,
ਹਾਲੇ ਵੀ ਟੇਕਾਂ ਧਰਦੀ ਹੈ।

ਕਈ ਬੁਝਦੇ ਹੋਏ ਅੰਗਿਆਰਾਂ ਨੂੰ,
ਫੂਕਾਂ ਹੀ ਫੂਕਾਂ ਦਿੰਦੀਆਂ ਨੇ,
ਪਰ ਅੰਤ ਬੇਚਾਰੀ ਰਾਖ਼ ਜਿਹੀ,
ਜ਼ਰਾ ਵੀ ਫੂਕ ਨਾ ਜਰਦੀ ਹੈ।

ਸਰਾਪੀ ਫੂਕਾਂ ਦੇ ਵਾਰਾਂ ਨਾਲ,
ਕਦੀ ਲੋਹਾ ਲੈਣਾ ਪੈਂਦਾ ਹੈ,
ਪਰ ਕਦੀ ਨਿਮਾਣੀ ਜਿੰਦ ਕੋਈ,
ਝਿੜਕਾਂ ਨਾਲ ਵੀ ਮਰਦੀ ਹੈ।

ਬੱਸ ਖਿੰਡ ਜਾਵੇ 'ਤੇ ਪੁੰਡ ਜਾਵੇ,
ਫੂਕ ਦਾ ਕੋਈ ਵਜੂਦ ਨਹੀਂ,
ਪਰ ਟਿਕਾਣੇ ਲੱਗੀ ਫੂਕ ਕਦੀ,
ਅੰਮ੍ਰਿਤ ਬਣ ਕੇ ਵੀ ਵਰ੍ਹਦੀ ਹੈ।

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ.
(Punjab Mail USA)



# ਖ਼ੂਬਸੂਰਤ ਨਹੀਂ ਬਲਕਿ ਖ਼ੂਬਸੀਰਤ

ਗੁਣਵੰਤੀ ਨਾਰ ਉਹ ਕਦੇ ਨਹੀਂ ਹੁੰਦੀ,
ਸੋਹਣਾ ਰੂਪ ਨਹੀਂ, ਚੱਜ ਆਚਾਰ ਹੁੰਦਾ।
ਨੈਣ, ਨਕਸ਼ ਨਾ ਕੱਦ ਦੇ ਕੋਈ ਮਾਇਨੇ,
ਬੋਲੇ ਕੌੜਾ, ਨਹੀਂ ਅੱਛਾ ਵਿਚਾਰ ਹੁੰਦਾ।

ਕੋਇਲ ਕੂਕਦੀ ਬਾਗੀਂ ਤਾਂ ਚੰਗੀ ਲੱਗੇ,
ਦੇਖੀਏ ਕਰਤੂਤਾਂ, ਦਿਲ 'ਚ ਖਾਰ ਹੁੰਦਾ।
ਆਂਡੇ ਕਾਂ ਦੇ ਆਲ੍ਹਣੇ ਵਿਚ ਦੇਹ ਉਦੋਂ,
ਉਹਦੇ ਪੀ ਜਾਵੇਂ, ਜੇ ਕਾਂ ਬਾਹਰ ਹੁੰਦਾ।

ਕਾਲੇ ਰੰਗ ਦੀ ਹੁੰਦੀ ਸੀ ਕਹਿੰਦੇ ਲੈਲਾ,
ਪਰ ਦਿਲ ਮਜਨੂੰ ਦਾ ਬੇਕਰਾਰ ਹੁੰਦਾ।
ਚਿੱਟੇ ਰੰਗ ਦਾ ਕੀ ਕਿਸੇ ਅਚਾਰ ਪਾਣਾ,
ਕਰੇ ਚਲਿੱਤਰ, ਵਿਖਾਵਾ ਪਿਆਰ ਹੁੰਦਾ।

ਬਥੇਰੇ ਹੁਸਨ-ਜਵਾਨੀਆਂ ਆਏ ਜੱਗ 'ਤੇ,
ਦੱਬੇ ਪਏ ਕਬਰੀਂ ਨਿੱਤ ਤ੍ਰਿਸਕਾਰ ਹੁੰਦਾ।
ਪੜ੍ਹੇ ਲਿਖੇ ਨੂੰ ਅਕਲਮੰਦ ਜਾਣੀਏ ਨਾ,
ਜੇ ਮੁਹਮੰਦ ਤੁਗ਼ਲਕ ਦਾ ਵਿਹਾਰ ਹੁੰਦਾ।

ਸ਼ਕਲ ਮੋਮਨਾਂ ਜੇ ਕਰਤੂਤ ਕਾਫਿਰਾਂ ਦੀ,
ਬੰਦਾ ਕਦੀ ਨ ਸਹੀ, ਬੰਦਾ ਬੇਕਾਰ ਹੁੰਦਾ।
ਗੁਰੂ, ਪੀਰ, ਫ਼ਕੀਰ ਨ ਔਲੀਏ ਸੀ ਸੋਹਣੇ ,
ਪਰ ਨੇਕ ਖਿਆਲੀਏ ਸਦਾ ਸ਼ੁਮਾਰ ਹੁੰਦਾ।

ਸੂਝ-ਸਿਆਣਪ ਨਾ ਹੀ ਬਜ਼ਾਰ ਵਿੱਕਦੇ,
ਨਹੀਂ ਤਾਂ ਸ਼ਰ-ਏ-ਬਜ਼ਾਰ ਵਿਪਾਰ ਹੁੰਦਾ।
ਨੇਕ ਨੀਅਤ ਬੰਦਾ ਸੋਚੇ ਭਲਾ ਸਭ ਦਾ,
ਪੱਕਾ ਬਚਨਾਂ ਦਾ ਸ਼ਾਹ-ਅਸਵਾਰ ਹੁੰਦਾ।

ਦਾਨਿਸ਼ਮੰਦ, ਹਮਦਰਦ ਜੇ ਬੇਕਸਾਂ ਦਾ,
ਗਰੀਬੀ ਵਿਚ ਵੀ ਉਹ ਸਰਦਾਰ ਹੁੰਦਾ।
ਲਿੰਕਨ, ਗਾਂਧੀ ਨਾਂਸੀ 'ਰਣਜੀਤ' ਸੋਹਣੇ,
ਪਰ ਮੁੱਲ ਸੀਰਤਾਂ ਦਾ ਨਿਸਤਾਰ ਹੁੰਦਾ।

ਪਾ ਗਏ ਪੂਰਨੇ ਧਰਤੀ ਦੀ ਹਿੱਕ 'ਤੇ ਜੋ,
ਵਾਰ-ਵਾਰ ਉਨ੍ਹਾਂ ਨੂੰ ਨਮਸਕਾਰ ਹੁੰਦਾ।
ਖ਼ੂਬਸੂਰਤ ਨਹੀਂ ਕਿਸੇ ਦੀ ਸ਼ਕਲ ਹੁੰਦੀ,
ਖ਼ੂਬਸੂਰਤ ਤਾਂ ਬੰਦੇ ਦਾ ਕਿਰਦਾਰ ਹੁੰਦਾ।

-ਸੇਵਾ ਸਿੰਘ "ਨੂਰਪੁਰੀ"
(Punjab Mail USA)



# ਵੋਟਾਂ ਲੈਣ ਫਿਰ ਆਏ ਲੀਡਰ

ਘਰ ਘਰ ਦੇ ਵਿਚ ਦੇਣ ਨੌਕਰੀ
ਫੇਰ ਦੁਬਾਰਾ ਆਏ ਲੀਡਰ।

ਵੋਟਾਂ ਲੈਕੇ ਤੁਰ ਗਏ ਸੀ ਜੋ
ਮੁੜਕੇ ਨਹੀਂ ਥਿਆਏ ਲੀਡਰ।

ਪੰਜ ਸਾਲ ਬੀਤ ਗਏ ਪੂਰੇ
ਭੁੱਲਗੇ ਖਾਧੀਆਂ ਕਸਮਾਂ ਨੂੰ

ਬਦਲ ਬਦਲ ਕੇ ਚਿਹਰੇ ਨੇ
ਰੰਗ ਪੱਗਾਂ ਦੇ ਬਦਲਾਏ ਲੀਡਰ।

ਬਿਜਲੀ ਪਾਣੀ ਮੁਫਤ ਕਰਾਂਗੇ
ਸਾਨੂੰ ਵੋਟਾਂ ਪਾ ਦੇਵੋ ਹੁਣ

ਪਲਾਟ ਦੇਣ ਲਈ ਪੰਜ ਪੰਜ ਮਰਲੇ
ਫਾਰਮ ਨਾਲ ਲਿਆਏ ਲੀਡਰ।

ਪੈਨਸ਼ਨ ਵੀ ਦੁੱਗਣੀ ਕਰ ਦੇਣੀ
ਵਿਧਵਾ ਅਤੇ ਬੁਢਾਪਾ ਜੋ

ਦੁਨੀਆਂ ਪਿੱਛੇ ਲੱਗੀ ਫਿਰਦੀ
ਸਬਜ਼ ਬਾਗ ਦਿਖਲਾਏ ਲੀਡਰ।

ਅਪਣੇ ਖਾਤਿਆਂ ਵਿਚ ਕਰੋੜਾਂ
ਅਰਬਾਂ ਡਾਲਰ ਜੋੜ ਲਏ

ਬੀਬੀਆਂ ਦੇ ਖਾਤਿਆਂ ਵਿਚ ਅੱਜ ਤੱਕ
ਇੱਕ ਹਜ਼ਾਰ ਨਾ ਪਾਏ ਲੀਡਰ।

ਕਿਸਾਨ ਮਜ਼ਦੂਰ ਹੁਣ ਹੋਏ ਸਿਆਣੇ
ਸੰਘਰਸ਼ ਹੱਕਾਂ ਲਈ ਕਰਦੇ ਰਹਿੰਦੇ

"ਗਿੱਲ ਮਲਕੀਤ" ਹੁਣ ਪਿੰਡਾਂ ਵਿਚੋਂ
ਲੋਕਾਂ ਵੇਖ ਭਜਾਏ ਲੀਡਰ।

-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ: 94174-90943
79865-28225
(Punjab Mail USA)



# 'ਖ਼ੁਸ਼ ਰਹੋ ਅਹਿਲੇ ਚਮਨ, ਹਮ ਤੋ ਚਮਨ ਛੋੜ ਚਲੇ'

## ਸਤਵੀਰ ਸਿੰਘ ਚਾਨੀਆਂ ਦੀ ਸੇਵਾ ਮੁਕਤੀ (18 ਚੇਤ 556) 'ਤੇ ਵਿਸ਼ੇਸ਼

ਸਤਵੀਰ ਸਿੰਘ ਹੁਰਾਂ ਦਾ ਜਨਮ ਸ. ਸਤਨਾਮ ਸਿੰਘ ਦਰਦੀ/ ਅਮਰਜੀਤ ਕੌਰ ਦੇ ਘਰ, ਨਕੋਦਰ ਤਹਿਸੀਲ ਦੇ ਪਿੰਡ ਚਾਨੀਆਂ ਵਿਚ 24 ਮਾਰਚ, 1966 ਨੂੰ ਹੋਇਆ। ਉਨ੍ਹਾਂ ਆਪਣੀ ਮੁੱਢਲੀ ਤਾਲੀਮ ਸਹਸ ਸ਼ੰਕਰ, ਸਹਸ ਚਾਨੀਆਂ ਅਤੇ ਗੁਰੂ ਗੋਬਿੰਦ ਸਿੰਘ ਕਾਲਜ ਜੰਡਿਆਲਾ ਮੰਜਕੀ ਤੋਂ ਪ੍ਰਾਪਤ ਕੀਤੀ। ਉਨ੍ਹਾਂ ਐੱਮ.ਏ. (ਇਤਿਹਾਸ, ਉਰਦੂ, ਅੰਗਰੇਜ਼ੀ) ਅੰਮ੍ਰਿਤਸਰ ਯੂਨੀਵਰਸਿਟੀ ਤੋਂ ਅਤੇ ਬੀ.ਐਡ, ਐੱਮ.ਐਡ ਅਤੇ ਜਰਨਲਿਜ਼ਮ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਪਾਸ ਕੀਤੀ। ਸਤਵੀਰ ਹੁਰਾਂ ਲੁਧਿਆਣਾ ਤੋਂ ਛੱਪਦੇ ਰਹੇ 'ਕੌਮਾਂਤਰੀ ਪੰਜ ਦਰਿਆ' ਮੈਗਜ਼ੀਨ ਵਿਚ ਬਤੌਰ ਉੱਪ ਸੰਪਦਾਕ ਵੀ ਕੰਮ ਕੀਤਾ। ਚਾਨੀਆਂ ਸਾਬ ਨੇ ਆਪਣਾ ਅਧਿਆਪਨ ਸਫ਼ਰ, ਬਤੌਰ ਸਮਾਜਿਕ/ਅੰਗਰੇਜ਼ੀ ਮਾਸਟਰ 1ਜਨਵਰੀ, 1998 ਨੂੰ ਸਕੰਸਸ ਬਿਲਗਾ-ਜਲੰਧਰ ਤੋਂ ਸ਼ੁਰੂ ਕਰਕੇ 2001 ਤੋਂ ਲਗਾਤਾਰ ਸਹਸ ਚੱਕ ਵੇਂਡਲ-ਜਲੰਧਰ ਵਿਚ ਆਪਣੀਆਂ ਸੇਵਾਵਾਂ ਦਿੱਤੀਆਂ। ਪਿੰਡ ਦੇ



ਮੋਹਤਬਰਾਂ, ਦਾਨੀ ਸੱਜਣਾਂ ਅਤੇ ਸਕੂਲ ਅਧਿਆਪਕਾਂ ਦੇ ਸਹਿਯੋਗ ਨਾਲ ਉਨ੍ਹਾਂ ਸਕੂਲ ਦੀ ਨੁਹਾਰ ਬਦਲਣ, ਕੰਪਲੈਕਸ ਨੂੰ ਹਰਾ-ਭਰਾ ਬਣਾਉਣ ਅਤੇ ਪੜ੍ਹਾਈ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕੰਮ ਕੀਤਾ। ਇਸ ਸਮੇਂ ਦੌਰਾਨ ਉਨ੍ਹਾਂ ਬਹੁਤਾ ਸਮਾਂ ਬਤੌਰ ਡੀ.ਡੀ.ਓ./ਇੰਚਾਰਜ ਵਜੋਂ ਕੰਮ ਸੇਵਾਵਾਂ ਦਿੱਤੀਆਂ। ਅਧਿਆਪਨ ਸਫ਼ਰ ਦੇ ਨਾਲ-ਨਾਲ ਉਨ੍ਹਾਂ ਆਪਣਾ ਕਲਮੀ ਸਫ਼ਰ ਵੀ ਜਾਰੀ ਰੱਖਿਆ। ਤਿੰਨ ਕਿਤਾਬਾਂ ਦੀ ਸੰਪਾਦਨਾ ਦੇ ਨਾਲ ਉਨ੍ਹਾਂ ਆਪਣੀ ਮੌਲਿਕ ਅਤੇ ਪਠੇਲੀ ਕਿਤਾਬ '1947 ਹਿਜਰਤ ਨਾਮਾ' ਵੀ ਪਬਲਿਸ਼ ਕੀਤੀ। ਫੁੱਟਕਲ ਲਿਖਤਾਂ ਦੇ ਨਾਲ ਉਚੇਚ ਹਿਜਰਤਨਾਮਾ ਦੇ ਲੇਖ ਅਖ਼ਬਾਰਾਂ ਵਿਚ ਲੜੀਵਾਰ ਛਪੇ। ਹਿੱਸਾ ਨਸ਼ਰ ਦੇ ਨਾਲ ਹਿੱਸਾ ਨਜ਼ਮ 'ਤੇ ਵੀ ਉਹ ਕਲਮ ਅਜ਼ਮਾਈ ਕਰਦੇ ਨੇ। ਚੰਗੇ ਵਕਤਾ ਅਤੇ ਵਾਤਾਵਰਣ ਪ੍ਰੇਮੀ ਵਜੋਂ ਜਾਣੇ ਜਾਂਦੇ ਚਾਨੀਆਂ ਸਾਬ ਬੇਦਾਗ਼ ਅਧਿਆਪਨ ਸੇਵਾ ਤੋਂ 18 ਚੇਤ 556 ਮੁਤਾਬਿਕ ਦਿਨ ਐਤਵਾਰ 31 ਮਾਰਚ 2024 ਨੂੰ ਸੇਵਾਮੁਕਤ ਹੋ ਰਹੇ ਹਨ।

# REALTY ONE GROUP

## FOR SALE & PURCHASE OF ANY KIND OF PROPERTY

## *Recently Sold Properties*


Caravaggio, Sacramento


Stroman, Sacramento


Mason Ct, Tracy


Windsong Dr, Tracy


Oak Valley Way, Stockton



Van Eych, Sacramento


Valenda Ct, Elk Grove


Rodfo Ct, Sacramento


Masters St, Elk Grove


Little Harbor Ct, Elk Grove


Bond Road, Elk Grove


Bond Road, Elk Grove



Gurjatinder S. Randhawa
REALTOR CA DRE licence # 01490567

## *New Listings*



Bradshaw Road, Elk Grove


Neutra Way, Elk Grove


Pawcatuck Way, Rancho Cordova

## Gurjatinder S. Randhawa

web: www.RealtorRandhawa.com

**916-320-9444**

garysingh123@yahoo.com